Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA



FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 896, 05 to 11 Mar., 2026, Ph: 916-320-9444, E-mail: punjabmailusa@yahoo.com, Web: punjabmailusa.com

## ਉੱਘੇ ਸਿੱਖ ਚਿੰਤਕ ਰਘਬੀਰ ਸਿੰਘ ਭਰੋਵਾਲ ਦੀ ਮੋਟਰਸਾਈਕਲ 'ਤੇ ਸੰਸਾਰ ਯਾਤਰਾ ਦੌਰਾਨ ਸੜਕ ਹਾਦਸੇ 'ਚ ਹੋਈ ਮੌਤ

**ਸਰੀ (ਕੈਨੇਡਾ), (ਪੰਜਾਬ ਮੇਲ)-** ਬਾਬਾ ਫ਼ਰੀਦ ਫਾਊਂਡੇਸ਼ਨ ਇੰਟਰਨੈਸ਼ਨ ਦੇ ਚੇਅਰਮੈਨ ਅਤੇ ਉੱਘੇ ਸਮਾਜ ਸੇਵੀ ਜਥੇਦਾਰ ਪ੍ਰੀਤਮ ਸਿੰਘ ਭਰੋਵਾਲ ਨੂੰ ਉਦੋਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ 44 ਸਾਲਾ ਸਪੁੱਤਰ ਰਘਬੀਰ ਸਿੰਘ ਭਰੋਵਾਲ ਦੀ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਰਘਬੀਰ ਸਿੰਘ ਭਰੋਵਾਲ ਪਿਛਲੇ ਲੰਮੇ ਸਮੇਂ ਤੋਂ ਮੋਟਰਸਾਈਕਲ 'ਤੇ ਸੰਸਾਰ ਭਰ ਦੀ ਯਾਤਰਾ ਕਰ ਰਹੇ ਸਨ। ਇਸੇ ਯਾਤਰਾ ਦੌਰਾਨ ਜਦੋਂ ਉਹ ਪੀਰੂ ਦੇਸ਼ ਵਿਖੇ ਪਹੁੰਚੇ, ਤਾਂ ਅਚਾਨਕ ਇਕ ਮੋੜ ਕੱਟਦਿਆਂ ਹੋਇਆਂ ਇਕ ਦਰਦਨਾਕ ਹਾਦਸਾ ਵਾਪਰਿਆ, ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ।

ਰਘਬੀਰ ਸਿੰਘ ਭਰੋਵਾਲ ਨੇ ਸੰਸਾਰ ਯਾਤਰਾ ਦੀ ਵੀਡੀਓ ਤਿੰਨ ਦਿਨ ਪਹਿਲਾਂ ਪਾਈ ਸੀ। ਇਸ ਮਗਰੋਂ



ਉਨ੍ਹਾਂ ਦਾ ਘਰਦਿਆਂ ਨਾਲ ਸੰਪਰਕ ਵੀ ਟੁੱਟ ਗਿਆ ਸੀ।

ਰਘਵੀਰ ਸਿੰਘ ਭਰੋਵਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਗ੍ਰੈਜੂਏਟ ਸਨ ਤੇ ਬਾਅਦ ਵਿਚ ਵਿੰਡਸਰ ਕੈਨੇਡਾ ਤੋਂ ਇਨ੍ਹਾਂ ਨੇ ਉਚੇਰੀ ਸਿੱਖਿਆ ਹਾਸਲ ਕੀਤੀ। ਰਘਬੀਰ ਸਿੰਘ ਭਰੋਵਾਲ ਪਿਛਲੇ ਲੰਮੇਂ ਸਮੇਂ ਤੋਂ ਆਪਣੇ ਪਰਿਵਾਰ ਨਾਲ ਕੈਨੇਡਾ ਵਿਖੇ ਰਹਿ ਰਹੇ ਸਨ। ਉਹ ਆਪਣੇ ਪਿੱਛੇ ਪਤਨੀ, ਦੋ ਧੀਆਂ ਅਤੇ ਇੱਕ ਸਪੁੱਤਰ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਏ ਹਨ।



ਰਘਬੀਰ ਸਿੰਘ ਭਰੋਵਾਲ ਇਕ ਸੱਚੇ-ਸੁੱਚੇ ਇਨਸਾਨ ਸਨ ਅਤੇ ਹਮੇਸ਼ਾ ਹੀ ਸੋਸ਼ਲ ਮੀਡੀਆ 'ਤੇ ਦੀਨ ਦੁਖੀਆਂ ਦੀ ਆਵਾਜ਼ ਉਠਾਉਂਦੇ ਰਹੇ। ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਰੱਖੀ। ਉਹ ਕਹਿਣੀ ਤੇ ਕਥਨੀ ਦੇ ਪੱਕੇ ਸਨ। ਕੈਨੇਡਾ ਵਿਚ ਉਹ ਇਮੀਗ੍ਰੇਸ਼ਨ ਨਾਲ ਸੰਬੰਧਤ ਕਾਰੋਬਾਰ ਕਰਦੇ ਸਨ ਅਤੇ ਆਮ ਲੋਕਾਂ ਵਿਚ ਉਨ੍ਹਾਂ ਦਾ ਕਾਫੀ ਪ੍ਰਭਾਵ ਸੀ।

ਉਨ੍ਹਾਂ ਦੇ ਪਿਤਾ ਜਥੇਦਾਰ ਪ੍ਰੀਤਮ ਸਿੰਘ ਭਰੋਵਾਲ ਵੀ ਪਿਛਲੇ ਲੰਮੇਂ ਸਮੇਂ ਤੋਂ ਸਿੱਖ ਰਾਜਨੀਤੀ 'ਚ ਸਰਗਰਮ ਹਨ। ਇਸ ਮੌਕੇ ਜਥੇਦਾਰ ਭਰੋਵਾਲ ਆਪਣੇ ਸ਼ਹਿਰ ਲੁਧਿਆਣਾ ਗਏ ਹੋਏ ਸਨ। ਇਹ ਮੰਦਭਾਗੀ ਖਬਰ ਉਨ੍ਹਾਂ ਨੂੰ ਉਥੇ ਹੀ ਮਿਲੀ ਹੈ। ਉਧਰੋਂ ਜੰਗ ਦੇ ਹਾਲਾਤ ਕਾਰਨ ਉਨ੍ਹਾਂ ਨੂੰ ਵਾਪਸ ਸਰੀ, ਕੈਨੇਡਾ ਆਉਣ ਲਈ ਫਲਾਈਟ ਲੈਣ ਵਿਚ ਮੁਸ਼ਕਲ ਆ ਰਹੀ ਹੈ, ਜਦਕਿ ਰਘਬੀਰ ਸਿੰਘ ਭਰੋਵਾਲ ਦੀ ਮ੍ਰਿਤਕ ਦੇਹ ਵੀ ਹਾਲੇ ਪੀਰੂ ਵਿਖੇ ਹੀ ਹੈ।

ਅਦਾਰਾ ਪੰਜਾਬ ਮੇਲ ਯੂ.ਐੱਸ.ਏ. ਵੱਲੋਂ ਰਘਬੀਰ ਸਿੰਘ ਭਰੋਵਾਲ ਦੀ ਇਸ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ। ਪੰਜਾਬ ਮੇਲ ਯੂ.ਐੱਸ.ਏ. ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਪਰਿਵਾਰ ਨਾਲ ਪਿਛਲੇ ਲੰਮੇ ਸਮੇਂ ਤੋਂ ਮੇਰੇ ਨਿੱਜੀ ਸੰਬੰਧ ਸਨ।

## ਇਜ਼ਰਾਈਲ-ਅਮਰੀਕਾ ਵੱਲੋਂ ਇਰਾਨ 'ਤੇ ਕੀਤੇ ਹਮਲਿਆਂ 'ਚ ਕਰੀਬ 800 ਲੋਕਾਂ ਦੀ ਮੌਤ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ-ਇਜ਼ਰਾਈਲ ਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ। ਇਕ ਪਾਸੇ ਇਰਾਨ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਰੋਕਣ ਲਈ ਇਜ਼ਰਾਈਲ ਤੇ ਅਮਰੀਕਾ ਪੂਰਾ ਜ਼ੋਰ ਲਗਾ ਰਹੇ ਹਨ, ਉੱਥੇ ਹੀ ਸੁਪਰੀਮ ਲੀਡਰ ਦੀ ਮੌਤ ਤੋਂ ਬਾਅਦ ਇਰਾਨ ਨੇ ਵੀ ਬਦਲਾ ਲੈਣ ਦਾ ਮਨ ਬਣਾ ਲਿਆ ਹੈ ਤੇ ਅਮਰੀਕਾ-ਇਜ਼ਰਾਈਲ ਦੇ ਹਮਲਿਆਂ ਦਾ ਮੂੰਹਤੋੜ ਜਵਾਬ ਦੇਣ ਲੱਗਾ ਹੈ ਤੇ ਨਾਲ ਹੀ ਅਮਰੀਕਾ ਦੇ ਸਾਥੀ ਅਰਬ ਦੇਸ਼ਾਂ 'ਤੇ ਵੀ ਹਮਲੇ ਕਰ ਰਿਹਾ ਹੈ।

ਇਜ਼ਰਾਈਲ ਅਤੇ ਅਮਰੀਕਾ ਦੇ ਹਵਾਈ ਹਮਲਿਆਂ 'ਚ ਇਰਾਨ ਵਿਚ ਹੁਣ ਤੱਕ 800 ਦੇ ਕਰੀਬ ਲੋਕਾਂ ਦੀ ਮੌਤ ਹੋਈ ਗਈ ਹੈ। ਇਹ ਜਾਣਕਾਰੀ ਇਰਾਨੀ ਰੈੱਡ ਕ੍ਰੀਸੈਂਟ ਸੋਸਾਇਟੀ ਨੇ ਸੋਸ਼ਲ ਸਾਈਟ 'ਐਕਸ' 'ਤੇ ਸਾਂਝੀ ਕੀਤੀ ਹੈ। ਸ਼ਨਿੱਚਰਵਾਰ ਨੂੰ ਕੀਤੇ ਗਏ ਹਮਲਿਆਂ ਵਿਚ ਇਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਾਮੇਨੇਈ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਇਰਾਨ ਨੇ ਜਵਾਬੀ ਕਾਰਵਾਈ ਸ਼ੁਰੂ ਕੀਤੀ। ਇਸ ਤਣਾਅ ਕਾਰਨ ਪੱਛਮੀ ਏਸ਼ੀਆ ਵਿਚ ਜੰਗ ਹੋਰ ਤੇਜ਼ ਹੋ ਗਈ ਹੈ।

ਬਾਕੀ ਖਬਰ ਸਫਾ 18 'ਤੇ

### ਕਈ ਵਿਸ਼ਵ ਨੇਤਾਵਾਂ ਵੱਲੋਂ ਟਰੰਪ ਦੇ ਈਰਾਨ ਹਮਲਿਆਂ ਦਾ ਸਮਰਥਨ

ਵ੍ਹਾਈਟ ਹਾਊਸ ਦੇ ਅਨੁਸਾਰ, ਕਈ ਦੇਸ਼ਾਂ ਦੇ ਨੇਤਾਵਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਈਰਾਨ ਵਿਰੁੱਧ ਸ਼ੁਰੂ ਕੀਤੇ ਗਏ ਫੌਜੀ ਮੁਹਿੰਮ "ਆਪ੍ਰੇਸ਼ਨ ਐਪਿਕ ਫਿਊਰੀ" ਦਾ ਸਮਰਥਨ ਕੀਤਾ ਹੈ। ਅਮਰੀਕਾ ਨੇ ਇਸ ਕਾਰਵਾਈ ਨੂੰ ਈਰਾਨ ਦੇ "ਤੁਰੰਤ ਪ੍ਰਮਾਣੂ ਖ਼ਤਰੇ" ਨੂੰ ਖਤਮ ਕਰਨ ਅਤੇ ਉਸ ਦੀਆਂ ਮਿਜ਼ਾਈਲ, ਜਲ ਸੈਨਾ ਅਤੇ ਸਹਿਯੋਗੀ ਫੌਜਾਂ ਨੂੰ ਕਮਜ਼ੋਰ ਕਰਨ ਲਈ ਜ਼ਰੂਰੀ ਦੱਸਿਆ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਈਰਾਨ ਦਹਾਕਿਆਂ ਤੋਂ ਮੱਧ ਪੂਰਬ ਵਿਚ ਅਸਥਿਰਤਾ ਪੈਦਾ ਕਰ ਰਿਹਾ ਹੈ। ਉਨ੍ਹਾਂ ਨੇ ਅਮਰੀਕਾ ਦੇ ਇਸ ਕਦਮ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਈਰਾਨ ਨੂੰ ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਤੋਂ ਰੋਕਣ ਲਈ ਇਹ ਜ਼ਰੂਰੀ ਸੀ। ਮਾਰਕ ਕਾਰਨੀ (ਕੈਨੇਡੀਅਨ ਪ੍ਰਧਾਨ ਮੰਤਰੀ) ਨੇ ਵੀ ਈਰਾਨ ਨੂੰ ਮੱਧ ਪੂਰਬ ਵਿਚ ਅਸਥਿਰਤਾ ਅਤੇ ਅੱਤਵਾਦ ਦਾ ਮੁੱਖ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਈਰਾਨ ਦਾ ਮਨੁੱਖੀ ਅਧਿਕਾਰਾਂ ਦਾ ਰਿਕਾਰਡ ਬਹੁਤ ਭਿਆਨਕ ਹੈ ਅਤੇ ਉਸਨੂੰ ਕਦੇ ਵੀ ਪ੍ਰਮਾਣੂ ਹਥਿਆਰ ਵਿਕਸਿਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਕੈਨੇਡਾ ਨੇ ਇਸ ਮੁੱਦੇ 'ਤੇ ਅਮਰੀਕਾ ਲਈ ਆਪਣਾ ਸਮਰਥਨ ਦੁਹਰਾਇਆ।

## ਅਮਰੀਕਾ 'ਚ 8 ਮਾਰਚ ਨੂੰ ਹੋਵੇਗੀ ਸਮੇਂ 'ਚ ਤਬਦੀਲੀ

### ਇਕ ਘੰਟਾ ਅੱਗੇ ਕਰਨਗੇ ਘੜੀਆਂ

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕੀ ਸਮੇਂ 'ਚ ਹਰ ਸਾਲ 2 ਵਾਰ ਤਬਦੀਲੀ ਕੀਤੀ ਜਾਂਦੀ ਹੈ। ਪਹਿਲਾਂ ਮਾਰਚ ਦੇ ਦੂਸਰੇ ਐਤਵਾਰ ਨੂੰ ਅਤੇ ਦੂਸਰੀ ਵਾਰ ਨਵੰਬਰ ਦੇ ਪਹਿਲੇ ਐਤਵਾਰ ਨੂੰ ਇੱਕ ਘੰਟੇ ਦੇ ਸਮੇਂ ਦੀ ਇਹ ਤਬਦੀਲੀ ਹੁੰਦੀ ਹੈ। ਯਾਨੀ ਕਿ ਘੜੀ ਦੀਆਂ ਸੂਈਆਂ ਮਾਰਚ ਦੇ ਦੂਜੇ ਐਤਵਾਰ ਨੂੰ ਅੱਗੇ ਕਰਨੀਆਂ ਪੈਂਦੀਆਂ ਹਨ, ਜਦਕਿ ਨਵੰਬਰ ਦੇ ਪਹਿਲੇ ਐਤਵਾਰ ਨੂੰ ਇਹ ਇੱਕ ਘੰਟਾ ਪਿੱਛੇ ਕਰਨੀਆਂ ਪੈਂਦੀਆਂ ਹਨ। ਇਸ ਵਾਰੀ ਸਮੇਂ ਦੀ ਇਹ ਤਬਦੀਲੀ 8 ਮਾਰਚ ਨੂੰ ਹੋਵੇਗੀ। ਉਸ ਦਿਨ ਸਮੂਹ ਅਮਰੀਕਾ ਨਿਵਾਸੀਆਂ ਨੂੰ ਆਪਣੀਆਂ ਘੜੀਆਂ ਦੀਆਂ ਸੂਈਆਂ ਇੱਕ ਘੰਟਾ ਅੱਗੇ ਕਰਨੀਆਂ ਪੈਣਗੀਆਂ। ਫਰਜ਼ ਕੀਤਾ ਕਿ ਜੇ ਤੁਹਾਡੀ ਘੜੀ ਵਿਚ ਤੜਕੇ ਸਵੇਰ ਦੇ 4 ਵੱਜੇ ਹੋਏ ਹਨ, ਤਾਂ ਉਸ ਨੂੰ 1 ਘੰਟੇ ਦਾ ਸਮਾਂ ਅੱਗੇ ਕਰਕੇ 5 ਵਜੇ ਸੈੱਟ ਕਰਨਾ ਪਵੇਗਾ।




## ਭਾਰਤੀ ਏਅਰਲਾਈਨਜ਼ ਵੱਲੋਂ ਮੱਧ ਪੂਰਬ ਲਈ 58 ਉਡਾਣਾਂ ਚਲਾਉਣ ਦੀ ਯੋਜਨਾ

### ਫਸੇ ਹੋਏ ਯਾਤਰੀਆਂ ਨੂੰ ਕੱਢਣ ਲਈ ਸਰਕਾਰ ਨੇ ਕੀਤੇ ਵਿਸ਼ੇਸ਼ ਪ੍ਰਬੰਧ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਨੇ ਮੱਧ ਪੂਰਬ ਵਿਚ ਚੱਲ ਰਹੀ ਜੰਗ ਦੌਰਾਨ ਦੱਸਿਆ ਕਿ ਭਾਰਤੀ ਏਅਰਲਾਈਨਜ਼ ਨੇ ਆਪਣੇ ਸ਼ਡਿਊਲ ਵਿਚ ਬਦਲਾਅ ਕੀਤੇ ਹਨ ਅਤੇ ਉਹ 4 ਮਾਰਚ (ਬੁੱਧਵਾਰ) ਨੂੰ 58 ਉਡਾਣਾਂ ਚਲਾਉਣ ਦੀ ਯੋਜਨਾ ਬਣਾ ਰਹੀਆਂ ਹਨ। ਇਹ ਫੈਸਲਾ ਉੱਥੇ ਫਸੇ ਭਾਰਤੀ ਯਾਤਰੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਅਤੇ ਜ਼ਰੂਰੀ ਆਵਾਜਾਈ ਨੂੰ ਬਹਾਲ ਕਰਨ ਲਈ ਲਿਆ ਗਿਆ ਹੈ। ਇਨ੍ਹਾਂ 58 ਉਡਾਣਾਂ ਵਿਚੋਂ 30 ਉਡਾਣਾਂ ਇੰਡੀਗੋ ਦੀਆਂ ਅਤੇ 23 ਉਡਾਣਾਂ ਏਅਰ ਇੰਡੀਆ ਤੇ ਏਅਰ ਇੰਡੀਆ ਐਕਸਪ੍ਰੈੱਸ ਦੀਆਂ ਹੋਣਗੀਆਂ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਦੱਸਿਆ ਕਿ ਜੰਗ ਕਾਰਨ ਕਈ ਦੇਸ਼ਾਂ ਦੇ ਹਵਾਈ ਰਸਤੇ ਬੰਦ ਹੋਣ ਕਾਰਨ ਹੁਣ ਤੱਕ ਭਾਰਤੀ ਏਅਰਲਾਈਨਜ਼ ਦੀਆਂ 1,221 ਅਤੇ



ਵਿਦੇਸ਼ੀ ਕੰਪਨੀਆਂ ਦੀਆਂ 388 ਉਡਾਣਾਂ ਰੱਦ ਹੋ ਚੁੱਕੀਆਂ ਹਨ। ਹਾਲਾਤ ਨੂੰ ਦੇਖਦੇ ਹੋਏ ਹੁਣ ਉਡਾਣਾਂ ਨੂੰ ਬਦਲਵੇਂ ਰਸਤਿਆਂ ਰਾਹੀਂ ਚਲਾਇਆ ਜਾ ਰਿਹਾ ਹੈ, ਤਾਂ ਕਿ ਖ਼ਤਰਨਾਕ ਇਲਾਕਿਆਂ ਤੋਂ ਬਚਿਆ ਜਾ ਸਕੇ। ਸਰਕਾਰ ਭਾਰਤੀ ਦੂਤਾਵਾਸਾਂ ਅਤੇ ਵਿਦੇਸ਼ੀ ਹਵਾਬਾਜ਼ੀ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿਚ ਹੈ, ਤਾਂ ਕਿ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਬਾਕੀ ਖਬਰ ਸਫਾ 18 'ਤੇ

## ਅਮਰੀਕਾ 'ਚ ਈਰਾਨ ਹਮਲੇ ਦੇ ਵਿਰੋਧ 'ਚ ਗੋਲੀਬਾਰੀ; ਭਾਰਤੀ ਵਿਦਿਆਰਥਣ ਸਮੇਤ 2 ਦੀ ਹੱਤਿਆ

### ਗੋਲੀਬਾਰੀ ਦੌਰਾਨ 14 ਹੋਰ ਜ਼ਖਮੀ

**ਟੈਕਸਾਸ, (ਪੰਜਾਬ ਮੇਲ)-** ਟੈਕਸਾਸ 'ਚ ਈਰਾਨੀ ਚਿੰਨ੍ਹ ਪਹਿਨੇ ਇੱਕ ਵਿਅਕਤੀ ਨੇ ਯੁੱਧ ਦੇ ਜਵਾਬ ਵਿਚ ਗੋਲੀਬਾਰੀ ਕੀਤੀ, ਜਿਸ ਵਿਚ ਇੱਕ ਭਾਰਤੀ ਮੂਲ ਦੇ ਵਿਦਿਆਰਥੀ ਦੇ ਨਾਲ ਇੱਕ ਹੋਰ ਵਿਦਿਆਰਥੀ ਦੀ ਮੌਤ ਹੋ ਗਈ। ਅਮਰੀਕੀ ਅਧਿਕਾਰੀਆਂ ਨੇ ਐਤਵਾਰ ਤੜਕੇ ਆਸਟਿਨ ਵਿਚ ਹੋਈ ਗੋਲੀਬਾਰੀ ਵਿਚ ਮਾਰੇ ਗਏ ਦੋ ਲੋਕਾਂ ਵਿਚੋਂ ਇੱਕ ਸਵਿਤਾ ਸ਼ਾਨ ਦੀ ਪਛਾਣ ਕੀਤੀ। ਗੋਲੀਬਾਰੀ ਵਿਚ ਚੌਦਾਂ ਹੋਰ ਵੀ ਜ਼ਖਮੀ ਹੋਏ ਹਨ।

ਅਧਿਕਾਰੀਆਂ ਨੇ ਕਿਹਾ ਕਿ



ਹਮਲਾਵਰ ਸ਼ੇਨੇਗਲ ਤੋਂ ਇੱਕ ਪ੍ਰਵਾਸੀ ਸੀ, ਜਿਸਨੇ ਈਰਾਨੀ ਝੰਡੇ ਅਤੇ "ਅੱਲ੍ਹਾ ਦੀ ਜਾਇਦਾਦ" ਸ਼ਬਦਾਂ ਵਾਲੀ ਟੀ-ਸ਼ਰਟ ਪਾਈ ਹੋਈ ਸੀ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ ਕਾਰਜਕਾਰੀ ਸਪੈਸ਼ਲ ਏਜੰਟ ਐਲੇਕਸ ਡੋਰਨ ਨੇ ਕਿਹਾ ਕਿ ਅਜਿਹੇ ਸੰਕੇਤ ਮਿਲੇ ਹਨ ਕਿ 53 ਸਾਲਾ ਹਮਲਾਵਰ, ਨਡਿਆਗਾ ਡਾਇਗਨ ਦੇ "ਅੱਤਵਾਦ ਨਾਲ ਸਬੰਧ" ਸਨ ਅਤੇ ਜਾਂਚ ਜਾਰੀ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ਨੀਵਾਰ ਨੂੰ ਈਰਾਨ 'ਤੇ ਬੰਬਾਰੀ ਸ਼ੁਰੂ ਕਰਨ ਤੋਂ ਬਾਅਦ ਅੱਤਵਾਦ ਦੇ ਡਰ ਕਾਰਨ ਪੂਰੇ ਅਮਰੀਕਾ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ।

ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨੇ ਸੋਸ਼ਲ ਮੀਡੀਆ ਸਾਈਟ ਐਕਸ 'ਤੇ ਲਿਖਿਆ ਕਿ ਉਨ੍ਹਾਂ ਨੇ ਅੱਤਵਾਦ ਵਿਰੋਧੀ ਅਤੇ ਖੁਫੀਆ ਟੀਮਾਂ ਨੂੰ ਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਹਨ।

## ਪੰਜਾਬ ਸਿਰ ਹੁਣ ਕਰਜ਼ੇ ਦਾ ਬੋਝ 4 ਲੱਖ ਕਰੋੜ ਤੋਂ ਪਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਸਿਰ ਹੁਣ ਕਰਜ਼ੇ ਦਾ ਬੋਝ 4 ਲੱਖ ਕਰੋੜ ਨੂੰ ਛੂਹ ਗਿਆ ਹੈ। ਅਪ੍ਰੈਲ 2025 ਤੋਂ ਜਨਵਰੀ 2026 ਦਰਮਿਆਨ ਸੂਬਾ ਸਰਕਾਰ ਨੇ 20769.63 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ, ਜਿਸ ਮਗਰੋਂ ਪੰਜਾਬ ਸਿਰ ਕਰਜ਼ਾ ਵੱਧ ਕੇ 4.03 ਲੱਖ ਕਰੋੜ ਹੋ ਗਿਆ ਹੈ; ਹਾਲਾਂਕਿ ਜ਼ਿਆਦਾਤਰ ਕਰਜ਼ਿਆਂ ਦਾ ਸਬੰਧ ਵਿਰਾਸਤੀ ਕਰਜ਼ੇ ਦੀ ਅਦਾਇਗੀ ਜਾਂ ਦਹਾਕਿਆਂ ਤੋਂ ਇਕੱਠੇ ਹੋਏ ਕਰਜ਼ਿਆਂ ਦੀ ਅਦਾਇਗੀ ਨਾਲ ਰਿਹਾ ਹੈ। ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ ਕਰਜ਼ਾ ਵਧ ਕੇ 4.17 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ।



### ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਕਰਜ਼ਾ ਵਧ ਕੇ 4.17 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ

31 ਮਾਰਚ, 2025 ਤੱਕ ਪੰਜਾਬ 'ਤੇ 3.83 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਕੁੱਲ ਘਰੇਲੂ ਉਤਪਾਦ ਦਾ 44 ਫ਼ੀਸਦੀ ਤੋਂ ਵੱਧ ਬਣਦਾ ਹੈ। ਜਦੋਂ 'ਆਪ' ਸਰਕਾਰ ਨੇ ਹਕੂਮਤ ਸੰਭਾਲੀ ਸੀ, ਤਾਂ ਉਸ ਸਮੇਂ ਸੂਬੇ 'ਤੇ 2.82 ਕਰੋੜ ਰੁਪਏ ਦਾ ਕਰਜ਼ਾ ਸੀ। ਉਸ ਤੋਂ ਪਹਿਲਾਂ ਜਦੋਂ ਕਾਂਗਰਸ ਨੇ ਸੱਤਾ ਸੰਭਾਲੀ ਸੀ, ਤਾਂ 2017-18 'ਚ ਪੰਜਾਬ 'ਤੇ ਕਰਜ਼ਾ 1.82 ਲੱਖ ਕਰੋੜ ਰੁਪਏ ਸੀ। 2007-08 'ਚ ਪੰਜਾਬ 'ਤੇ 55,982 ਕਰੋੜ ਦਾ ਕਰਜ਼ਾ ਸੀ। 1952 'ਚ ਸਾਂਝੇ ਪੰਜਾਬ 'ਤੇ 78.31 ਕਰੋੜ ਰੁਪਏ ਦਾ ਕਰਜ਼ਾ ਸੀ, ਜੋ 1964 'ਚ ਵਧ ਕੇ 300 ਕਰੋੜ ਰੁਪਏ ਹੋ ਗਿਆ। ਪੰਜਾਬ 'ਚ ਕਾਲੇ ਦੌਰ ਦੌਰਾਨ ਕਰਜ਼ੇ ਦਾ ਜਾਲ ਵਧਿਆ। ਕੇਂਦਰ ਸਰਕਾਰ ਨੇ ਬੇਸ਼ੱਕ ਕੁਝ ਕਰਜ਼ਾ ਮੁਆਫ਼ ਵੀ ਕਰ ਦਿੱਤਾ ਸੀ ਪਰ ਉਹ ਕਾਫ਼ੀ ਨਹੀਂ ਸੀ। ਵਿੱਤ ਮੰਤਰੀ ਹਰਪਾਲ ਚੀਮਾ ਨੇ ਦੱਸਿਆ ਕਿ ਭਾਵੇਂ ਸੂਬੇ ਦਾ ਕਰਜ਼ਾ ਹੁਣ 4 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਿਆ ਹੈ ਪਰ ਸਰਕਾਰ ਹੁਣ ਜ਼ਿਆਦਾਤਰ ਕਰਜ਼ਾ ਪਿਛਲੇ ਸਮਿਆਂ 'ਚ ਲਏ ਕਰਜ਼ੇ ਦੀ ਅਦਾਇਗੀ ਲਈ ਚੁੱਕਣ ਵਾਸਤੇ ਮਜਬੂਰ ਹੈ।

ਬਾਕੀ ਖਬਰ ਸਫਾ 18 'ਤੇ

# APCA
AMERICAN PETROLEUM AND CONVENIENCE STORE ASSOCIATION

*APCA is a non-profit grassroots, membership based community organization providing representation for small to medium sized enterprises.*

# 12th Annual Trade Show

## Thursday April 9, 2026, 12:30 pm- 5:30 pm

at Sunrise Banquet Halls & Event Center
620 Orange Dr, Vacaville, CA 95687







*Scan the QR code to register for the upcoming trade show. It only takes a minute, and you're all set to join us!*

Scan to Register

ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ
**ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

Copyright @ Punjab Mail USA

## *AMERICAN PETROLEUM AND CONVENIENCE STORE ASSOCIATION Presents*



# *Golf Tournament 2026*

*Supporting non- Profits*

## Children's Miracle Network

**Wednesday, April 8th, 2026**

*Chardonnay Golf Course, Napa County, CA 94503*

*This is a popular event, sells out quickly, please RSVP ASAP*





*For More Information*

**KEWAL KRISHAN: 510-290-7144 | kewal@apca.us**

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ

# SIKH YOUTH SYMPOSIUM

## IN BAKERSFIELD







*Our Pleasure To Announce That Year 2026 Local Sikh Youth Symposium is Taking Place*

***June 6 Saturday 9am***

*at Gurdwara Angad Darbar*

*8100 Stine Road, Bakersfield, CA 93313*

*Symposium will include sikh history, speeches, Kirtan & discussion. In order to honor our youth*

**Please join this International event and expand your net working with your children and family**

**For any information contact 661-827-1033**

Designed By Punjab Mail USA

**Space Sponsored by : Dr. Manbir Singh, Bakersfield, 661-900-5675**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦ ਵਿਦਿਆਰਥਣਾਂ ਨੂੰ ਦਿੱਤੀ ਵਿੱਤੀ ਸਹਾਇਤਾ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਕਾਲਰਸ਼ਿਪ ਸਕੀਮ ਤਹਿਤ ਲੋੜਵੰਦ ਵਿਦਿਆਰਥੀਆਂ ਦੀ ਵੱਡੀ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ, ਤਾਂ ਜੋ ਇਹ ਵਿਦਿਆਰਥੀ ਆਪਣਾ ਪੜ੍ਹਾਈ ਦਾ ਸੁਪਨਾ ਪੂਰਾ ਕਰ ਸਕਣ।

ਅਰਵਿੰਦਰ ਪਾਲ ਸਿੰਘ ਚਾਹਲ ਬੁੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਵਿਚ ਹੁਣ ਤੱਕ ਵੱਡੀ ਗਿਣਤੀ ਵਿਚ ਲੜਕੇ ਲੜਕੀਆਂ ਇਸ ਦਾ ਲਾਭ ਲੈ ਚੁੱਕੇ ਹਨ। ਆਰਥਿਕ ਤੌਰ 'ਤੇ ਕਮਜ਼ੋਰ ਪਰ ਪੜ੍ਹਾਈ ਵਿਚ ਹੁਸ਼ਿਆਰ, ਪੜ੍ਹਾਈ ਜਾਰੀ ਰੱਖਣ ਦੇ ਚਾਹਵਾਨ ਵਿਦਿਆਰਥੀਆਂ ਲਈ ਜਿੱਥੇ ਟਰੱਸਟ ਮਦਦ ਕਰ ਰਿਹਾ ਹੈ, ਉੱਥੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਇੱਕ ਹੋਰ ਇਤਿਹਾਸਕ ਫੈਸਲਾ ਕੀਤਾ ਹੈ ਕਿ ਜਿਸ ਵਿਦਿਆਰਥੀ ਦੇ ਮਾਤਾ-ਪਿਤਾ ਨਹੀਂ ਹਨ ਜਾਂ ਦੋਨਾਂ ਵਿਚੋਂ ਇੱਕ ਹੈ, ਟਰੱਸਟ ਉਨ੍ਹਾਂ ਵਿਦਿਆਰਥੀਆਂ ਨੂੰ ਮੁਫ਼ਤ ਪੜ੍ਹਾਈ ਕਰਵਾਏਗਾ, ਸ਼ਰਤ ਕਿ ਵਿਦਿਆਰਥੀ ਹਰ ਕਲਾਸ ਵਿਚ ਪਾਸ ਹੋਣ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਦਿਨੀਂ 2 ਪੜ੍ਹਾਈ ਵਿਚ ਹੁਸ਼ਿਆਰ ਵਿਦਿਆਰਥਣਾਂ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਵਿੱਤੀ ਸਹਾਇਤਾ ਲਈ ਬੇਨਤੀ ਕੀਤੀ ਗਈ ਸੀ। ਡਾਕਟਰ ਓਬਰਾਏ ਵਲੋਂ ਤੁਰੰਤ ਹੀ ਪ੍ਰਵਾਨਗੀ ਦਿੱਤੀ ਅਤੇ 18000 ਰੁਪਏ ਦਿੱਤੇ ਗਏ, ਤਾਂ ਜੋ ਇਹ ਲੜਕੀਆਂ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕਰ ਸਕਣ।



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਹਰਭਗਵਾਨ ਸਿੰਘ ਖੱਪਿਆਂਵਾਲੀ ਵਾਲੀ, ਕਾਲਾ ਖੱਪਿਆਂਵਾਲੀ ਆਦਿ ਹਾਜ਼ਰ ਸਨ।

# ਉਜਾਗਰ ਸਿੰਘ ਦੀ ਪੁਸਤਕ 'ਪਿੰਡ ਕੱਦੋਂ ਦੇ ਵਿਰਾਸਤੀ ਰੰਗ' ਲੋਕ ਅਰਪਣ

ਪਟਿਆਲਾ, (ਪੰਜਾਬ ਮੇਲ)- ਪਿੰਡ ਕਿਸੇ ਕੌਮ ਦਾ ਸਰਮਾਇਆ ਹੁੰਦੇ ਹਨ, ਕਿਉਂਕਿ ਪਿੰਡ ਕੌਮ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ, ਰਹਿਤਲ, ਭਾਈਚਾਰਾ, ਰਸਮ ਰਿਵਾਜ਼, ਪ੍ਰੰਪਰਾਵਾਂ ਅਤੇ ਕਦਰਾਂ-ਕੀਮਤਾਂ ਦੇ ਪਹਿਰੇਦਾਰ ਬਣਦੇ ਹਨ। ਬਿਲਕੁਲ ਇਸੇ ਤਰ੍ਹਾਂ ਪਿੰਡ ਕੱਦੋਂ ਦਾ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਵਿਰਸਾ ਅਮੀਰ ਹੈ। ਇਸ ਪਿੰਡ ਦੇ ਵਾਸੀਆਂ ਨੇ ਸੰਸਾਰ ਵਿਚ ਵਿਲੱਖਣ ਪ੍ਰਾਪਤੀਆਂ ਕਰਕੇ ਆਪਣੀ ਅਮੀਰ ਵਿਰਾਸਤ ਨੂੰ ਚਾਰ ਚੰਨ੍ਹ ਲਾਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਕੱਦੋਂ ਦੇ ਜੀਵਤ ਸਭ ਤੋਂ ਸੀਨੀਅਰ ਮੈਂਬਰ ਮਾਸਟਰ ਗੁਰਦੇਵ ਸਿੰਘ ਨੇ ਉਜਾਗਰ ਸਿੰਘ ਦੀ 'ਪਿੰਡ ਕੱਦੋਂ ਦਾ ਵਿਰਾਸਤੀ ਰੰਗ' ਪੁਸਤਕ ਨੂੰ 38ਵੇਂ ਕਬੱਡੀ ਕੱਪ ਦੇ ਇਨਾਮ ਵੰਡ ਸਮਾਰੋਹ ਵਿਚ ਲੋਕ ਅਰਪਣ ਕਰਨ ਤੋਂ ਬਾਅਦ ਕੀਤਾ। ਉਨ੍ਹਾਂ ਅੱਗੋਂ ਕਿਹਾ ਇਸ ਪੁਸਤਕ ਵਿਚ ਪਿੰਡ ਕੱਦੋਂ ਦੇ ਸੱਭਿਆਚਾਰ ਦੇ ਰਖਵਾਲੇ ਜਸਵਿੰਦਰ ਸਿੰਘ ਭੱਲਾ, ਜੀਤ ਕੱਦੋਂਵਾਲਾ, ਮਨਪ੍ਰੀਤ ਅਖ਼ਤਰ ਅਤੇ ਰਮਨ ਕੱਦੋਂ, ਵਰਗੇ ਕਲਾਕਾਰਾਂ, ਗੀਤਕਾਰਾਂ, ਗਾਇਕਾਂ ਅਤੇ ਅਦਾਕਾਰਾਂ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਗਿਆ ਹੈ। ਪਿੰਡ ਕੱਦੋਂ ਦੇ ਵਿਅਕਤੀ ਡਾਕਟਰ, ਵਕੀਲ, ਜੱਜ, ਪ੍ਰੋਫ਼ੈਸਰ, ਵਿਓਪਾਰੀ, ਉਦਮੀ, ਖੇਤੀਬਾੜੀ ਮਾਹਰ, ਸਪੋਰਟਸਮੈਨ, ਆਰਥਿਕ ਮਾਹਿਰ, ਵਾਤਾਵਰਨ ਪ੍ਰੇਮੀ, ਸਮਾਜ ਸੇਵਕ, ਚੋਟੀ ਦੇ ਕਲਾਕਾਰ, ਗਾਇਕ ਅਤੇ ਹੋਏ ਹਨ, ਜਿਨ੍ਹਾਂ ਨੇ ਆਪਣੀਆਂ ਵਿਲੱਖਣ ਪ੍ਰਾਪਤੀਆਂ ਕਰਕੇ ਪਿੰਡ ਦਾ ਨਾਮ ਸੰਸਾਰ ਵਿਚ ਰੌਸ਼ਨ ਕੀਤਾ ਹੈ। ਇਸ ਪਿੰਡ ਦੇ ਕਿਸਾਨਾਂ ਨੇ ਰਵਾਇਤੀ ਫ਼ਸਲਾਂ ਦੀ ਥਾਂ ਡਾਈਵਰਸੀਫੀਕੇਸ਼ਨ ਨੂੰ ਤਰਜੀਹ ਦਿੱਤੀ ਹੈ। ਪਿੰਡ ਕੱਦੋਂ ਆਪਣੀ ਬੁੱਕਲ ਵਿਚ ਪੁਰਾਤਨ ਵਿਰਾਸਤੀ ਇਤਿਹਾਸ ਨੂੰ ਸੰਭਾਲੀ ਬੈਠਾ ਹੈ। ਇਹ ਪੁਸਤਕ ਪਿੰਡਾਂ ਦੀ ਰਹਿਣੀ-ਬਹਿਣੀ ਦਾ ਇਤਿਹਾਸਕ ਦਸਤਾਵੇਜ਼ ਬਣ ਗਈ ਹੈ। ਇਸ ਮੌਕੇ 'ਤੇ ਕਬੱਡੀ ਕੱਪ ਦੇ ਪ੍ਰਧਾਨ ਸੁਰਜੀਤ ਸਿੰਘ ਮੁੰਡੀ, ਮੇਵਾ ਸਿੰਘ ਮੁੰਡੀ ਐੱਨ.ਆਰ.ਆਈ. ਐਡਵੋਕੇਟ ਪਰਮਜੀਤ ਸਿੰਘ ਮੁੰਡੀ, ਰਣਜੀਤ ਸਿੰਘ, ਦਿਲਬਾਗ ਸਿੰਘ ਪੋਲਾ ਸਾਬਕਾ ਚੇਅਰਮੈਨ, ਸਬ ਇੰਸਪੈਕਟਰ ਸੁਰਜੀਤ ਸਿੰਘ, ਸੂਬੇਦਾਰ ਮਲਕੀਤ ਸਿੰਘ, ਰਾਜਵੀਰ ਸਿੰਘ ਮੁੰਡੀ, ਤਨਵੀਰ ਸਿੰਘ ਮੁੰਡੀ, ਦਵਿੰਦਰ ਸਿੰਘ ਮੁੰਡੀ, ਗਗਨ ਮੁੰਡੀ ਅਤੇ ਰਾਜਵੀਰ ਸਿੰਘ ਠੇਕਦਾਰ ਆਦਿ ਲੋਕ ਅਰਪਣ ਵਿਚ ਸ਼ਾਮਲ ਸਨ। ਉਜਾਗਰ ਸਿੰਘ ਨੇ ਪਿੰਡ ਕੱਦੋਂ ਦੇ ਨਿਵਾਸੀਆਂ ਦਾ ਧੰਨਵਾਦ ਕੀਤਾ।



ਮਾਸਟਰ ਗੁਰਦੇਵ ਸਿੰਘ ਤੇ ਪਿੰਡ ਦੇ ਪਤਵੰਤੇ ਪੁਸਤਕ ਲੋਕ ਅਰਪਣ ਕਰਦੇ ਹੋਏ।

# ਪਤੀ ਵੱਲੋਂ ਕੈਨੇਡਾ ਗਈ ਪਤਨੀ ਵਿਰੁੱਧ ਧੋਖਾਧੜੀ ਦਾ ਕੇਸ ਦਰਜ

## 35 ਲੱਖ ਰੁਪਏ ਲਾ ਕੈਨੇਡਾ ਭੇਜੀ ਪਤਨੀ ਨੇ ਬਦਲਿਆ ਰੰਗ

ਨਵਾਂਸ਼ਹਿਰ, (ਪੰਜਾਬ ਮੇਲ)- ਕੈਨੇਡਾ ਜਾਣ ਦੇ ਚਾਹਵਾਨ ਇਕ ਨੌਜਵਾਨ ਨਾਲ ਉਸ ਦੀ ਪਤਨੀ ਵੱਲੋਂ 35 ਲੱਖ ਰੁਪਏ ਦੀ ਧੋਖਾਦੇਹੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਕਰਾਰ ਮੁਤਾਬਕ ਪਤੀ ਨੂੰ ਵਿਦੇਸ਼ ਨਾ ਬੁਲਾਉਣ ਅਤੇ ਧੋਖਾ ਦੇਣ ਦੇ ਦੋਸ਼ ਹੇਠ ਲੜਕੀ ਅਤੇ ਉਸ ਦੇ ਭਰਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਐੱਸ.ਐੱਸ.ਪੀ. ਨੂੰ ਦਿੱਤੀ ਸ਼ਿਕਾਇਤ 'ਚ ਸਾਹਿਲ ਪੁੱਤਰ ਗੁਰਪਾਲ ਰਾਮ ਵਾਸੀ ਪਿੰਡ ਕਮਾਮ ਨੇ ਦੱਸਿਆ ਕਿ ਉਹ ਕੈਨੇਡਾ ਜਾਣ ਦਾ ਇੱਛੁਕ ਸੀ। ਇਸ ਸਬੰਧੀ ਉਸ ਨੇ ਆਪਣੇ ਇਕ ਰਿਸ਼ਤੇਦਾਰ ਰਾਹੀਂ ਰਵਿੰਦਰ ਕੌਰ ਪੁੱਤਰੀ ਬ੍ਰਿਜ ਲਾਲ ਵਾਸੀ ਫਿਲੌਰ ਦੇ ਪਰਿਵਾਰ ਨਾਲ ਰਿਸ਼ਤੇ ਸਬੰਧੀ ਗੱਲ ਕੀਤੀ, ਜੋ ਕੈਨੇਡਾ ਜਾਣਾ ਚਾਹੁੰਦੀ ਸੀ ਪਰ ਪੈਸੇ ਦੀ ਘਾਟ ਸੀ। ਦੋਵਾਂ ਪਰਿਵਾਰਾਂ 'ਚ ਇਹ ਤੈਅ ਹੋਇਆ ਕਿ ਸਾਹਿਲ ਸਾਰਾ ਖਰਚਾ ਕਰੇਗਾ ਅਤੇ ਬਦਲੇ 'ਚ ਰਵਿੰਦਰ ਕੌਰ ਉਸ ਨੂੰ ਕੈਨੇਡਾ ਬੁਲਾਵੇਗੀ। ਇਸੇ ਸਬੰਧ 'ਚ 21 ਅਕਤੂਬਰ 2019 ਨੂੰ ਦੋਵਾਂ ਦਾ ਵਿਆਹ ਹੋ ਗਿਆ।

ਸਾਹਿਲ ਨੇ ਦੱਸਿਆ ਕਿ ਉਸ ਦੇ ਪਰਿਵਾਰ ਨੇ ਰਵਿੰਦਰ ਕੌਰ ਦੀ ਆਈਲੈਟਸ ਦੀ ਫੀਸ ਤੋਂ ਲੈ ਕੇ ਕੈਨੇਡਾ ਜਾਣ ਤੱਕ ਦਾ ਸਾਰਾ ਖਰਚਾ ਚੁੱਕਿਆ। ਇਸ ਦੌਰਾਨ ਲਗਭਗ 8.54 ਲੱਖ ਰੁਪਏ ਫੀਸ, 5.65 ਲੱਖ ਰੁਪਏ ਜੀ.ਆਈ.ਸੀ., 1 ਲੱਖ ਰੁਪਏ ਦੀਆਂ ਟਿਕਟਾਂ ਅਤੇ ਹੋਰ ਖਰੀਦਦਾਰੀ ਸਮੇਤ ਲੱਖਾਂ ਰੁਪਏ ਖਰਚ ਕੀਤੇ ਗਏ। ਵਿਦੇਸ਼ ਪਹੁੰਚਣ ਤੋਂ ਬਾਅਦ ਵੀ ਸਾਹਿਲ ਨੇ ਅਗਲੇ ਸਮੈਸਟਰਾਂ ਦੀ ਫੀਸ ਅਤੇ ਵਰਕ ਪਰਮਿਟ ਲਈ ਪੈਸੇ ਭੇਜੇ।

ਪਤੀ ਨੇ ਦੋਸ਼ ਲਾਇਆ ਕਿ ਜਦੋਂ ਉਸ ਦੀ ਪਤਨੀ ਨੇ ਉਸ ਨੂੰ ਸਪਾਂਸਰਸ਼ਿਪ ਭੇਜੀ, ਤਾਂ ਇਕ ਸਾਜ਼ਿਸ਼ ਤਹਿਤ ਅੰਬੈਸੀ 'ਚ ਗਲਤ ਦਸਤਾਵੇਜ਼ ਲਾ ਦਿੱਤੇ ਗਏ, ਤਾਂ ਜੋ ਉਸ ਦਾ ਵੀਜ਼ਾ ਰੱਦ ਹੋ ਜਾਵੇ। ਲਗਭਗ 35 ਲੱਖ ਰੁਪਏ ਖਰਚਣ ਦੇ ਬਾਵਜੂਦ ਪਤਨੀ ਨੇ ਉਸ ਨੂੰ ਵਿਦੇਸ਼ ਨਹੀਂ ਬੁਲਾਇਆ। ਐੱਸ.ਪੀ. ਪੱਧਰ ਦੇ ਅਧਿਕਾਰੀ ਵੱਲੋਂ ਕੀਤੀ ਪੜਤਾਲ ਤੋਂ ਬਾਅਦ ਥਾਣਾ ਸਦਰ ਬੰਗਾ ਦੀ ਪੁਲਿਸ ਨੇ ਰਵਿੰਦਰ ਕੌਰ ਅਤੇ ਉਸ ਦੇ ਭਰਾ ਜਤਿੰਦਰ ਕੁਮਾਰ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੂੰ ਸੁਖਬੀਰ ਬਾਦਲ ਨਾਲ ਚਾਹ ਦਾ ਕੱਪ ਸਾਂਝਾ ਕਰਨਾ ਪਿਆ ਮਹਿੰਗਾ

## ਪੰਜਾਬ ਸਰਕਾਰ ਨੇ ਗਿੱਪੀ ਗਰੇਵਾਲ ਦੀ ਸੁਰੱਖਿਆ ਛੱਤਰੀ ਹਟਾਈ



ਬਠਿੰਡਾ, (ਪੰਜਾਬ ਮੇਲ)-ਪੰਜਾਬ ਦੇ ਪ੍ਰਸਿੱਧ ਗਾਇਕ ਅਤੇ ਫ਼ਿਲਮ ਅਦਾਕਾਰ ਗਿੱਪੀ ਗਰੇਵਾਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਚਾਹ ਦਾ ਕੱਪ ਸਾਂਝਾ ਕਰਨਾ ਮਹਿੰਗਾ ਪਿਆ ਹੈ, ਕਿਉਂਕਿ ਇਸ ਦੀ ਭਿਣਕ ਪੈਂਦਿਆਂ ਹੀ ਪੰਜਾਬ ਸਰਕਾਰ ਨੇ ਗਿੱਪੀ ਦੀ ਸੁਰੱਖਿਆ ਛੱਤਰੀ ਹਟਾ ਦਿੱਤੀ ਹੈ। ਇਸ ਦੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਜਨਤਕ ਤੌਰ 'ਤੇ ਪੁਸ਼ਟੀ ਕੀਤੀ ਹੈ।

ਜਾਣਕਾਰੀ ਅਨੁਸਾਰ ਗਿੱਪੀ ਗਰੇਵਾਲ ਆਪਣੀ ਕਿਸੇ ਫ਼ਿਲਮ ਦੇ ਸਿਲਸਿਲੇ ਵਿਚ ਬੀਤੇ ਦਿਨੀਂ ਪੰਜਾਬ ਆਇਆ ਹੋਇਆ ਸੀ, ਜਿਸ ਨੇ ਪਿੰਡ ਬਾਦਲ ਰਾਹੀਂ ਅੱਗੇ ਹਰਿਆਣਾ ਵੱਲ ਨੂੰ ਜਾਣਾ ਸੀ, ਤਾਂ ਇਸ ਦੌਰਾਨ ਉਨ੍ਹਾਂ ਨੇ ਬਾਦਲ ਪਰਿਵਾਰ ਦਾ ਘੋੜਿਆਂ ਦਾ ਤਬੇਲਾ ਦੇਖਣ ਦੀ ਇੱਛਾ ਪ੍ਰਗਟ ਕੀਤੀ ਅਤੇ ਉਹ ਬਾਦਲ ਹਾਊਸ ਚਲੇ ਗਏ, ਜਿਥੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਚਾਹ ਦੀ ਚੁਸਕੀ ਵੀ ਲਈ ਪਰ ਜਿਉਂ ਹੀ ਇਹ ਗੱਲ ਬਾਹਰ ਨਿਕਲੀ ਅਤੇ ਪੰਜਾਬ ਸਰਕਾਰ ਤੱਕ ਪੁੱਜੀ, ਤਾਂ ਸਰਕਾਰ ਨੇ ਗਿੱਪੀ ਗਰੇਵਾਲ ਦੀ ਸੁਖਬੀਰ ਨਾਲ ਮਿਲਣੀ ਨੂੰ ਸਿਆਸੀ ਨਜ਼ਰੀਏ ਤੋਂ ਦੇਖਦੇ ਹੋਏ ਹਜ਼ਮ ਨਹੀਂ ਕੀਤਾ ਤੇ ਕੁਝ ਘੰਟਿਆਂ ਅੰਦਰ ਹੀ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ। ਇਸ ਦੀ ਬਿਕਰਮ ਸਿੰਘ ਮਜੀਠੀਆ ਨੇ ਪੁਸ਼ਟੀ ਕਰਦਿਆਂ ਦੋਸ਼ ਵੀ ਲਗਾਏ ਕਿ ਇਸ ਤੋਂ ਪਹਿਲਾਂ ਮੇਰੇ ਉਪਰ ਗਾਇਕ ਜੌਰਡਨ ਸੰਧੂ ਦੀ ਪਾਈ ਬੋਲੀ ਅਤੇ ਬਾਬਾ ਘਾਲਾ ਸਿੰਘ ਨਾਨਕਸਰ ਵਾਲਿਆਂ ਵਲੋਂ 2027 'ਚ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੀ ਗੱਲ ਵੀ ਸਰਕਾਰ ਨੂੰ ਹਜ਼ਮ ਨਹੀਂ ਹੋਈ ਤੇ ਜੌਰਡਨ ਸੰਧੂ ਤੇ ਬਾਬਾ ਘਾਲਾ ਸਿੰਘ ਦੀ ਸੁਰੱਖਿਆ ਵੀ ਵਾਪਸ ਲੈ ਲਈ ਹੈ।

# ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਜੂਨ 'ਚ ਪਾਕਿਸਤਾਨ ਜਾਵੇਗਾ ਜਥਾ

## ਸ਼੍ਰੋਮਣੀ ਕਮੇਟੀ ਨੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਭੇਜੇ ਜਾਣ ਵਾਲੇ ਜਥੇ ਲਈ ਸੰਗਤਾਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਗਈ ਹੈ। ਇਹ ਜਥਾ ਇਸ ਸਾਲ ਜੂਨ ਵਿਚ ਪਾਕਿਸਤਾਨ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਪ੍ਰਕਿਰਿਆ ਆਰੰਭੀ ਗਈ ਹੈ।



ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਲਈ ਸ਼ਰਧਾਲੂ ਆਪਣੇ ਪਾਸਪੋਰਟ 5 ਮਾਰਚ ਤਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਿਖੇ ਭੇਜਣ। ਉਨ੍ਹਾਂ ਕਿਹਾ ਕਿ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟਾਂ ਦੇ ਨਾਲ ਮੈਂਬਰ ਸ਼੍ਰੋਮਣੀ ਕਮੇਟੀ ਦੀ ਸਿਫਾਰਸ਼ ਸਹਿਤ ਆਪਣਾ ਪਛਾਣ ਪੱਤਰ ਵੀ ਜਮ੍ਹਾ ਕਰਵਾਉਣ। ਪਛਾਣ ਪੱਤਰ ਲਈ ਰਾਸ਼ਨ ਕਾਰਡ, ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਜਮ੍ਹਾਂ ਕਰਵਾਉਣ ਤਾਂ ਜੋ ਅਗਲੀ ਕਾਰਵਾਈ ਲਈ ਭੇਜੇ ਜਾ ਸਕਣ।

# ਪੰਜਾਬ ਸਰਕਾਰ ਅਪਰਾਧੀਆਂ ਤੇ ਗੈਂਗਸਟਰਾਂ ਦੀ ਸੂਹ ਦੇਣ ਵਾਲੇ ਨੂੰ ਦੇਵੇਗੀ ਇਨਾਮ

ਚੰਡੀਗੜ੍ਹ, (ਪੰਜਾਬ ਮੇਲ)-ਸਰਕਾਰ ਨੇ ਪੰਜਾਬ 'ਚ ਅਪਰਾਧੀਆਂ, ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਬਾਰੇ ਸੂਹ ਦੇਣ ਵਾਲਿਆਂ ਨੂੰ ਵੱਡੇ ਨਕਦ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਮੰਤਰੀ ਮੰਡਲ ਨੇ ਬੀਤੇ ਦਿਨੀਂ ਐੱਸ.ਐੱਸ.ਪੀ., ਆਈ.ਜੀ., ਏ.ਡੀ.ਜੀ.ਪੀ. ਅਤੇ ਡੀ.ਜੀ.ਪੀ. ਵੱਲੋਂ ਦਿੱਤੀ ਜਾਣ ਵਾਲੀ ਇਨਾਮੀ ਰਾਸ਼ੀ ਵਿਚ ਵਾਧਾ ਕਰਨ ਦਾ ਐਲਾਨ ਕੀਤਾ ਸੀ। ਪੰਜਾਬ ਸਰਕਾਰ ਨੇ ਨਵੀਂ ਨੀਤੀ ਨੂੰ ਪ੍ਰਵਾਨਗੀ ਵੀ ਦੇ ਦਿੱਤੀ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਨਵੀਂ ਨੀਤੀ ਤਹਿਤ ਐੱਸ.ਐੱਸ.ਪੀਜ਼ ਨੂੰ 1 ਲੱਖ ਰੁਪਏ, ਪੁਲਿਸ ਕਮਿਸ਼ਨਰ, ਆਈ.ਜੀ. ਤੇ ਡੀ.ਆਈ.ਜੀ. ਰੇਂਜਾਂ ਨੂੰ 1.5 ਲੱਖ ਰੁਪਏ ਤੱਕ, ਵਿੰਗ ਦੇ ਮੁਖੀਆਂ ਨੂੰ 2 ਲੱਖ ਰੁਪਏ ਤੱਕ ਦੇ ਇਨਾਮ ਦੇਣ ਲਈ ਅਧਿਕਾਰਤ ਕੀਤਾ ਗਿਆ, ਜਦੋਂ ਕਿ ਡੀ.ਜੀ.ਪੀ. ਪੰਜਾਬ ਲਈ 2 ਲੱਖ ਰੁਪਏ ਤੋਂ ਵੱਧ ਦੇ ਇਨਾਮ ਮਨਜ਼ੂਰ ਕਰ ਸਕਦੇ ਹਨ। ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਮਾਣਹਾਨੀ ਕੇਸ : ਕੰਗਣਾ ਰਣੌਤ ਵਿਰੁੱਧ ਅਗਲੀ ਸੁਣਵਾਈ 10 ਮਾਰਚ ਨੂੰ



ਬਠਿੰਡਾ, (ਪੰਜਾਬ ਮੇਲ)-ਕਿਸਾਨ ਔਰਤਾਂ ਖ਼ਿਲਾਫ਼ ਵਿਵਾਦਿਤ ਟਿੱਪਣੀ ਕਰਨ ਸਬੰਧੀ ਮਾਣਹਾਨੀ ਕੇਸ ਦਾ ਸਾਹਮਣਾ ਕਰ ਰਹੀ ਬਾਲੀਵੁੱਡ ਅਦਾਕਾਰਾ ਤੇ ਭਾਜਪਾ ਸੰਸਦ ਮੈਂਬਰ ਕੰਗਣਾ ਰਣੌਤ ਦੇ ਮਾਮਲੇ ਦੀ ਬੁੱਧਵਾਰ ਨੂੰ ਬਠਿੰਡਾ ਦੀ ਅਦਾਲਤ ਵਿਚ ਸੁਣਵਾਈ ਸੀ ਪਰ ਵਕੀਲਾਂ ਦੀ ਚੱਲ ਰਹੀ ਹੜਤਾਲ ਕਾਰਨ ਸੁਣਵਾਈ ਨਹੀਂ ਹੋ ਸਕੀ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ 10 ਮਾਰਚ ਰੱਖੀ ਗਈ ਹੈ। ਕੰਗਣਾ ਵਿਰੁੱਧ ਕੇਸ ਦਰਜ ਕਰਵਾਉਣ ਵਾਲੀ ਮਾਤਾ ਮਹਿੰਦਰ ਕੌਰ ਵਾਸੀ ਬਹਾਦਰਗੜ੍ਹ ਜੰਡੀਆਂ (ਬਠਿੰਡਾ) ਦੇ ਵਕੀਲ ਰਘਬੀਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਉਕਤ ਮਾਮਲੇ 'ਚ ਬੇਸ਼ੱਕ ਕੰਗਣਾ ਨੂੰ ਨਿੱਜੀ ਪੇਸ਼ੀ ਤੋਂ ਪਹਿਲਾਂ ਹੀ ਛੋਟ ਮਿਲੀ ਹੋਈ ਹੈ ਪਰ ਬੁੱਧਵਾਰ ਨੂੰ ਵਕੀਲਾਂ ਦੀ ਹੜਤਾਲ ਕਾਰਨ ਉਕਤ ਮਾਮਲੇ ਦੀ ਰੱਖੀ ਸੁਣਵਾਈ ਨਹੀਂ ਹੋ ਸਕੀ।

# ਗੂਗਲ ਖੋਜ ਤੇ ਏ.ਆਈ. ਮਨੁੱਖੀ ਸਬੰਧਾਂ ਤੇ ਮੇਲ ਮਿਲਾਪ ਦਾ ਬਦਲ ਨਹੀਂ ਹੋ ਸਕਦੇ : ਸਤਿੰਦਰਪਾਲ ਸਿੰਘ ਸਿੱਧਵਾਂ

**■ ਪੁਸਤਕ ਬੈਠਕ ਦੌਰਾਨ ਢਾਡੀ ਸਤਿੰਦਰਪਾਲ ਸਿੰਘ ਨੇ 'ਕਿਤਾਬ ਤੇ ਕਲਾ' ਵਿਸ਼ੇ 'ਤੇ ਕੀਤੀ ਚਰਚਾ**



*ਸ. ਜਸਵੰਤ ਸਿੰਘ ਜ਼ਫ਼ਰ, ਸ. ਸਤਿੰਦਰਪਾਲ ਸਿੰਘ ਸਿੱਧਵਾਂ ਨੂੰ ਸਨਮਾਨਿਤ ਕਰਦੇ ਹੋਏ।*

**ਪਟਿਆਲਾ, (ਪੰਜਾਬ ਮੇਲ)**- ਭਾਸ਼ਾ ਵਿਭਾਗ ਪੰਜਾਬ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿਚ ਕਰਵਾਈ ਜਾਂਦੀ ਮਹੀਨਾਵਾਰ ਪੁਸਤਕ ਬੈਠਕ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਨਾਲ ਸਬੰਧਤ ਪ੍ਰਿੰ. ਸਤਿਬੀਰ ਸਿੰਘ ਦੀ ਪੁਸਤਕ 'ਇਤਿ ਜਿਨਿ ਕਰੀ' ਬਾਰੇ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਚਰਚਾ ਕੀਤੀ। ਇਸ ਸਮਾਗਮ ਦੌਰਾਨ ਉੱਘੇ ਢਾਡੀ/ਕਵੀਸ਼ਰ ਤੇ ਕੈਨੇਡਾ ਦੇ ਮੀਡੀਆ ਦੀ ਨਾਮਵਰ ਸ਼ਖ਼ਸੀਅਤ ਸਤਿੰਦਰਪਾਲ ਸਿੰਘ ਸਿੱਧਵਾਂ ਨੇ 'ਕਿਤਾਬ ਤੇ ਕਲਾ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਦਿੱਤਾ। ਸਵਾਗਤੀ ਭਾਸ਼ਣ ਦੌਰਾਨ ਸ. ਜਸਵੰਤ ਸਿੰਘ ਜ਼ਫ਼ਰ ਨੇ ਸ. ਸਿੱਧਵਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਢਾਡੀ, ਰਾਗੀ ਤੇ ਕਵੀਸ਼ਰ ਸਾਨੂੰ ਆਪਣੇ ਇਤਿਹਾਸ, ਬੋਲੀ, ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨਾਲ ਜੋੜਦੇ ਹਨ। ਖਾਸ ਤੌਰ 'ਤੇ ਨਵੀਂ ਪੀੜ੍ਹੀ ਨੂੰ ਇਤਿਹਾਸ ਤੇ ਸੱਭਿਆਚਾਰ ਨਾਲ ਜੋੜਨ ਲਈ ਇਨ੍ਹਾਂ ਦਾ ਬਹੁਤ ਯੋਗਦਾਨ ਹੈ। ਇਸੇ ਕਰਕੇ ਅੱਜ ਵੀ 'ਸਿੱਧਵਾਂ ਕਾਲਜ ਵਾਲੇ' ਢਾਡੀ ਜਥੇ ਨੂੰ ਲੋਕ ਯਾਦ ਕਰਦੇ ਹਨ। ਅਜਿਹੀਆਂ ਪ੍ਰੰਪਰਾਵਾਂ ਅੱਜ ਵੀ ਯਾਦ ਰੱਖਣ ਦੀ ਲੋੜ ਹੈ। ਸ. ਜ਼ਫ਼ਰ ਨੇ ਕਿਹਾ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਵਰ੍ਹਾ ਮਨਾ ਰਹੇ ਹਾਂ, ਇਸ ਕਰਕੇ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਬਾਰੇ ਘੱਟੋ-ਘੱਟ ਇੱਕ ਕਿਤਾਬ ਜ਼ਰੂਰ ਪੜ੍ਹੀਏ। ਇਸੇ ਤਹਿਤ ਹੀ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਗੁਰੂ ਸਾਹਿਬ ਦੀ ਜੀਵਨੀ 'ਤੇ ਆਧਾਰਿਤ ਪੁਸਤਕ 'ਇਤਿ ਜਿਨਿ ਕਰੀ' ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ ਤੇ ਉਸ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਸ. ਸਤਿੰਦਰਪਾਲ ਸਿੰਘ ਸਿੱਧਵਾਂ ਨੇ ਕਿਹਾ ਗੂਗਲ ਖੋਜ ਤੇ ਏ.ਆਈ. ਮਨੁੱਖੀ ਸਬੰਧਾਂ ਤੇ ਮੇਲ ਮਿਲਾਪ ਦਾ ਬਦਲ ਨਹੀਂ ਹੋ ਸਕਦੇ। ਜੀਵਨ ਜਿਊਣ ਲਈ ਤਕਨਾਲੋਜੀ ਸਹੂਲਤਾਂ ਤੇ ਸਾਧਨ ਪ੍ਰਦਾਨ ਕਰ ਸਕਦੀ ਹੈ ਪਰ ਮੋਹ-ਮੁਹੱਬਤ ਤੇ ਆਪਸੀ ਸਾਂਝ ਪੈਦਾ ਨਹੀਂ ਕਰ ਸਕਦੀ। ਇਸੇ ਕਰਕੇ ਪੁਸਤਕਾਂ ਦੀ ਅਹਿਮੀਅਤ ਕਦੇ ਵੀ ਘੱਟ ਨਹੀਂ ਸਕਦੀ, ਇਹ ਮਨੁੱਖ ਨੂੰ ਜੀਵਨ ਜਾਚ ਸਿਖਾਉਂਦੀਆਂ ਹਨ, ਜਿਸ ਵਿਚ ਆਪਸੀ ਸਬੰਧ, ਰਿਸ਼ਤੇ-ਨਾਤੇ ਤੇ ਵਰਤ-ਵਰਤਾਅ ਸ਼ਾਮਲ ਹੈ। ਸ. ਸਿੱਧਵਾਂ ਨੇ ਆਪਣੇ ਗਾਇਕੀ ਦੇ ਸਫ਼ਰ ਬਾਰੇ ਦੱਸਿਆ ਕਿ ਉਨ੍ਹਾਂ ਨੇ ਕਿਤਾਬ ਤੇ ਅਖ਼ਬਾਰਾਂ ਨੂੰ ਹਮੇਸ਼ਾ ਆਪਣਾ ਪੱਕਾ ਸਾਥੀ ਬਣਾ ਕੇ ਰੱਖਿਆ, ਜਿਨ੍ਹਾਂ ਸਦਕਾ ਉਨ੍ਹਾਂ ਦੀਆਂ ਪੇਸ਼ਕਾਰੀਆਂ ਭਾਵ ਮੰਚ 'ਤੇ ਬੋਲਣ ਤੇ ਖੜ੍ਹਨ 'ਚ ਨਿਰੰਤਰ ਸੁਧਾਰ ਹੁੰਦਾ ਗਿਆ ਤੇ ਲੋਕਾਂ ਨੇ ਮਣਾਂ-ਮੂੰਹੀ ਪਿਆਰ ਦਿੱਤਾ। ਸ. ਸਿੱਧਵਾਂ ਨੇ ਕਿਹਾ ਕਿ ਦੁਨੀਆਂ ਜੋੜਨ ਵਾਲਿਆਂ ਨੂੰ ਸਦਾ ਯਾਦ ਰੱਖਦੀ ਹੈ, ਨਾ ਕਿ ਤੋੜਨ ਵਾਲਿਆਂ ਨੂੰ। ਕਿਤਾਬਾਂ ਸਮਾਜ ਨੂੰ ਜੋੜਨ ਦਾ ਕਾਰਜ ਕਰਦੀਆਂ ਹਨ। ਇਸੇ ਕਰਕੇ ਚੰਗੀਆਂ ਕਿਤਾਬਾਂ ਹਰ ਯੁੱਗ ਵਿਚ ਪੜ੍ਹੀਆਂ ਜਾਂਦੀਆਂ ਹਨ। ਉਨ੍ਹਾਂ ਨਵੀਂ ਪੀੜ੍ਹੀ ਨੂੰ ਖ਼ਾਸ ਤੌਰ 'ਤੇ ਅਪੀਲ ਕੀਤੀ ਕਿ ਉਹ ਤਕਨਾਲੋਜੀ ਦੇ ਨਾਲ-ਨਾਲ ਪੁਸਤਕਾਂ ਪੜ੍ਹਨ ਦਾ ਰੁਝਾਨ ਜ਼ਰੂਰ ਰੱਖਣ। ਉਨ੍ਹਾਂ ਆਪਣੇ ਗਾਇਕੀ ਦੇ ਸਫ਼ਰ ਬਾਰੇ ਵੀ ਗੱਲਾਂ ਕੀਤੀਆਂ।

ਅਖ਼ੀਰ ਵਿਚ ਉਨ੍ਹਾਂ 'ਜੱਗ ਜੰਕਸ਼ਨ ਰੇਲਾਂ ਦਾ..' ਕਵੀਸ਼ਰੀ ਗਾ ਕੇ ਆਪਣਾ ਭਾਸ਼ਣ ਨੇਪਰੇ ਚਾੜ੍ਹਿਆ। ਵਿਭਾਗ ਵੱਲੋਂ ਸ. ਸਿੱਧਵਾਂ ਨੂੰ ਸ਼ਾਲ ਅਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਭਾਸ਼ਾ ਵਿਭਾਗ ਦੀ ਸੰਯੁਕਤ ਨਿਰਦੇਸ਼ਕਾ ਚੰਦਨਦੀਪ ਕੌਰ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਜਸਪ੍ਰੀਤ ਕੌਰ, ਸੁਰਿੰਦਰ ਕੌਰ ਸਮੇਤ ਵੱਡੀ ਗਿਣਤੀ ਵਿਚ ਸਰੋਤੇ ਹਾਜ਼ਰ ਸਨ।

# ਪੈਂਟਾਗਨ ਵੱਲੋਂ ਇਰਾਨ ਜੰਗ 'ਚ ਮਾਰੇ ਗਏ 4 ਅਮਰੀਕੀ ਫ਼ੌਜੀਆਂ ਦੀਆਂ ਤਸਵੀਰਾਂ ਜਾਰੀ

**■ 2 ਦੀ ਪਛਾਣ ਬਾਕੀ**



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਪੈਂਟਾਗਨ ਨੇ ਐਤਵਾਰ ਨੂੰ ਇਰਾਨੀ ਡਰੋਨ ਹਮਲੇ ਵਿਚ ਮਾਰੇ ਗਏ 6 ਅਮਰੀਕੀ ਫ਼ੌਜੀਆਂ ਵਿਚੋਂ 4 ਦੀ ਪਛਾਣ ਕਰਕੇ ਉਨ੍ਹਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਹ ਫ਼ੌਜੀ ਕੈਪਟਨ ਕੋਡੀ ਖੋਰਕ (35), ਸਾਰਜੈਂਟ ਫਸਟ ਕਲਾਸ ਨੋਆਹ ਟਿਏਟਜੇਂਸ (42), ਸਾਰਜੈਂਟ ਫਸਟ ਕਲਾਸ ਨਿਕੋਲ ਅਮੋਰ (39) ਅਤੇ ਸਾਰਜੈਂਟ ਡੇਕਲਾਨ ਕੋਡੀ (20) ਹਨ। ਚਾਰੇ ਫ਼ੌਜੀਆਂ ਨੂੰ 103ਵੀਂ ਸਸਟੇਨਮੈਂਟ ਕਮਾਂਡ, ਆਇਓਵਾ ਵਿਚ ਇੱਕ ਆਰਮੀ ਰਿਜ਼ਰਵ ਸਸਟੇਨਮੈਂਟ ਯੂਨਿਟ ਵਿਚ ਨਿਯੁਕਤ ਕੀਤਾ ਗਿਆ ਸੀ, ਜੋ ਭੋਜਨ, ਬਾਲਣ, ਪਾਣੀ, ਗੋਲਾ-ਬਾਰੂਦ, ਆਵਾਜਾਈ ਉਪਕਰਣ ਅਤੇ ਸਪਲਾਈ ਪ੍ਰਦਾਨ ਕਰਦਾ ਹੈ।

ਐਤਵਾਰ ਦੇ ਹਮਲੇ ਵਿਚ ਮਾਰੇ ਗਏ ਦੋ ਹੋਰ ਫ਼ੌਜੀਆਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਇਹ ਅਮਰੀਕੀ ਫ਼ੌਜੀ ਐਤਵਾਰ ਨੂੰ ਕੁਵੈਤ ਦੇ ਪੋਰਟ ਸ਼ੁਆਈਬਾ ਵਿਚ ਇੱਕ ਕਮਾਂਡ ਸੈਂਟਰ 'ਤੇ ਡਰੋਨ ਨਾਲ ਹਮਲਾ ਕਰਨ 'ਤੇ ਮਾਰੇ ਗਏ ਸਨ। ਰਿਪੋਰਟ ਅਨੁਸਾਰ, ਫੌਜ ਸਕੱਤਰ ਡੈਨੀਅਲ ਡ੍ਰਿਸਕੋਲ ਨੇ ਕਿਹਾ, "ਇਨ੍ਹਾਂ ਸਾਰੇ ਪੁਰਸ਼ਾਂ ਅਤੇ ਔਰਤਾਂ ਨੇ ਬਹਾਦਰੀ ਨਾਲ ਸਾਡੇ ਦੇਸ਼ ਦੀ ਰੱਖਿਆ ਲਈ ਸਵੈ-ਇੱਛਾ ਨਾਲ ਕੰਮ ਕੀਤਾ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ।" ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੌਤਾਂ ਬਾਰੇ ਕਿਹਾ, "ਦੁੱਖ ਦੀ ਗੱਲ ਹੈ ਕਿ ਇਸ ਦੇ ਖਤਮ ਹੋਣ ਤੋਂ ਪਹਿਲਾਂ ਹੋਰ ਵੀ ਬਹੁਤ ਕੁਝ ਹੋਵੇਗਾ। ਇਹੀ ਹੁੰਦਾ ਹੈ।"

# ਬ੍ਰਿਟਿਸ਼ ਕੋਲੰਬੀਆ 'ਚ ਘੜੀਆਂ ਅੱਗੇ-ਪਿੱਛੇ ਕਰਨ ਦੀ ਪ੍ਰੰਪਰਾ ਖਤਮ!

**ਵੈਨਕੂਵਰ, (ਪੰਜਾਬ ਮੇਲ)** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਪਿਛਲੇ 70 ਤੋਂ ਵੱਧ ਸਮੇਂ ਤੋਂ ਚੱਲ ਰਹੀ ਘੜੀਆਂ ਨੂੰ ਹਰ ਸਾਲ ਬਸੰਤ ਅਤੇ ਪਤਝੜ ਦੇ ਮੌਸਮ ਵਿਚ ਇੱਕ ਘੰਟਾ ਅੱਗੇ-ਪਿੱਛੇ ਕਰਨ ਦੀ ਪ੍ਰੰਪਰਾ ਹੁਣ ਖਤਮ ਹੋਣ ਜਾ ਰਹੀ ਹੈ। ਇਸ ਐਤਵਾਰ ਤੋਂ ਬਾਅਦ ਇਹ ਰਵਾਇਤ ਇਤਿਹਾਸ ਬਣ ਜਾਵੇਗੀ ਅਤੇ ਸੂਬਾ ਸਾਲ ਭਰ ਲਈ ਇੱਕੋ ਸਮਾਂ ਪ੍ਰਣਾਲੀ ਅਪਣਾਏਗਾ।

ਸੂਬੇ ਦੇ ਵੱਡੇ ਹਿੱਸੇ ਵਿਚ ਦਹਾਕਿਆਂ ਤੋਂ ਲੋਕ ਦਿਨ ਦੀ ਵਧੀਕ ਰੌਸ਼ਨੀ ਦੇ ਲਾਭ ਲਈ ਬਸੰਤ ਵਿਚ ਘੜੀਆਂ ਇੱਕ ਘੰਟਾ ਅੱਗੇ ਕਰਦੇ ਅਤੇ ਪਤਝੜ ਵਿਚ ਇੱਕ ਘੰਟਾ ਪਿੱਛੇ ਕਰਦੇ ਆ ਰਹੇ ਸਨ। ਪਰ ਹੁਣ ਸਰਕਾਰ ਨੇ ਇਹ ਦੋਹਰਾ ਬਦਲਾਅ ਸਮਾਪਤ ਕਰਨ ਦਾ ਫੈਸਲਾ ਕੀਤਾ ਹੈ।

ਜਾਣਕਾਰੀ ਮੁਤਾਬਕ ਇਸ ਸਬੰਧੀ 1993 'ਚ ਸੂਬਾਈ ਸਰਕਾਰ ਵੱਲੋਂ ਕਰਵਾਈ ਇੱਕ ਰਾਇਸ਼ੁਮਾਰੀ ਮੁਤਾਬਕ ਬਹੁ ਗਿਣਤੀ ਲੋਕਾਂ ਨੇ ਸਾਲ ਭਰ ਇੱਕੋ ਸਮਾਂ ਰੱਖਣ ਦੇ ਹੱਕ ਵਿਚ ਰਾਏ ਦਿੱਤੀ ਸੀ। ਕਈ ਵਪਾਰਕ ਸੰਸਥਾਵਾਂ ਅਤੇ ਆਮ ਨਾਗਰਿਕਾਂ ਦਾ ਮੰਨਣਾ ਸੀ ਕਿ ਵਾਰ-ਵਾਰ ਸਮਾਂ ਬਦਲਣ ਨਾਲ ਰੋਜ਼ਾਨਾ ਦੇ ਰੁਝੇਵਿਆਂ, ਸਿਹਤ ਅਤੇ ਕਾਰੋਬਾਰ 'ਤੇ ਅਸਰ ਪੈਂਦਾ ਹੈ। ਸਮਾਂ ਬਦਲਾਅ ਦੀ ਇਹ ਪ੍ਰੰਪਰਾ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅਤੇ ਉਸ ਤੋਂ ਬਾਅਦ ਉੱਤਰੀ ਅਮਰੀਕਾ ਦੇ ਕਈ ਖਿੱਤਿਆਂ ਵਿਚ ਸ਼ੁਰੂ ਹੋਈ ਸੀ। ਮਕਸਦ ਬਿਜਲੀ ਦੀ ਬਚਤ ਅਤੇ ਦਿਨ ਦੀ ਰੌਸ਼ਨੀ ਦਾ ਵੱਧ ਤੋਂ ਵੱਧ ਲਾਭ ਲੈਣਾ ਸੀ। ਹਾਲਾਂਕਿ ਸਮੇਂ ਦੇ ਨਾਲ ਇਸ ਦੀ ਲੋੜ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉੱਠਦੇ ਰਹੇ।


Jaspreet Singh

Attorney at Law

ਅਮਰੀਕਾ ਦੀ ਇਮੀਗ੍ਰੇਸ਼ਨ

ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ

ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

6221 16th Street Rio Linda, CA 95673

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਟਰੰਪ ਪ੍ਰਸ਼ਾਸਨ ਨੇ ਸ਼ਰਨਾਰਥੀਆਂ ਨੂੰ ਫੜਨ ਲਈ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਹੋਰ ਸ਼ਕਤੀਆਂ ਦਿੱਤੀਆਂ

**ਸੈਕਰਾਮੈਂਟੋ, (ਪੰਜਾਬ ਮੇਲ)**-ਟਰੰਪ ਪ੍ਰਸ਼ਾਸਨ ਨੇ ਗਰੀਨ ਕਾਰਡ ਦੀ ਉਡੀਕ ਕਰ ਰਹੇ ਕਾਨੂੰਨੀ ਤੌਰ ’ਤੇ ਰਹਿ ਰਹੇ ਸ਼ਰਨਾਰਥੀਆਂ ਨੂੰ ਫੜਨ ਵਾਸਤੇ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਹੋਰ ਸ਼ਕਤੀਆਂ ਦਿੱਤੀਆਂ ਹਨ, ਤਾਂ ਜੋ ਉਨ੍ਹਾਂ ਦੀ ਮੁੜ ਜਾਂਚ ਪੜਤਾਲ ਨੂੰ ਯਕੀਨੀ ਬਣਾਇਆ ਜਾ ਸਕੇ। ਸਰਕਾਰੀ ਪੱਤਰ ਅਨੁਸਾਰ ਸਪੱਸ਼ਟ ਤੌਰ ’ਤੇ ਕਾਨੂੰਨੀ ’ਤੇ ਗੈਰ- ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੇ ਰਾਸ਼ਟਰਪਤੀ ਦੇ ਹੁਕਮ ਨੂੰ ਹੋਰ ਵਿਸ਼ਾਲ ਬਣਾ ਦਿੱਤਾ ਗਿਆ ਹੈ।

ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ ਵੱਲੋਂ ਸੰਘੀ ਅਦਾਲਤ ’ਚ ਦਾਇਰ ਪੱਤਰ ਵਿਚ ਕਿਹਾ ਹੈ ਕਿ ਸ਼ਰਨਾਰਥੀਆਂ ਨੂੰ ਅਮਰੀਕਾ ’ਚ ਦਾਖਲ ਹੋਣ ਦੇ ਇਕ ਸਾਲ ਬਾਅਦ ਹਰ ਹਾਲਤ ’ਚ ਜਾਂਚ ਪੜਤਾਲ ਲਈ ਸਰਕਾਰੀ ਹਿਰਾਸਤ ਵਿਚ ਆਉਣਾ ਪਵੇਗਾ। ਵਿਭਾਗ ਅਨੁਸਾਰ ਸਰਕਾਰ ਦਾ ਇਹ ਕਦਮ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਸ਼ਰਨਾਰਥੀ ਜਾਇਜ਼ ਹਨ। ਅਮਰੀਕੀ ਕਾਨੂੰਨ ਅਨੁਸਾਰ ਸ਼ਰਨਾਰਥੀਆਂ ਨੂੰ ਅਮਰੀਕਾ ’ਚ ਆਉਣ ਦੇ ਇਕ ਸਾਲ ਬਾਅਦ




ਕਾਨੂੰਨੀ ਤੌਰ ’ਤੇ ਸਥਾਈ ਨਿਵਾਸ ਲਈ ਦਰਖਾਸਤ ਦੇਣੀ ਪਵੇਗੀ ਪਰ ਨਵੇਂ ਦਿਸ਼ਾ-ਨਿਰਦੇਸ਼ ਅਨੁਸਾਰ ਇਮੀਗ੍ਰੇਸ਼ਨ ਅਫ਼ਸਰ ਇਕ ਸਾਲ ਦੇ ਸਮੇਂ ਦੌਰਾਨ ਸ਼ਰਨਾਰਥੀਆਂ ਨੂੰ ਮੁੜ ਜਾਂਚ ਪੜਤਾਲ ਲਈ ਹਿਰਾਸਤ ਵਿਚ ਲੈ ਸਕਦੇ ਹਨ। ਨਵੀਂ ਨੀਤੀ 2010 ਦੀ ਨੀਤੀ ਦੇ ਉਲਟ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਪੀ.ਆਰ. ਲੈਣ ਵਿਚ ਨਾਕਾਮੀ ਦੇਸ਼ ਨਿਕਾਲੇ ਦਾ ਆਧਾਰ ਨਹੀਂ ਹੈ ਤੇ ਨਾ ਹੀ ਹਿਰਾਸਤ ਵਿਚ ਲੈਣ ਦਾ ਉਚਿਤ ਆਧਾਰ ਹੈ। ਸ਼ਰਨਾਰਥੀਆਂ ਦੇ ਹੱਕਾਂ ਦੇ ਅਲੰਬਰਦਾਰ ਗਰੁੱਪਾਂ ਨੇ ਇਸ ਨਵੀਂ ਨੀਤੀ ਦੀ ਸਖ਼ਤ ਅਲੋਚਨਾ ਕੀਤੀ ਹੈ। ਅਫ਼ਗਾਨ ਏਵਾਕ ਦੇ ਪ੍ਰਧਾਨ ਸ਼ਾਨ ਵੈਨਡਾਈਵਰ ਨੇ ਕਿਹਾ ਹੈ ਕਿ ਇਹ ਅਮਰੀਕਾ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਦੇ ਉਲਟ ਹੈ। ਇਸ ਨਾਲ ਕਾਨੂੰਨੀ ਢੰਗ ਨਾਲ ਅਮਰੀਕਾ ’ਚ ਦਾਖਲ ਹੋਏ ਲੋਕਾਂ ਦਾ ਵਾਸ਼ਿੰਗਟਨ ਉਪਰ ਭਰੋਸਾ ਟੁੱਟਾ ਹੈ, ਜਿਸ ਨੇ ਸ਼ਰਨਾਰਥੀਆਂ ਦੀ ਹਿਫ਼ਾਜ਼ਤ ਦਾ ਵਾਅਦਾ ਕੀਤਾ ਸੀ। ਹੇਬਰੀਊ ਇਮੀਗਰਾਂਟ ਏਅਡ ਸੋਸਾਇਟੀ (ਹਿਆਸ) ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦਾ ਇਹ ਕਦਮ ਹਿੰਸਾ ਪੀੜਤ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਨੁਕਸਾਨ ਪਹੁੰਚਾਏਗਾ, ਜਿਨ੍ਹਾਂ ਦਾ ਅਮਰੀਕਾ ’ਚ ਸਵਾਗਤ ਕੀਤਾ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
**www.punjabmailusa.com**

# ਭਾਰਤੀ ਮੂਲ ਦਾ ਸਟੋਰ ਮੈਨੇਜਰ ਮਿਆਮੀ ’ਚ ਗ੍ਰਿਫ਼ਤਾਰ



**ਮਿਆਮੀ, (ਪੰਜਾਬ ਮੇਲ)**- 34 ਸਾਲਾ ਭਾਰਤੀ ਮੂਲ ਦੇ ਇੱਕ ਕਨਵੀਨੀਅੰਸ ਸਟੋਰ ਮੈਨੇਜਰ ਨੂੰ ਮਿਆਮੀ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਕਿਹਾ ਕਿ ਉਸ ਉੱਤੇ ਫੈਲੋਨੀ ਦੋਸ਼ ਲੱਗੇ ਹਨ, ਜੋ ਕਿ 300,000 ਡਾਲਰ ਤੋਂ ਵੱਧ ਮੁੱਲ ਵਾਲੀਆਂ ਫਲੋਰਿਡਾ ਲਾਟਰੀ ਸਕੈਚ-ਆਫ਼ ਟਿਕਟਾਂ ਦੀ ਕਥਿਤ ਚੋਰੀ ਅਤੇ ਰੀਡੀਮ ਕਰਨ ਨਾਲ ਜੁੜੇ ਹੋਏ ਹਨ। ਰਾਕੇਸ਼ ਤੰਗੂਤੂਰੀ, ਜੋ ਸ਼ਹਿਰ ਦੇ ਲਿਟਲ ਹੈਤੀ ਇਲਾਕੇ ਵਿਚ ਸਥਿਤ ਬਾਰਗੇਨ ਸਟੋਪ ਮਾਰੀਕਟ-2 ਦਾ ਮੈਨੇਜਰ ਹੈ, ਨੂੰ ਇਸ ਹਫ਼ਤੇ ਦੀ ਸ਼ੁਰੂਆਤ ਵਿਚ ਹਿਰਾਸਤ ਵਿਚ ਲਿਆ ਗਿਆ। ਉਸ ਉੱਤੇ 50,000 ਡਾਲਰ ਜਾਂ ਇਸ ਤੋਂ ਵੱਧ ਦੀ ਰਕਮ ਨਾਲ ਜੁੜੀ ਆਰਗੇਨਾਈਜ਼ਡ ਫਰੌਡ ਅਤੇ ਪਹਿਲੀ ਡਿਗਰੀ ਗ੍ਰੈਂਡ ਥੈਫ਼ਟ ਦੇ ਦੋਸ਼ ਲੱਗੇ ਹਨ। ਇੱਕ ਮਹੀਨੇ ਲੰਬੀ ਜਾਂਚ ਉਸ ਵੇਲੇ ਸ਼ੁਰੂ ਹੋਈ, ਜਦੋਂ ਸਟੋਰ ਮਾਲਿਕ ਨੇ ਲਾਟਰੀ ਲੈਣ-ਦੇਣ ਨਾਲ ਸੰਬੰਧਿਤ ਬੈਂਕ ਖਾਤੇ ਵਿਚ ਅਸਾਧਾਰਣ ਗਤੀਵਿਧੀ ਦੇਖੀ ਅਤੇ ਕਈ ਟਿਕਟ ਬੁੱਕਾਂ ਗਾਇਬ ਪਾਈਆਂ।

ਅਧਿਕਾਰੀਆਂ ਦਾ ਦਾਅਵਾ ਹੈ ਕਿ ਗਾਇਬ ਟਿਕਟਾਂ ਦੀ ਕੁੱਲ ਕੀਮਤ 300,000 ਡਾਲਰ ਤੋਂ ਵੱਧ ਸੀ, ਹਾਲਾਂਕਿ ਅੰਸ਼ਕ ਬਰਾਮਦਗੀ ਅਤੇ ਰੀਡੀਮ ਕੀਤੀ ਗਈ ਰਕਮ ਤੋਂ ਬਾਅਦ ਸਟੋਰ ਨੂੰ ਪੁਸ਼ਟੀਤ ਨੁਕਸਾਨ ਲਗਭਗ 60,500 ਡਾਲਰ ਹੈ। ਪੁਲਿਸ ਮੁਤਾਬਕ ਰਾਕੇਸ਼ ਨੇ ਪਹਿਲਾਂ ਸ਼ਮੂਲੀਅਤ ਤੋਂ ਇਨਕਾਰ ਕੀਤਾ, ਪਰ ਬਾਅਦ ਵਿਚ ਟੈਕਸਟ ਸੁਨੇਹਿਆਂ ਅਤੇ ਨਿੱਜੀ ਤੌਰ ’ਤੇ ਕਬੂਲਿਆ ਕਿ ਉਸ ਨੇ ਟਿਕਟ ਬੁੱਕਾਂ ਲਈਆਂ, ਜਿੱਤੂ ਟਿਕਟਾਂ ਰੀਡੀਮ ਕੀਤੀਆਂ ਅਤੇ ਪੈਸਾ ਨਿੱਜੀ ਖਰਚਿਆਂ ’ਤੇ ਵਰਤਿਆ। ਜਾਂਚਕਰਤਾਵਾਂ ਨੇ ਨੋਟ ਕੀਤਾ ਕਿ ਟਿਕਟਾਂ ਇੱਕ ਹੀ ਰੀਟੇਲਰ ਕੋਲ ਵੱਡੀ ਮਾਤਰਾ ਵਿਚ ਨਕਦ ਕਰਵਾਈਆਂ ਗਈਆਂ, ਜਿਸ ਨਾਲ ਸ਼ੱਕ ਪੈਦਾ ਹੋਇਆ। ਰਾਕੇਸ਼ ਨੂੰ **Turner Giulford Knight Correctional Center** ਵਿਚ ਦਰਜ ਕੀਤਾ ਗਿਆ ਹੈ ਅਤੇ ਉਸ ਦੀ ਜ਼ਮਾਨਤ 30,000 ਡਾਲਰ ਤੈਅ ਕੀਤੀ ਗਈ ਹੈ। ਇੱਕ ICE ਡਿਟੇਨਰ ਵੀ ਲਗਾਇਆ ਗਿਆ ਹੈ ਅਤੇ ਮਾਮਲਾ ਅਜੇ ਵੀ ਜਾਂਚ ਹੇਠ ਹੈ।

## ਅਮਰੀਕਾ ਦੇ 25 ਹਜ਼ਾਰ ਖ਼ਤਰਨਾਕ ਅਪਰਾਧੀਆਂ ਦੀ ਸੂਚੀ ’ਚ 89 ਭਾਰਤੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ’ਚ ਭਾਰਤੀਆਂ ਦੀ ਪ੍ਰੇਸ਼ਾਨੀ ਵਧ ਰਹੀ ਹੈ। ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ (ਡੀ.ਐੱਚ.ਐੱਸ.) ਨੇ ਇਕ ਨਵੀਂ ਵੈੱਬਸਾਈਟ ’ਤੇ ਬੁਰੇ ਤੋਂ ਬੁਰੇ ਕਰੀਬ 25,000 ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਦੀ ਜਾਣਕਾਰੀ ਜਨਤਕ ਕੀਤੀ ਹੈ। ਇਸ ਵੈੱਬਸਾਈਟ ’ਚ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਅਤੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵੱਲੋਂ ਗੰਭੀਰ ਅਪਰਾਧਾਂ ਅਧੀਨ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੇ ਵੇਰਵੇ ਦਰਜ ਹਨ। ਇਸ ਸੂਚੀ ਵਿਚ 89 ਭਾਰਤੀ ਮੂਲ ਦੇ ਵਿਅਕਤੀ ਹਨ, ਜਿਨ੍ਹਾਂ ਵਿਚ 2 ਦਰਜਨ ਤੋਂ ਵਧੇਰੇ ਲੋਕਾਂ ਦੇ ਨਾਂ ਨਾਲ ਸਿੰਘ ਜਾਂ ਕੌਰ ਲਿਖਿਆ ਹੈ। ਹਾਲਾਂਕਿ ਇਨ੍ਹਾਂ ਵਿਚੋਂ ਬਹੁਤੇ ਮੋਨੇ ਹਨ। ਜਦੋਂਕਿ ਗੁਜਰਾਤੀਆਂ ਦੀ ਗਿਣਤੀ ਵੀ ਕਾਫੀ ਜ਼ਿਆਦਾ ਹੈ। ਬਾਕੀਆਂ ਵਿਚ ਮੁਸਲਮਾਨ ਤੇ ਹੋਰ ਭਾਰਤੀ ਹਨ। ਇਨ੍ਹਾਂ ਸਾਰਿਆਂ ਨੂੰ ਹੀ ਅਮਰੀਕਾ ਤੋਂ ਵਾਪਸ ਭੇਜਿਆ (ਡਿਪੋਰਟ) ਜਾ ਰਿਹਾ ਹੈ। ਇਹ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਹਿੱਸਾ ਹੈ।

# ਅਮਰੀਕਾ ’ਚ ਟਰੱਕ ਹਾਦਸੇ ਦੇ ਦੋਸ਼ ’ਚ ਪੰਜਾਬੀ ਟਰੱਕ ਡਰਾਈਵਰ ਗ੍ਰਿਫ਼ਤਾਰ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਇੰਡੀਆਨਾ ’ਚ ਇਕ ਟਰੱਕ ਹਾਦਸੇ ਦੇ ਦੋਸ਼ ’ਚ 25 ਸਾਲਾ ਭਾਰਤੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਦੇ ਟਰੱਕ ਵੱਲੋਂ ਤਿੰਨ ਵਾਹਨਾਂ ਨੂੰ ਟੱਕਰ ਮਾਰਨ ਕਾਰਨ ਵਾਪਰੇ ਹਾਦਸੇ ’ਚ ਇਕ ਵਿਅਕਤੀ ਦੀ ਮੌਤ ਹੋ ਗਈ। ਦੋਸ਼ੀ, ਜਿਸ ਦੀ ਪਛਾਣ ਸੁਖਦੀਪ ਸਿੰਘ ਵਜੋਂ ਹੋਈ ਹੈ, ਨੇ ਕਥਿਤ ਤੌਰ ’ਤੇ ਲਾਲ ਬੱਤੀ ’ਚੋਂ ਟਰੱਕ ਨੂੰ ਲੰਘਾਇਆ, ਜਿਸ ਕਾਰਨ ਇਹ ਘਾਤਕ ਹਾਦਸਾ ਵਾਪਰਿਆ। ਇੰਡੀਆਨਾਪੋਲਿਸ ਦੇ ਪੱਛਮ ’ਚ ਸਥਿਤ ਹੈਂਡਰਿਕਸ ਕਾਊਂਟੀ, ਇੰਡੀਆਨਾ ’ਚ ਵਾਪਰੇ ਹਾਦਸੇ ’ਚ ਪਿਕਅੱਪ ਡਰਾਈਵਰ, 64 ਸਾਲਾ ਟੈਰੀ ਸ਼ੁਲਟਜ਼ ਦੀ ਮੌਕੇ ’ਤੇ ਹੀ ਮੌਤ ਹੋ ਗਈ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਦੋਸ਼ੀ ਅਮਰੀਕੀ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਦੀ ਹਿਰਾਸਤ ’ਚ ਹੈ। ਉਨ੍ਹਾਂ ਦੱਸਿਆ ਕਿ ਉਹ ਇੰਡੀਆਨਾ ’ਚ ਗੈਰ-ਕਾਨੂੰਨੀ ਤੌਰ ’ਤੇ ਵੀ ਰਹਿ ਰਿਹਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਦੀਪ ਨੂੰ 2018 ’ਚ ਅਮਰੀਕੀ ਸਰਹੱਦ ਪਾਰ ਕਰਦਿਆਂ ਫੜਿਆ ਗਿਆ ਸੀ। ਉਸ ਸਮੇਂ ਉਹ ਇਕ ਨਾਬਾਲਗ ਸੀ। ਬਾਅਦ ’ਚ ਉਸ ਨੂੰ 1997 ਦੇ ਫਲੋਰਸ ਸਹਿਮਤੀ ਫ਼ਰਮਾਨ ਦੇ ਤਹਿਤ ਅਮਰੀਕਾ ’ਚ ਰਿਹਾਅ ਕਰ ਦਿੱਤਾ ਗਿਆ ਸੀ, ਜਿਸ ’ਚ ਇਹ ਹੁਕਮ ਦਿੱਤਾ ਗਿਆ ਸੀ ਕਿ ਗੈਰ-ਕਾਨੂੰਨੀ ਤੌਰ ’ਤੇ ਸਰਹੱਦ ਪਾਰ ਕਰਨ ਵਾਲੇ ਬੱਚਿਆਂ ਨੂੰ ਹਿਰਾਸਤ ਵਿਚ ਲੈਣ ਦੀ ਬਜਾਏ ਮਾਪਿਆਂ ਜਾਂ ਬਾਲਗ ਰਿਸ਼ਤੇਦਾਰ ਕੋਲ ਭੇਜ ਦਿੱਤਾ ਜਾਵੇ। ਉਸ ਨੂੰ ਮਈ 2025 ’ਚ ਹੀ ਇਕ ਵਪਾਰਕ ਡਰਾਈਵਿੰਗ ਲਾਇਸੈਂਸ ਮਿਲਿਆ ਸੀ। ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਕਿਹਾ ਕਿ ਇਹ ਹਾਦਸਾ ਇੰਡੀਆਨਾ ’ਚ ਇਕ ਹੋਰ ਗੈਰ-ਕਾਨੂੰਨੀ ਪਰਦੇਸੀ ਵੱਲੋਂ ਸੈਮੀ-ਟਰੱਕ ਚਲਾਉਣ ਨਾਲ ਚਾਰ ਮਾਸੂਮ ਲੋਕਾਂ ਦੀ ਮੌਤ ਹੋਣ ਤੋਂ 2 ਹਫ਼ਤਿਆਂ ਤੋਂ ਵੀ ਘੱਟ ਸਮੇਂ ਬਾਅਦ ਵਾਪਰਿਆ ਹੈ।

# ਵਿਦੇਸ਼ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਦੇ ਰੁਝਾਨ ’ਚ ਆਈ ਵੱਡੀ ਤਬਦੀਲੀ!

**ਨਵੀਂ ਦਿੱਲੀ, (ਪੰਜਾਬ ਮੇਲ)**- ਵਿਦੇਸ਼ ਜਾ ਕੇ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਦੇ ਰੁਝਾਨ ’ਚ ਇਕ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਗ੍ਰੈਜੂਏਟ ਮੈਨੇਜਮੈਂਟ ਐਡਮਿਸ਼ਨ ਕੌਂਸਲ (ਜੀ.ਐੱਮ.ਏ.ਸੀ.) ਦੀ ਤਾਜ਼ਾ ਰਿਪੋਰਟ ਅਨੁਸਾਰ, ਅਗਸਤ 2025 ’ਚ ਅਮਰੀਕੀ ਯੂਨੀਵਰਸਿਟੀਆਂ ’ਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ’ਚ 45% ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਦੂਜੇ ਪਾਸੇ, ਭਾਰਤ ਦੇ ਆਪਣੇ ਮੈਨੇਜਮੈਂਟ ਪ੍ਰੋਗਰਾਮਾਂ ’ਚ ਅੰਤਰਰਾਸ਼ਟਰੀ ਅਰਜ਼ੀਆਂ ’ਚ 25% ਦਾ ਵਾਧਾ ਹੋਇਆ ਹੈ।

ਰਿਪੋਰਟ ਮੁਤਾਬਕ ਵੀਜ਼ਾ ਨੀਤੀਆਂ ’ਚ ਅਨਿਸ਼ਚਿਤਤਾ, ਵੀਜ਼ਾ ਮਿਲਣ ’ਚ ਦੇਰੀ ਅਤੇ ਪੜ੍ਹਾਈ ਦਾ ਵਧਦਾ ਖਰਚਾ ਇਸ ਦੇ ਮੁੱਖ ਕਾਰਨ ਹਨ। ਸਤੰਬਰ 2025 ’ਚ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੇ ਰਿਕਾਰਡ ਹੇਠਲੇ ਪੱਧਰ ’ਤੇ ਪਹੁੰਚਣ ਕਾਰਨ ਵਿਦੇਸ਼ੀ ਪੜ੍ਹਾਈ ਮੱਧਵਰਗੀ ਪਰਿਵਾਰਾਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਇਸ ਤੋਂ ਇਲਾਵਾ, ਕੈਨੇਡਾ ਵੱਲੋਂ ਸਟੱਡੀ ਪਰਮਿਟਾਂ ’ਤੇ ਲਗਾਈ ਗਈ ਕੈਪ (ਸੀਮਾ) ਅਤੇ ਬ੍ਰਿਟੇਨ ਵਿਚ ਪਰਿਵਾਰਕ ਮੈਂਬਰਾਂ ਨੂੰ ਨਾਲ ਲਿਜਾਣ ’ਤੇ ਲੱਗੀ ਪਾਬੰਦੀ ਨੇ ਵੀ ਵਿਦਿਆਰਥੀਆਂ ਨੂੰ ਨਿਰਾਸ਼ ਕੀਤਾ ਹੈ।

ਜਿੱਥੇ ਉੱਤਰੀ ਅਮਰੀਕਾ (ਅਮਰੀਕਾ-ਕੈਨੇਡਾ) ਦਾ ਦਬਦਬਾ ਘਟ ਰਿਹਾ ਹੈ, ਉੱਥੇ ਹੀ ਏਸ਼ੀਆ ਅਤੇ ਮਹਾਂਦੀਪੀ ਯੂਰਪ (ਬ੍ਰਿਟੇਨ ਨੂੰ ਛੱਡ ਕੇ) ਨਵੇਂ ਸਿੱਖਿਆ ਕੇਂਦਰਾਂ ਵਜੋਂ ਉੱਭਰ ਰਹੇ ਹਨ। ਅੰਕੜੇ ਦੱਸਦੇ ਹਨ ਕਿ 90% ਅਮਰੀਕੀ ਸੰਸਥਾਵਾਂ ਵਿਚ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿੱਥੇ ਭਾਰਤੀ ਵਿਦਿਆਰਥੀਆਂ ਨੇ ਫੀਸ ਤਾਂ ਜਮ੍ਹਾ ਕਰਵਾਈ ਪਰ ਵੀਜ਼ਾ ਰੱਦ ਹੋਣ ਜਾਂ ਦੇਰੀ ਕਾਰਨ ਉਹ ਪੜ੍ਹਨ ਨਹੀਂ ਜਾ ਸਕੇ। ਹੁਣ ਵਿਦਿਆਰਥੀ ਸਿਰਫ਼ ਯੂਨੀਵਰਸਿਟੀ ਦੀ ਰੈਂਕਿੰਗ ਨਹੀਂ ਦੇਖ ਰਹੇ, ਸਗੋਂ ਉਹ ਇਹ ਦੇਖ ਰਹੇ ਹਨ ਕਿ ਕਿਹੜਾ ਦੇਸ਼ ਵੀਜ਼ਾ ਦੀ ਸਪੱਸ਼ਟਤਾ, ਪੜ੍ਹਾਈ ਤੋਂ ਬਾਅਦ ਕੰਮ ਦੇ ਮੌਕੇ ਅਤੇ ਸਸਤੀ ਸਿੱਖਿਆ

# ਗੈਂਗਲੈਂਡ ਬਣਦਾ ਜਾ ਰਿਹੈ ਜਲੰਧਰ; 93 ਗੈਂਗਸਟਰ ਸਰਗਰਮ

**ਜਲੰਧਰ, (ਪੰਜਾਬ ਮੇਲ)**- ਜਲੰਧਰ ਵਿਚ ਕ੍ਰਾਈਮ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਲੰਧਰ ਜ਼ਿਲ੍ਹੇ ’ਚ ਸਤੰਬਰ ਤੋਂ ਫਰਵਰੀ ਦੇ ਅੰਤ ਤੱਕ ਯਾਨੀ ਕਿ 6 ਮਹੀਨਿਆਂ ਦੇ ਅੰਦਰ 15 ਵਾਰ ਗੋਲ਼ੀਆਂ ਚੱਲਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਹ ਮਾਮਲੇ ਜ਼ਿਆਦਾਤਰ ਜਬਰੀ ਵਸੂਲੀ ਅਤੇ ਰੰਜਿਸ਼ਨ ਨਾਲ ਸਬੰਧਤ ਸਨ। ਆਮ ਆਦਮੀ ਪਾਰਟੀ ਦੇ ਆਗੂ ਲੱਕੀ ਓਬਰਾਏ ਦਾ ਹਾਲ ਹੀ ਵਿਚ ਹੋਇਆ ਕਤਲ ਵੀ ਇਸ ਲੜੀ ਵਿਚ ਸ਼ਾਮਲ ਹੈ। ਹੁਣ ਤੱਕ ਪੁਲਿਸ ਨੇ ਇਨ੍ਹਾਂ ਮਾਮਲਿਆਂ ਵਿਚ ਸਿਰਫ਼ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪਿਛਲੇ 6 ਮਹੀਨਿਆਂ ਵਿਚ ਗੋਲ਼ੀਆਂ ਚੱਲਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਰੰਜਿਸ਼ ਦੇ 7 ਮਾਮਲੇ ਹਨ, ਜਦਕਿ ਫਿਰੌਤੀ ਦੇ 4 ਮਾਮਲੇ ਹਨ। ਬਾਕੀ ਮਾਮਲਿਆਂ ਵਿਚ ਪੁਲਿਸ ਇਹ ਕਹਿਣ ਲਈ ਤਿਆਰ ਨਹੀਂ ਹੈ ਕਿ ਗੋਲ਼ੀਆਂ ਦੁਸ਼ਮਣੀ ਕਾਰਨ ਚੱਲੀਆਂ ਸਨ ਜਾਂ ਫਿਰ ਰੰਜ਼ਿਸ਼ ਦੇ ਕਾਰਨ। ਇਸ ਦੇ ਨਾਲ ਪੁਲਿਸ ਇਹ ਵੀ ਪਤਾ ਨਹੀਂ ਲਗਾ ਸਕੀ ਹੈ ਕਿ ਗੋਲ਼ੀਆਂ ਕਿਸ ਨੇ ਚਲਾਈਆਂ ਸਨ। ਪੁਲਿਸ ਅਜੇ




ਤੱਕ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਰਿਕਾਰਡ ਮੁਤਾਬਕ ਜਲੰਧਰ ਜ਼ਿਲ੍ਹੇ ਵਿਚ ਕੁੱਲ੍ਹ 93 ਗੈਂਗਸਟਰ ਸੂਚੀਬੱਧ ਹਨ, ਜਿਨ੍ਹਾਂ ਵਿਚੋਂ 64 ਪੁਲਿਸ ਦੀ ਹਿਰਾਸਤ ਤੋਂ ਬਾਹਰ ਹਨ। ਜ਼ਿਲ੍ਹੇ ਵਿਚ 7 ਵੱਡੇ ਗੈਂਗ ਸਰਗਰਮ ਹਨ। ਸਭ ਤੋਂ ਵੱਡਾ ਨੈੱਟਵਰਕ ਲਾਰੈਂਸ ਬਿਸ਼ਨੋਈ ਗੈਂਗ ਦਾ ਹੈ, ਜਿਸ ਦੇ 40 ਮੈਂਬਰ ਹਨ, ਜਿਨ੍ਹਾਂ ਵਿਚ 28 ਸ਼ਹਿਰ ਦੇ ਅਤੇ 12 ਪੇਂਡੂ ਖੇਤਰਾਂ ਤੋਂ ਸ਼ਾਮਲ ਹਨ। ਗੋਲਡੀ ਬਰਾੜ ਗੈਂਗ ਦੂਜੇ ਸਥਾਨ ’ਤੇ ਹੈ, ਜਿਸ ਦੇ 17 ਸਰਗਰਮ ਮੈਂਬਰ ਹਨ। ਬੰਬੀਹਾ ਗੈਂਗ ਅਤੇ ਰਿੰਦਾ-ਲੰਡਾ ਗੈਂਗ ਹਰੇਕ ਦੇ 12 ਮੈਂਬਰ ਸੂਚੀ ਵਿਚ ਹਨ। ਜੈਪਾਲ ਭੁੱਲਰ ਗੈਂਗ ਦੇ ਛੇ, ਰਵੀ ਬਲਾਚੌਰੀਆ ਗੈਂਗ ਦੇ ਪੰਜ ਅਤੇ ਜੱਗੂ ਭਗਵਾਨਪੁਰੀਆ ਗੈਂਗ ਦੇ ਦੋ ਮੈਂਬਰ ਸੂਚੀਬੱਧ ਹਨ। ਅੰਕੜੇ ਦਰਸਾਉਂਦੇ ਹਨ ਕਿ ਲਗਭਗ 68

**■ ਸਤੰਬਰ ਤੋਂ ਫਰਵਰੀ ਦੇ ਅੰਤ ਤੱਕ 15 ਵਾਰ ਚੱਲੀਆਂ ਗੋਲ਼ੀਆਂ**

ਫ਼ੀਸਦੀ ਗੈਂਗਸਟਰ ਜੇਲ੍ਹ ਤੋਂ ਬਾਹਰ ਹਨ।

ਇਸ ਸੂਚੀ ਵਿਚ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਅਪਰਾਧੀਆਂ ਦੇ ਨਾਮ ਵੀ ਸ਼ਾਮਲ ਹਨ। ਦਿਹਾਤੀ ਖੇਤਰ ਦੀ ਸੂਚੀ ਵਿਚ ਸੋਨੀਪਤ (ਹਰਿਆਣਾ) ਤੋਂ ਮੋਨੂੰ ਡਾਗਰ ਸ਼ਾਮਲ ਹੈ, ਜੋ ਇਸ ਸਮੇਂ ਜੇਲ੍ਹ ਵਿਚ ਹੈ। ਇਸੇ ਤਰ੍ਹਾਂ ਅਮਰੀਕ ਸਿੰਘ ਉਰਫ਼ ਵਿੱਕੀ ਮਰਾਡੋ, ਜੋਕਿ ਅਸਲ ਵਿਚ ਜਲੰਧਰ ਦਾ ਨਹੀਂ ਹੈ, ਇਥੇ ਸਰਗਰਮ ਮੰਨਿਆ ਜਾਂਦਾ ਹੈ। ਕਮਿਸ਼ਨਰੇਟ ਸੂਚੀ ਵਿਚ ਪੀਲੀਭੀਤ, ਉੱਤਰ ਪ੍ਰਦੇਸ਼ ਤੋਂ ਅਭਿਨਵ ਮਿਸ਼ਰਾ (ਬੰਬੀਹਾ ਗੈਂਗ) ਵੀ ਸ਼ਾਮਲ ਹੈ। ਇਹ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ ਕਿ ਜਲੰਧਰ ਅੰਤਰਰਾਜੀ ਗੈਂਗਸਟਰਾਂ ਲਈ ਇਕ ਸਰਗਰਮ ਕੇਂਦਰ ਬਣਦਾ ਜਾ ਰਿਹਾ ਹੈ। ਜ਼ਿਆਦਾਤਰ ਮਾਮਲਿਆਂ ਵਿਚ ਸੀ.ਸੀ.ਟੀ.ਵੀ. ਫੁਟੇਜ ਉਪਲੱਬਧ ਹੈ, ਫਿਰ ਵੀ ਪੁਲਿਸ ਗੋਲ਼ੀਬਾਰੀ ਕਰਨ ਵਾਲਿਆਂ ਅਤੇ ਮਾਸਟਰਮਾਈਂਡ ਦੀ ਪਛਾਣ ਕਰਨ ਵਿਚ ਸਫ਼ਲ ਨਹੀਂ ਹੋਈ ਹੈ। ਤਕਨੀਕੀ ਸਬੂਤਾਂ ਦੇ ਆਧਾਰ ’ਤੇ ਤਾਜ਼ਾ ਫਾਇਰਿੰਗ ਮਾਮਲਿਆਂ ਵਿਚ ਵੀ ਜਾਂਚ ਤਕਨੀਕੀ ਸਬੂਤਾਂ ਦੇ ਆਧਾਰ ’ਤੇ ਜਾਰੀ ਹੈ ਪਰ ਹੁਣ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

9 ਗੈਂਗਸਟਰ ਏ ਪਲਸ ਸ਼੍ਰੇਣੀ ਦੇ ਵਿਚ ਆਉਂਦੇ ਹਨ, ਜਿਨ੍ਹਾਂ ਵਿਚੋਂ 5 ਜੇਲ੍ਹ ਵਿਚ ਹਨ ਅਤੇ 4 ਬਾਹਰ ਹਨ। ਇਹ ਵੀ ਇਕ ਚਿੰਤਾ ਦਾ ਵਿਸ਼ਾ ਹੈ।

ਜੇਲ੍ਹ ’ਚ ਬੰਦ ਗੈਂਗਸਟਰਾਂ ’ਚ ਨਰਿੰਦਰ ਕੁਮਾਰ ਉਰਫ਼ ਲੱਲੀ (ਬੰਬੀਹਾ ਗੈਂਗ), ਪੁਨੀਤ ਸ਼ਰਮਾ ਉਰਫ਼ ਪੁਨੀਤ ਲਖਨਪਾਲ (ਬੰਬੀਹਾ ਗੈਂਗ), ਅਮਰੀਕ ਸਿੰਘ ਉਰਫ਼ ਵਿੱਕੀ ਮਰਾਡੋ (ਰਿੰਦਾ-ਲੰਡਾ ਗੈਂਗ), ਗੁਰਪ੍ਰੀਤ ਸਿੰਘ ਉਰਫ਼ ਗੋਪੀ ਡੱਲੇਵਾਲੀਆ (ਬਿਸ਼ਨੋਈ ਗੈਂਗ), ਪਲਵਿੰਦਰ ਸਿੰਘ ਉਰਫ਼ ਪਿੰਦਾ (ਬਿਸ਼ਨੋਈ/ਭਗਵਾਨਪੁਰੀਆ ਗੈਂਗ) ਸ਼ਾਮਲ ਹਨ।

ਜੇਲ੍ਹ ਤੋਂ ਬਾਹਰ ਗੈਂਗਸਟਰਾਂ ’ਚ ਦਲਜੀਤ ਸਿੰਘ ਉਰਫ਼ ਭਾਨਾ (ਬਿਸ਼ਨੋਈ ਗੈਂਗ), ਜਸਕਰਨ ਗੁੱਜਰ ਉਰਫ਼ ਕਾਜੂ ਗੁੱਜਰ (ਬਿਸ਼ਨੋਈ ਗੈਂਗ), ਵਿਜੇ ਕੁਮਾਰ (ਬੰਬੀਹਾ ਗੈਂਗ), ਮੁਹੰਮਦ ਜੈਸੀਨ ਉਰਫ਼ ਜੈਸੀ ਸਿਲੈਂਡਰ (ਗੋਲਡੀ ਬਰਾੜ ਗੈਂਗ) ਸ਼ਾਮਲ ਹਨ।

# ਗਲੋਬਲ ਏ.ਆਈ. ਬ੍ਰੇਨ ਰੇਸ ਰਿਪੋਰਟ 2026 ’ਚ ਅਮਰੀਕਾ ਪਹਿਲੇ ਸਥਾਨ

**ਨਵੀਂ ਦਿੱਲੀ, (ਪੰਜਾਬ ਮੇਲ)**- ਗਲੋਬਲ ਏ.ਆਈ. ਬ੍ਰੇਨ ਰੇਸ ਰਿਪੋਰਟ 2026 ਅਨੁਸਾਰ ਸੰਯੁਕਤ ਰਾਜ ਅਮਰੀਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ, ਉਸ ਤੋਂ ਬਾਅਦ ਚੀਨ ਅਤੇ ਸਿੰਗਾਪੁਰ ਹਨ ਜਦੋਂ ਕਿ ਭਾਰਤ ਛੇਵੇਂ ਸਥਾਨ ’ਤੇ ਹੈ। ਈਜ਼ੀਹਿਊਮੈਨਾਈਜ਼ਰ ਡਾਟ ਆਈ.ਓ. ਵੱਲੋਂ ਪ੍ਰਕਾਸ਼ਿਤ ਇਹ ਅਧਿਐਨ ਬਨਾਉਟੀ ਗਿਆਨ (ਏ.ਆਈ.) ਖੋਜ ਅਤੇ ਵਿਕਾਸ, ਆਰਥਿਕ ਏਕੀਕਰਨ, ਬੁਨਿਆਦੀ ਢਾਂਚਾ, ਪ੍ਰਤਿਭਾ ਤਿਆਰੀ, ਸ਼ਾਸਨ, ਜ਼ਿੰਮੇਵਾਰ ਏ.ਆਈ., ਜਨਤਕ ਰਾਏ ਅਤੇ ਅਕਾਦਮਿਕ ਤਾਕਤ ਨੂੰ ਮਿਲਾ ਕੇ ਇਕ ਢਾਂਚੇ ਦੀ ਵਰਤੋਂ ਕਰਦੇ ਹੋਏ 100 ਤੋਂ ਵੱਧ ਦੇਸ਼ਾਂ ਦਾ ਮੁਲਾਂਕਣ ਕਰਦਾ ਹੈ। ਸੰਯੁਕਤ ਰਾਜ ਅਮਰੀਕਾ 100 ’ਚੋਂ 82 ਦੇ ਅੰਤਿਮ ਸਕੋਰ ਨਾਲ ਪਹਿਲੇ ਸਥਾਨ ’ਤੇ ਹੈ। ਚੀਨ ਦੂਜੇ, ਸਿੰਗਾਪੁਰ ਤੀਜੇ, ਚਨਥੇ ਅਤੇ ਪੰਜਵੇਂ ਸਥਾਨ ’ਤੇ ਦੱਖਣੀ ਕੋਰੀਆ ਅਤੇ ਯੂ.ਕੇ. ਹਨ। ਭਾਰਤ 100 ’ਚੋਂ 32 ਦੇ ਸਕੋਰ ਨਾਲ ਛੇਵੇਂ ਸਥਾਨ ’ਤੇ ਹੈ।

# ਟਰੰਪ ਸਰਕਾਰ ਵੱਲੋਂ ਐਂਥਰੋਪਿਕ ਦੇ ਏ.ਆਈ. ਤਕਨਾਲੋਜੀ 'ਤੇ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਲਡ ਟਰੰਪ ਸਰਕਾਰ ਨੇ ਸਾਰੀਆਂ ਅਮਰੀਕੀ ਸਰਕਾਰੀ ਏਜੰਸੀਆਂ ਨੂੰ ਐਂਥਰੋਪਿਕ ਕੰਪਨੀ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਤਕਨਾਲੋਜੀ ਦੀ ਵਰਤੋਂ ਤੁਰੰਤ ਬੰਦ ਕਰਨ ਦੇ ਹੁਕਮ ਦਿੱਤੇ ਹਨ। ਇਹ ਫੈਸਲਾ ਸਰਕਾਰ ਅਤੇ ਕੰਪਨੀ ਵਿਚਾਲੇ ਏ.ਆਈ. ਦੀ ਸੁਰੱਖਿਆ ਅਤੇ ਇਸ ਦੀ ਫੌਜੀ ਵਰਤੋਂ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਲਿਆ ਗਿਆ ਹੈ। ਰਾਸ਼ਟਰਪਤੀ ਟਰੰਪ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ

**■ ਸੁਰੱਖਿਆ ਨਿਯਮਾਂ ਨੂੰ ਲੈ ਕੇ ਸਰਕਾਰ ਅਤੇ ਕੰਪਨੀ ਵਿਚਾਲੇ ਟਕਰਾਅ ਵਧਿਆ**

ਸੋਸ਼ਲ ਮੀਡੀਆ 'ਤੇ ਕੰਪਨੀ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਹੈ ਕਿ ਕੰਪਨੀ ਨੇ ਅਮਰੀਕੀ ਫੌਜ ਨੂੰ ਆਪਣੀ ਤਕਨਾਲੋਜੀ ਦੀ ਬਿਨਾਂ ਕਿਸੇ ਰੋਕ-ਟੋਕ ਦੇ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਨਾਲ ਕੌਮੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਸਕਦਾ ਹੈ। ਟਰੰਪ ਨੇ ਸਾਫ ਕਿਹਾ ਹੈ ਕਿ ਉਹ ਹੁਣ ਇਸ ਕੰਪਨੀ ਨਾਲ ਕੋਈ ਕਾਰੋਬਾਰ ਨਹੀਂ ਕਰਨਾ



ਚਾਹੁੰਦੇ। ਦੂਜੇ ਪਾਸੇ, ਐਂਥਰੋਪਿਕ ਦੇ ਸੀ.ਈ.ਓ. ਡਾਰੀਓ ਅਮੋਡੇਈ ਨੇ ਆਪਣੀ ਕੰਪਨੀ ਦੇ ਸੁਰੱਖਿਆ ਨਿਯਮਾਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕੰਪਨੀ ਚਾਹੁੰਦੀ ਸੀ ਕਿ ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ) ਇਹ ਭਰੋਸਾ ਦੇਵੇ ਕਿ ਉਨ੍ਹਾਂ ਦੇ ਏ.ਆਈ. ਕਲੌਡ ਦੀ ਵਰਤੋਂ ਅਮਰੀਕੀ ਨਾਗਰਿਕਾਂ ਦੀ ਜਾਸੂਸੀ ਕਰਨ ਜਾਂ ਖੁਦ ਚੱਲਣ ਵਾਲੇ ਮਾਰੂ ਹਥਿਆਰਾਂ ਵਿਚ ਨਹੀਂ ਕੀਤੀ ਜਾਵੇਗੀ। ਹਾਲਾਂਕਿ ਸਰਕਾਰ ਨੇ ਕਿਹਾ ਕਿ ਉਹ ਅਜਿਹਾ ਕੁਝ ਨਹੀਂ ਕਰੇਗੀ ਪਰ ਉਹ ਤਕਨਾਲੋਜੀ 'ਤੇ ਪੂਰਾ ਕੰਟਰੋਲ ਚਾਹੁੰਦੀ ਸੀ।

# ਬ੍ਰਿਟੇਨ ਅਤੇ ਸਪੇਨ ਵੱਲੋਂ ਫੌਜੀ ਕਾਰਵਾਈ ਦੌਰਾਨ ਸਹਿਯੋਗ ਨਾ ਦੇਣ 'ਤੇ ਟਰੰਪ ਵੱਲੋਂ ਸਖਤ ਰੁਖ ਅਖਤਿਆਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਵਿਰੁੱਧ ਚੱਲ ਰਹੀ ਫੌਜੀ ਕਾਰਵਾਈ ਦੌਰਾਨ ਸਹਿਯੋਗ ਨਾ ਦੇਣ 'ਤੇ ਆਪਣੇ ਪੁਰਾਣੇ ਸਹਿਯੋਗੀਆਂ, ਬ੍ਰਿਟੇਨ ਅਤੇ ਸਪੇਨ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਓਵਲ ਆਫਿਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਰੱਜ ਕੇ ਨਿੰਦਾ ਕੀਤੀ ਅਤੇ ਸਪੇਨ ਨਾਲ ਸਾਰਾ ਵਪਾਰ ਬੰਦ ਕਰਨ ਦਾ ਵੱਡਾ ਐਲਾਨ ਕਰ ਦਿੱਤਾ।

ਰਾਸ਼ਟਰਪਤੀ ਟਰੰਪ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਰਵੱਈਏ ਨੂੰ ਬਹੁਤ ਹੀ "ਅਣ-ਸਹਿਯੋਗੀ" ਦੱਸਿਆ। ਟਰੰਪ ਨੇ ਦੋਸ਼ ਲਗਾਇਆ ਕਿ ਯੂ.ਕੇ. ਨੇ ਸ਼ੁਰੂ ਵਿਚ ਅਮਰੀਕੀ ਬੰਬਾਰ ਜਹਾਜ਼ਾਂ ਨੂੰ ਚਾਗੋਸ ਟਾਪੂ 'ਤੇ ਸਥਿਤ 'ਡਿਏਗੋ ਗਾਰਸੀਆ' ਫੌਜੀ ਅੱਡੇ ਦੀ ਵਰਤੋਂ ਕਰਨ ਤੋਂ ਰੋਕ ਦਿੱਤਾ ਸੀ। ਟਰੰਪ ਨੇ

**■ ਸਪੇਨ ਨਾਲ ਵਪਾਰਕ ਰਿਸ਼ਤੇ ਖਤਮ ਕਰਨ ਦਾ ਐਲਾਨ**

ਤੰਜ ਕੱਸਦਿਆਂ ਕਿਹਾ, "ਅਸੀਂ ਜਿਸ ਵਿਅਕਤੀ ਨਾਲ ਸਿੱਝ ਰਹੇ ਹਾਂ, ਉਹ ਵਿੰਸਟਨ ਚਰਚਿਲ ਨਹੀਂ ਹੈ।" ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਆਗੂ ਸਬੰਧਾਂ ਨੂੰ ਖਰਾਬ ਕਰਦੇ ਹਨ। ਹਾਲਾਂਕਿ, ਟਰੰਪ ਨੇ ਇਹ ਵੀ ਨੋਟ ਕੀਤਾ ਕਿ ਸਟਾਰਮਰ ਨੇ ਐਤਵਾਰ ਦੇਰ ਰਾਤ ਅਮਰੀਕੀ ਫੌਜ ਨੂੰ ਅੱਡਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ।

ਟਰੰਪ ਦਾ ਸਭ ਤੋਂ ਸਖ਼ਤ ਹਮਲਾ ਸਪੇਨ 'ਤੇ ਰਿਹਾ। ਸਪੇਨ ਦੁਆਰਾ ਅਮਰੀਕੀ ਫੌਜ ਨੂੰ ਆਪਣੇ ਅੱਡੇ ਵਰਤਣ ਤੋਂ ਮਨ੍ਹਾ ਕਰਨ 'ਤੇ ਨਾਰਾਜ਼ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਸਪੇਨ ਨਾਲ ਸਾਰਾ ਵਪਾਰ ਖਤਮ ਕਰ ਦੇਵੇਗਾ। ਟਰੰਪ ਨੇ ਕਿਹਾ, "ਸਪੇਨ ਦਾ ਰਵੱਈਆ ਭਿਆਨਕ ਰਿਹਾ ਹੈ। ਅਸੀਂ ਸਪੇਨ ਨਾਲ ਕੋਈ ਲੈਣ-ਦੇਣ ਨਹੀਂ ਰੱਖਣਾ ਚਾਹੁੰਦੇ"। ਉਨ੍ਹਾਂ ਨੇ ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੂੰ ਸਪੇਨ ਨਾਲ ਸਾਰੇ ਵਪਾਰਕ ਸਬੰਧ ਤੁਰੰਤ ਪ੍ਰਭਾਵ ਨਾਲ ਕੱਟਣ ਦੇ ਨਿਰਦੇਸ਼ ਦਿੱਤੇ ਹਨ।

ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਨੇ ਇਰਾਨ 'ਤੇ ਵੱਡੇ ਹਵਾਈ ਹਮਲੇ ਕੀਤੇ ਸਨ, ਜਿਸ ਵਿਚ ਇਰਾਨੀ ਸੁਪਰੀਮ ਲੀਡਰ ਆਇਤੁੱਲਾ ਖਮੇਨੇਈ ਅਤੇ ਚਾਰ ਹੋਰ ਸੀਨੀਅਰ ਅਧਿਕਾਰੀ ਮਾਰੇ ਗਏ ਸਨ। ਇਸ ਜੰਗੀ ਕਾਰਵਾਈ ਦੌਰਾਨ ਸਹਿਯੋਗੀਆਂ ਦੇ ਵੱਖੋ-ਵੱਖਰੇ ਸਟੈਂਡ ਕਾਰਨ ਅਮਰੀਕਾ ਦੇ ਆਪਣੇ ਪੁਰਾਣੇ ਸਹਿਯੋਗੀਆਂ ਨਾਲ 'ਵਿਸ਼ੇਸ਼ ਸਬੰਧਾਂ' ਵਿਚ ਤਣਾਅ ਪੈਦਾ ਹੋ ਗਿਆ ਹੈ। ਇਰਾਨ ਵੱਲੋਂ ਵੀ ਖੇਤਰ ਵਿਚ ਅਮਰੀਕੀ ਟਿਕਾਣਿਆਂ ਅਤੇ ਸਹਿਯੋਗੀ ਦੇਸ਼ਾਂ 'ਤੇ ਲਗਾਤਾਰ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ ਜਾ ਰਹੇ ਹਨ।

# ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਸਹੁੰ ਚੁੱਕ ਕੇ ਦਿੱਤੇ ਸਵਾਲਾਂ ਦੇ ਜਵਾਬ

**ਵਾਸ਼ਿੰਗਟਨ, (ਪੰਜਾਬ ਮੇਲ)-** ਜੈਫਰੀ ਐਪਸਟੀਨ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਇੱਕ ਵੀਡੀਓ ਗਵਾਹੀ ਸਾਹਮਣੇ ਆਈ ਹੈ, ਜਿਸ ਵਿਚ ਉਨ੍ਹਾਂ ਨੇ ਖੁਦ ਨੂੰ ਐਪਸਟੀਨ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਹਾਊਸ ਓਵਰਸਾਈਟ ਕਮੇਟੀ ਵੱਲੋਂ ਜਾਰੀ ਕੀਤੇ ਗਏ ਵੀਡੀਓਜ਼ ਵਿਚ ਕਲਿੰਟਨ ਨੇ ਦੱਸਿਆ ਕਿ 2008 ਵਿਚ ਐਪਸਟੀਨ 'ਤੇ ਲੱਗੇ ਦੋਸ਼ਾਂ ਤੋਂ ਕਈ ਸਾਲ ਪਹਿਲਾਂ ਹੀ ਉਨ੍ਹਾਂ ਨੇ ਉਸ ਨਾਲ ਨਾਤਾ ਤੋੜ ਲਿਆ ਸੀ।

ਕਲਿੰਟਨ ਨੇ ਸਹੁੰ ਚੁੱਕ ਕੇ ਕਿਹਾ ਕਿ ਉਨ੍ਹਾਂ ਨੂੰ ਐਪਸਟੀਨ ਦੇ ਗੈਰ-ਕਾਨੂੰਨੀ ਕੰਮਾਂ ਜਾਂ ਮਹਿਲਾਵਾਂ ਦੀ ਤਸਕਰੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਦੂਜੇ ਪਾਸੇ, ਹਿਲੇਰੀ ਕਲਿੰਟਨ ਨੇ ਕਮੇਟੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਐਪਸਟੀਨ ਨਾਲ ਕਦੇ ਮਿਲਣ ਦੀ ਗੱਲ ਯਾਦ ਹੀ ਨਹੀਂ ਹੈ।

ਗਵਾਹੀ ਦੌਰਾਨ ਬਿੱਲ ਕਲਿੰਟਨ ਤੋਂ ਕਈ ਨਿੱਜੀ ਸਵਾਲ ਵੀ ਪੁੱਛੇ ਗਏ, ਜਿਸ ਵਿਚ ਇੱਕ ਪੂਲ ਦੀ ਤਸਵੀਰ ਦਾ ਜ਼ਿਕਰ ਸੀ। ਕਲਿੰਟਨ ਨੇ ਸਪੱਸ਼ਟ ਕੀਤਾ ਕਿ ਉਹ ਤਸਵੀਰ ਚੈਰਿਟੀ ਦੇ ਕੰਮ ਲਈ ਬਰੂਨੇਈ ਦੀ ਯਾਤਰਾ ਦੌਰਾਨ ਦੀ ਸੀ ਅਤੇ ਉਨ੍ਹਾਂ ਦਾ ਕਿਸੇ ਵੀ ਔਰਤ ਨਾਲ ਕੋਈ ਗਲਤ ਸਬੰਧ ਨਹੀਂ ਰਿਹਾ।

ਦਿਲਚਸਪ ਗੱਲ ਇਹ ਰਹੀ ਕਿ



*19 ਦਸੰਬਰ, 2025 ਨੂੰ ਵਾਸ਼ਿੰਗਟਨ, ਡੀ.ਸੀ. ਵਿਚ ਨਿਆਂ ਵਿਭਾਗ ਦੁਆਰਾ ਜਾਰੀ ਕੀਤੀ ਗਈ ਇਸ ਤਸਵੀਰ ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਜੈਫਰੀ ਐਪਸਟੀਨ ਦੇ ਨਾਲ ਖੜ੍ਹੇ ਹਨ।*

ਕਲਿੰਟਨ ਨੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਬਾਰੇ ਵੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਲਗਭਗ 20 ਸਾਲ ਪਹਿਲਾਂ ਇੱਕ ਗੋਲਫ ਟੂਰਨਾਮੈਂਟ ਦੌਰਾਨ ਉਨ੍ਹਾਂ ਦੀ ਟਰੰਪ ਨਾਲ ਐਪਸਟੀਨ ਬਾਰੇ ਮਾਮੂਲੀ ਚਰਚਾ ਹੋਈ ਸੀ, ਪਰ ਟਰੰਪ ਨੇ ਕਦੇ ਅਜਿਹੀ ਕੋਈ ਗੱਲ ਨਹੀਂ ਕਹੀ, ਜਿਸ ਨਾਲ ਐਪਸਟੀਨ ਨਾਲ ਉਨ੍ਹਾਂ ਦੇ ਕਿਸੇ ਗਲਤ ਸਬੰਧ ਦਾ ਸ਼ੱਕ ਪਵੇ। ਇਸ ਖੁਲਾਸੇ ਨੇ ਅਮਰੀਕੀ ਸਿਆਸਤ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ।




# ਤੀਜੇ ਵਿਸ਼ਵ ਯੁੱਧ ਸ਼ੁਰੂ ਹੋਣ ਦਾ ਵਧਿਆ ਖਦਸ਼ਾ!

**ਈਰਾਨ ਖ਼ਿਲਾਫ਼ ਜੰਗ 'ਚ ਫਰਾਂਸ, ਜਰਮਨੀ ਅਤੇ ਬ੍ਰਿਟੇਨ ਦੀ ਵੀ ਐਂਟਰੀ**



**ਵਾਸ਼ਿੰਗਟਨ, (ਪੰਜਾਬ ਮੇਲ)-** ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਖਮੇਨੀ ਦੀ ਮੌਤ ਤੋਂ ਬਾਅਦ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਨਾਲ ਹੀ ਤੀਜਾ ਵਿਸ਼ਵ ਯੁੱਧ ਸ਼ੁਰੂ ਹੋਣ ਦਾ ਖਦਸ਼ਾ ਵੱਧ ਗਿਆ ਹੈ। ਖਮੇਨੀ ਦੀ ਮੌਤ ਨਾਲ ਗੁੱਸੇ ਵਿਚ ਆਏ ਈਰਾਨ ਨੇ ਕਈ ਖਾੜੀ ਦੇਸ਼ਾਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਕਰਕੇ ਇਸ ਕਾਰਵਾਈ ਦਾ ਬਦਲਾ ਲਿਆ, ਜਿਸ ਮਗਰੋਂ ਅਮਰੀਕਾ-ਇਜ਼ਰਾਈਲ ਵੀ ਵੱਡੀ ਕਾਰਵਾਈ ਕਰਨ ਦੀ ਤਿਆਰੀ ਵਿਚ ਹਨ।

ਫਰਾਂਸ, ਜਰਮਨੀ ਅਤੇ ਬ੍ਰਿਟੇਨ (ਈ3 ਦੇਸ਼) ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਈਰਾਨ ਦੇ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਹੈ। ਇਨ੍ਹਾਂ ਦੇਸ਼ਾਂ ਨੇ ਐਲਾਨ ਕੀਤਾ ਹੈ ਕਿ ਉਹ ਆਪਣੇ ਹਿੱਤਾਂ ਅਤੇ ਸਹਿਯੋਗੀਆਂ ਦੀ ਰੱਖਿਆ ਲਈ ਅਮਰੀਕਾ ਅਤੇ ਇਜ਼ਰਾਈਲ ਨਾਲ ਮਿਲ ਕੇ ਈਰਾਨ ਦੀਆਂ ਮਿਜ਼ਾਈਲ ਅਤੇ ਡਰੋਨ ਸਮਰੱਥਾਵਾਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਕਾਰਵਾਈ ਕਰਨਗੇ। ਜਰਮਨੀ ਨੇ ਦੱਸਿਆ ਕਿ ਜਾਰਡਨ ਵਿਚ ਉਨ੍ਹਾਂ ਦੇ ਇੱਕ ਫੌਜੀ ਕੈਂਪ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ, ਹਾਲਾਂਕਿ ਉੱਥੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਤਿੰਨਾਂ ਦੇਸ਼ਾਂ ਦੇ ਨੇਤਾ ਈਰਾਨ ਦੇ ਹਮਲਿਆਂ ਤੋਂ ਬਹੁਤ ਗੁੱਸੇ ਵਿਚ ਹਨ, ਉਨ੍ਹਾਂ ਕਿਹਾ ਕਿ ਈਰਾਨ ਨੇ ਖੇਤਰ ਦੇ ਦੇਸ਼ਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਹਮਲਾ ਕੀਤਾ ਹੈ। ਉਹ ਸੰਯੁਕਤ ਰਾਜ ਅਮਰੀਕਾ ਅਤੇ ਖੇਤਰੀ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਨਗੇ। ਇਹ ਬਿਆਨ 1 ਮਾਰਚ, 2026 ਨੂੰ ਜਾਰੀ ਕੀਤਾ ਗਿਆ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਯੁੱਧ ਹੋਰ ਵਧ ਸਕਦਾ ਹੈ।

ਅਮਰੀਕਾ-ਇਜ਼ਰਾਈਲੀ ਹਮਲਿਆਂ ਦੇ ਜਵਾਬ ਵਿਚ ਈਰਾਨ ਨੇ ਸ਼ਨੀਵਾਰ ਅਤੇ ਐਤਵਾਰ ਨੂੰ ਵੱਡੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ। ਈਰਾਨ ਦੇ ਰੈਵੋਲਿਊਸ਼ਨਰੀ ਗਾਰਡਾਂ ਨੇ ਇਨ੍ਹਾਂ ਨੂੰ ਵੱਡੇ ਹਮਲੇ ਦੱਸਿਆ। ਰਿਆਧ (ਸਾਊਦੀ ਅਰਬ), ਦੁਬਈ, ਅਬੂ ਧਾਬੀ (ਯੂ.ਏ.ਈ.), ਦੋਹਾ (ਕਤਰ), ਮਨਾਮਾ (ਬਹਿਰੀਨ), ਯਰੂਸ਼ਲਮ ਅਤੇ ਤੇਲ ਅਵੀਵ ਵਿਚ ਧਮਾਕੇ ਸੁਣੇ ਗਏ। ਦੁਬਈ ਦੇ ਪਾਮ ਆਈਲੈਂਡਜ਼ ਵਿਚ ਇੱਕ ਹੋਟਲ ਦੇ ਨੇੜੇ ਅੱਗ ਲੱਗ ਗਈ। ਬਹਿਰੀਨ ਵਿਚ ਅਮਰੀਕੀ 5ਵੇਂ ਫਲੀਟ ਦੇ ਮੁੱਖ ਦਫਤਰ ਨੂੰ ਨਿਸ਼ਾਨਾ ਬਣਾਇਆ ਗਿਆ। ਕਤਰ, ਕੁਵੈਤ ਅਤੇ ਹੋਰ ਥਾਵਾਂ 'ਤੇ ਅਲ ਉਦੀਦ ਏਅਰ ਬੇਸ 'ਤੇ ਵੀ ਹਮਲਾ ਕੀਤਾ ਗਿਆ। ਇਜ਼ਰਾਈਲ ਵਿਚ, ਬੇਤ ਸ਼ੇਮੇਸ਼ ਸ਼ਹਿਰ ਵਿਚ ਇੱਕ ਪ੍ਰਾਰਥਨਾ ਸਥਾਨ 'ਤੇ ਹਮਲਾ ਕੀਤਾ ਗਿਆ, ਜਿਸ ਵਿਚ ਘੱਟੋ-ਘੱਟ 9 ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਤੇਲ ਅਵੀਵ ਵਿਚ ਵੀ ਮੌਤਾਂ ਹੋਈਆਂ। ਈਰਾਨ ਦਾ ਦਾਅਵਾ ਹੈ ਕਿ ਹਮਲਿਆਂ ਵਿਚ ਅਮਰੀਕੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਪਰ ਕਈ ਨਾਗਰਿਕ ਖੇਤਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਹਮਲੇ ਜਾਰਡਨ ਅਤੇ ਇਰਾਕ ਵਿਚ ਵੀ ਹੋਏ।

ਈਰਾਨੀ ਹਮਲਿਆਂ ਨੇ ਪੂਰਬੀ ਜਾਰਡਨ ਵਿਚ ਇੱਕ ਜਰਮਨ ਫੌਜ ਦੇ ਫੀਲਡ ਕੈਂਪ ਨੂੰ ਨਿਸ਼ਾਨਾ ਬਣਾਇਆ। ਇੱਕ ਜਰਮਨ ਫੌਜੀ ਬੁਲਾਰੇ ਨੇ ਕਿਹਾ ਕਿ ਹਮਲਾ ਹੋਇਆ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਉੱਤਰੀ ਇਰਾਕ ਵਿਚ ਏਰਬਿਲ ਦੇ ਨੇੜੇ ਇੱਕ ਬਹੁ-ਰਾਸ਼ਟਰੀ ਫੌਜੀ ਅੱਡੇ, ਜਿੱਥੇ ਅਮਰੀਕਾ ਅਤੇ ਹੋਰ ਫੌਜਾਂ ਤਾਇਨਾਤ ਹਨ, 'ਤੇ ਵੀ ਹਮਲਾ ਕੀਤਾ ਗਿਆ। ਉੱਥੇ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਹ ਹਮਲੇ ਈਰਾਨ ਦੀਆਂ ਜਵਾਬੀ ਕਾਰਵਾਈਆਂ ਦਾ ਹਿੱਸਾ ਸਨ, ਜਿਸ ਵਿਚ ਜਰਮਨੀ, ਫਰਾਂਸ ਅਤੇ ਬ੍ਰਿਟੇਨ ਨੇ ਈਰਾਨ ਦੇ ਹਮਲਿਆਂ ਦੀ ਨਿੰਦਾ ਕੀਤੀ ਸੀ। ਈ3 ਦੇਸ਼ਾਂ ਦਾ ਕਹਿਣਾ ਹੈ ਕਿ ਈਰਾਨ ਨੇ ਉਨ੍ਹਾਂ ਦੇਸ਼ਾਂ 'ਤੇ ਵੀ ਹਮਲਾ ਕੀਤਾ, ਜੋ ਸ਼ੁਰੂਆਤੀ ਅਮਰੀਕਾ-ਇਜ਼ਰਾਈਲੀ ਕਾਰਵਾਈ ਵਿਚ ਸ਼ਾਮਲ ਨਹੀਂ ਸਨ, ਜਿਸ ਨਾਲ ਯੂਰਪੀਅਨ ਦੇਸ਼ਾਂ ਦੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋਇਆ।

ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਨੇ ਖ਼ਮੇਨੇਈ ਦੀ ਮੌਤ ਨੂੰ ਮੁਸਲਮਾਨਾਂ ਦੇ ਖਿਲਾਫ 'ਸਿੱਧੀ ਜੰਗ ਦਾ ਐਲਾਨ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਈਰਾਨ ਇਸ 'ਇਤਿਹਾਸਕ ਅਪਰਾਧ' ਦਾ ਬਦਲਾ ਲੈਣ ਲਈ ਕੋਈ ਵੀ ਕਦਮ ਚੁੱਕਣ ਤੋਂ ਪਿੱਛੇ ਨਹੀਂ ਹਟੇਗਾ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨੀ ਲੋਕਾਂ ਨੂੰ ਆਪਣੀ ਸਰਕਾਰ ਖਿਲਾਫ ਵਿਦਰੋਹ ਕਰਨ ਦਾ ਸੱਦਾ ਦਿੱਤਾ ਹੈ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਮਾਹਰਾਂ ਦਾ ਮੰਨਣਾ ਹੈ ਕਿ ਜੰਗ ਦਾ ਦਾਇਰਾ ਹੋਰ ਵਧ ਸਕਦਾ ਹੈ, ਜਿਸ ਨਾਲ ਪੂਰੇ ਵਿਸ਼ਵ ਦੀ ਸੁਰੱਖਿਆ ਅਤੇ ਆਰਥਿਕਤਾ 'ਤੇ ਗੰਭੀਰ ਅਸਰ ਪੈਣ ਦੀ ਸੰਭਾਵਨਾ ਹੈ।

# ਈਰਾਨ ਨਾਲ ਚੱਲ ਰਹੀ ਮੌਜੂਦਾ ਜੰਗ ਅਗਲੇ ਇੱਕ ਮਹੀਨੇ ਤੱਕ ਚੱਲ ਸਕਦੀ ਹੈ : ਟਰੰਪ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੇ ਮੌਜੂਦਾ ਸੰਘਰਸ਼ 'ਤੇ ਵੱਡਾ ਬਿਆਨ ਦਿੰਦਿਆਂ ਕਿਹਾ ਹੈ ਕਿ ਇਹ ਜੰਗ ਅਗਲੇ ਇੱਕ ਮਹੀਨੇ ਤੱਕ ਚੱਲ ਸਕਦੀ ਹੈ। ਉਨ੍ਹਾਂ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਅਮਰੀਕੀ ਫੌਜੀ ਮੁਹਿੰਮ ਆਪਣੇ ਤੈਅ ਸ਼ੈਡਿਊਲ ਤੋਂ ਅੱਗੇ ਚੱਲ ਰਹੀ ਹੈ ਅਤੇ ਸਭ ਕੁਝ ਯੋਜਨਾ ਅਨੁਸਾਰ ਹੋ ਰਿਹਾ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕੀ ਕਾਰਵਾਈ 'ਚ ਹੁਣ ਤੱਕ 48 ਈਰਾਨੀ ਆਗੂਆਂ ਦਾ ਖ਼ਾਤਮਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਈਰਾਨ ਦੀ ਲੀਡਰਸ਼ਿਪ ਨੂੰ ਉਮੀਦ ਤੋਂ ਕਿਤੇ ਜ਼ਿਆਦਾ ਤਬਾਹ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਜੰਗ ਵਿਚ ਸ਼ਹੀਦ ਹੋਏ ਤਿੰਨ ਅਮਰੀਕੀ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

ਰਾਸ਼ਟਰਪਤੀ ਨੇ ਸੰਕੇਤ ਦਿੱਤਾ ਕਿ ਈਰਾਨ ਦੀ ਨਵੀਂ ਲੀਡਰਸ਼ਿਪ ਹੁਣ ਗੱਲਬਾਤ ਕਰਨਾ ਚਾਹੁੰਦੀ ਹੈ। ਹਾਲਾਂਕਿ, ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਕੋਸ਼ਿਸ਼ ਪਿਛਲੇ ਹਫ਼ਤੇ ਕਰਨੀ ਚਾਹੀਦੀ ਸੀ, ਪਰ ਉਹ ਅਜੇ ਵੀ ਭਵਿੱਖ ਵਿਚ ਗੱਲਬਾਤ ਲਈ ਤਿਆਰ ਹਨ।

ਟਰੰਪ ਨੇ ਇਕ ਹੋਰ ਅਹਿਮ ਖੁਲਾਸਾ ਕਰਦਿਆਂ ਦੱਸਿਆ ਕਿ ਸਾਊਦੀ ਅਰਬ ਵੀ ਇਸ ਲੜਾਈ ਵਿਚ ਸ਼ਾਮਲ ਹੋ ਰਿਹਾ ਹੈ ਕਿਉਂਕਿ ਉਸ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹਿਰੀਨ, ਕਤਰ ਅਤੇ ਜੌਰਡਨ ਵਰਗੇ ਮਿੱਤਰ ਦੇਸ਼ਾਂ ਦੇ ਆਗੂਆਂ ਨਾਲ ਵੀ ਚਰਚਾ ਕੀਤੀ ਹੈ। ਉਨ੍ਹਾਂ ਉਮੀਦ ਜਤਾਈ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਤੋਂ ਬਾਅਦ ਈਰਾਨ ਵਿਚ ਲੋਕਤੰਤਰ ਪੈਦਾ ਹੋ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਇਰਾਨ ਵਿਰੁੱਧ ਜੰਗ 'ਚ ਅਮਰੀਕਾ ਨੂੰ ਸ਼ਾਮਲ ਕਰਕੇ ਨੇਤਨਯਾਹੂ ਨੇ ਖੇਡਿਆ ਸਿਆਸੀ ਜੂਆ!

**■ ਦੋਵਾਂ ਮੁਲਕਾਂ ਦੇ ਸਬੰਧਾਂ 'ਚ ਪੈਦਾ ਹੋ ਸਕਦਾ ਹੈ ਭਾਰੀ ਤਣਾਅ**



**ਯੇਰੂਸ਼ਲਮ, (ਪੰਜਾਬ ਮੇਲ)-** ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਦੋ ਮੁੱਖ ਥੰਮ੍ਹਾਂ 'ਤੇ ਟਿਕਾਈ ਰੱਖਿਆ ਹੈ, ਜਿਨ੍ਹਾਂ ਵਿਚ ਅਮਰੀਕਾ ਨਾਲ ਅਟੁੱਟ ਭਾਈਵਾਲੀ ਅਤੇ ਇਰਾਨ ਦੇ ਇਸਲਾਮਿਕ ਸ਼ਾਸਨ ਵਿਰੁੱਧ ਲਗਾਤਾਰ ਕੂਟਨੀਤਕ ਤੇ ਗੁਪਤ ਜੰਗ ਸ਼ਾਮਲ ਹੈ। ਹੁਣ ਜਦੋਂ ਇਜ਼ਰਾਈਲ ਅਤੇ ਅਮਰੀਕਾ ਇਰਾਨੀ ਲੀਡਰਸ਼ਿਪ ਵਿਰੁੱਧ ਸਾਂਝੀ ਜੰਗ ਵਿਚ ਕੁੱਦ ਪਏ ਹਨ, ਇਹ ਦੋਵੇਂ ਰਣਨੀਤਕ ਰਸਤੇ ਆਪਸ ਵਿਚ ਟਕਰਾਉਣ ਦਾ ਖ਼ਤਰਾ ਪੈਦਾ ਹੋ ਰਿਹਾ ਹੈ। ਇਰਾਨ ਵਿਰੁੱਧ ਇਸ ਲੜਾਈ ਵਿਚ ਅਮਰੀਕਾ ਨੂੰ ਸ਼ਾਮਲ ਕਰ ਕੇ ਨੇਤਨਯਾਹੂ ਅਜਿਹਾ ਜੂਆ ਖੇਡ ਰਹੇ ਹਨ, ਜੋ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਭਾਰੀ ਤਣਾਅ ਪੈਦਾ ਕਰ ਸਕਦਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਸ ਜੰਗ ਲਈ ਮਨਾਉਣਾ ਨੇਤਨਯਾਹੂ ਦੀ ਵੱਡੀ ਜਿੱਤ ਮੰਨੀ ਜਾ ਰਹੀ ਹੈ ਅਤੇ ਜੇ ਉਹ ਸਫਲ ਹੁੰਦੇ ਹਨ, ਤਾਂ ਉਹ ਇਰਾਨੀ ਸਰਕਾਰ ਨੂੰ ਡੇਗਣ ਦਾ ਆਪਣਾ ਸਾਂਝਾ ਟੀਚਾ ਜਲਦੀ ਹਾਸਲ ਕਰ ਸਕਦੇ ਹਨ, ਪਰ ਜੰਗ ਦੇ ਲੰਮੀ ਚੱਲਣ ਦੀ ਸੂਰਤ ਵਿਚ ਇਹ ਸਬੰਧ ਮੁੜ ਪ੍ਰੀਖਿਆ ਦੇ ਦੌਰ ਵਿਚੋਂ ਲੰਘ ਸਕਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਜਨਤਾ ਦਾ ਵੱਡਾ ਹਿੱਸਾ ਇਸ ਜੰਗ ਨੂੰ ਇਜ਼ਰਾਈਲ ਦੀ ਮਨਮਰਜ਼ੀ ਵਜੋਂ ਦੇਖ ਸਕਦਾ ਹੈ, ਜੋ ਅਮਰੀਕਾ ਨੂੰ ਮੱਧ ਪੂਰਬ ਦੀ ਅਜਿਹੀ ਜੰਗ ਵਿਚ ਧੱਕ ਰਿਹਾ ਹੈ, ਜੋ ਉਨ੍ਹਾਂ ਦੀ ਆਪਣੀ ਨਹੀਂ ਹੈ। ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚ ਇਜ਼ਰਾਈਲ ਲਈ ਲੋਕ ਹਮਾਇਤ ਘਟੀ ਹੈ ਅਤੇ ਹਮਦਰਦੀ ਫ਼ਲਸਤੀਨੀਆਂ ਵੱਲ ਵਧੀ ਹੈ।

ਜੰਗ ਦੇ ਸ਼ੁਰੂਆਤੀ ਦਿਨਾਂ ਵਿਚ ਇਜ਼ਰਾਈਲ ਤੇ ਅਮਰੀਕੀ ਫੌਜ ਮਿਲ ਕੇ ਇਰਾਨੀ ਟਿਕਾਣਿਆਂ ਅਤੇ ਲੀਡਰਸ਼ਿਪ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਪਰ ਇਸ ਦੇ ਮਾੜੇ ਪ੍ਰਭਾਵ ਅਮਰੀਕਾ ਵਿਚ ਵੀ ਮਹਿਸੂਸ ਹੋਣੇ ਸ਼ੁਰੂ ਹੋ ਗਏ ਹਨ।

# ਇਰਾਨ 'ਚ ਸਥਿਤ ਗੁਰਦੁਆਰਾ ਸਾਹਿਬ ਨੇੜੇ ਬੰਬਾਰੀ!

**■ 90 ਸਿੱਖਾਂ ਨਾਲੋਂ ਟੁੱਟਿਆ ਸੰਪਰਕ!**

**ਤਹਿਰਾਨ, (ਪੰਜਾਬ ਮੇਲ)-** ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲਿਆਂ ਕਾਰਨ ਖੇਤਰ ਵਿਚ ਹਾਲਾਤ ਬੇਹੱਦ ਗੰਭੀਰ ਹੋ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਤਹਿਰਾਨ ਵਿਚ ਸਥਿਤ ਗੁਰਦੁਆਰਾ ਭਾਈ ਗੰਗਾ ਸਿੰਘ ਸਭਾ ਨੇੜੇ ਹੋਈ ਬੰਬਾਰੀ ਤੋਂ ਬਾਅਦ ਉੱਥੇ ਮੌਜੂਦ ਲਗਭਗ 90 ਸਿੱਖਾਂ ਨਾਲ ਸੰਪਰਕ ਟੁੱਟ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਸਿੱਖ ਪਰਿਵਾਰ ਕਿਸੇ ਸੁਰੱਖਿਅਤ ਟਿਕਾਣੇ ਵੱਲ ਚਲੇ ਗਏ ਹਨ, ਪਰ ਉਨ੍ਹਾਂ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲ ਰਹੀ। ਮੀਡੀਆ ਰਿਪੋਰਟਾਂ ਰਾਹੀਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਰਾਨ ਦੇ ਸਿੱਖ ਕਾਰੋਬਾਰੀ ਅਮਰਦੀਪ ਸਿੰਘ ਆਨੰਦ ਅਨੁਸਾਰ, ਜੰਗ ਦੇ ਪਹਿਲੇ ਦਿਨ ਭਾਈਚਾਰੇ ਦੇ ਮੈਂਬਰਾਂ ਨਾਲ ਸੰਪਰਕ ਹੋਇਆ ਸੀ, ਪਰ ਉਸ ਤੋਂ ਬਾਅਦ ਕੋਈ ਰਾਬਤਾ ਕਾਇਮ ਨਹੀਂ ਹੋ ਸਕਿਆ। ਉਥੇ ਹੀ ਦੂਜੇ ਪਾਸੇ ਕੁਝ ਖਬਰਾਂ ਵਿਚ ਦੱਸਿਆ ਜਾ ਰਿਹਾ ਹੈ ਕਿ ਗੁਰੂਘਰ ਦੇ ਲਾਗੇ ਕੋਈ ਬੰਬਾਰੀ ਨਹੀਂ ਹੋਈ ਹੈ ਪਰ ਉਥੇ ਮੌਜੂਦ ਸਿੱਖ ਪਰਿਵਾਰਾਂ ਦੇ ਨਾਲ ਕੋਈ ਸੰਪਰਕ ਨਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਤਾਜ਼ਾ ਰਿਪੋਰਟਾਂ ਅਨੁਸਾਰ ਇਨ੍ਹਾਂ ਹਮਲਿਆਂ 'ਚ ਹੁਣ ਤੱਕ 700 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਰਾਨੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਸਾਊਦੀ ਅਰਬ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ, ਅਰਾਮਕੋ ਦੀ ਰਾਸ ਤਨੂਰਾ, ਨੂੰ ਤਬਾਹ ਕਰ ਦਿੱਤਾ ਹੈ, ਜਿਸ ਕਾਰਨ ਇਸ ਨੂੰ ਕੁਝ ਸਮੇਂ ਲਈ ਬੰਦ ਕਰਨਾ ਪਿਆ। ਇਸ ਤੋਂ ਇਲਾਵਾ, ਕੁਵੈਤ ਵਿਚ ਅਮਰੀਕਾ ਦੇ ਕਈ ਲੜਾਕੂ ਜਹਾਜ਼ ਕਰੈਸ਼ ਹੋਣ ਅਤੇ ਇਰਾਨ ਵੱਲੋਂ ਸਾਇਪ੍ਰਸ ਵਿਚ ਯੂ.ਕੇ. ਦੇ ਏਅਰ ਬੇਸ 'ਤੇ ਡਰੋਨ ਹਮਲੇ ਦੀ ਖ਼ਬਰ ਹੈ।

ਇਰਾਨ 'ਚ ਤਕਰੀਬਨ 10,000 ਭਾਰਤੀ ਫਸੇ ਹੋਏ ਹਨ, ਜਿਨ੍ਹਾਂ ਨੂੰ ਸਰਕਾਰ ਨੇ ਮੁਲਕ ਛੱਡਣ ਦੀ ਐਡਵਾਈਜ਼ਰੀ ਜਾਰੀ ਕੀਤੀ ਹੈ। ਜੰਮੂ-ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਅਨੁਸਾਰ 1,200 ਕਸ਼ਮੀਰੀ ਵਿਦਿਆਰਥੀ ਵੀ ਇਰਾਨ ਵਿਚ ਫਸੇ ਹੋਏ ਹਨ, ਜਿਨ੍ਹਾਂ ਦੀ ਸੁਰੱਖਿਅਤ ਵਾਪਸੀ ਲਈ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਹੈ। ਪੂਰੇ ਮੱਧ ਪੂਰਬ ਖੇਤਰ ਵਿਚ ਲਗਭਗ 10 ਮਿਲੀਅਨ ਭਾਰਤੀ ਨਾਗਰਿਕ ਮੌਜੂਦ ਹਨ।

ਇਜ਼ਰਾਈਲ ਨੇ ਇਰਾਨੀ ਖੁਫੀਆ ਏਜੰਸੀ ਦੇ ਦੋ ਉੱਚ ਅਧਿਕਾਰੀਆਂ, ਸਈਅਦ ਯਾਹਯਾ ਹਮੀਦੀ ਅਤੇ ਜਲਾਲ ਪੋਰ ਹੁਸੈਨ ਨੂੰ ਹਵਾਈ ਹਮਲੇ ਵਿਚ ਮਾਰਨ ਦਾ ਦਾਅਵਾ ਕੀਤਾ ਹੈ।

# ਇਰਾਨ ਵੱਲੋਂ ਯੂ.ਏ.ਈ. ਅਤੇ ਬਹਿਰੀਨ 'ਚ ਐਮਾਜ਼ਾਨ ਦੇ 3 ਡੇਟਾ ਸੈਂਟਰ ਤਬਾਹ

**ਲੰਡਨ/ਦੁਬਈ, (ਪੰਜਾਬ ਮੇਲ)-** ਮੱਧ-ਪੂਰਬ 'ਚ ਜਾਰੀ ਜੰਗੀ ਤਣਾਅ ਦਰਮਿਆਨ ਇਰਾਨ ਨੇ ਹੁਣ ਐਮਾਜ਼ਾਨ ਨੂੰ ਨਿਸ਼ਾਨਾ ਬਣਾਇਆ ਹੈ। ਇਰਾਨ ਦੇ ਡਰੋਨ ਹਮਲਿਆਂ ਕਾਰਨ ਪੱਛਮੀ ਏਸ਼ੀਆ 'ਚ ਸਥਿਤ ਤਕਨੀਕੀ ਖੇਤਰ ਦੀ ਦਿੱਗਜ ਕੰਪਨੀ ਐਮਾਜ਼ਾਨ ਵੈੱਬ ਸਰਵਿਸਿਜ਼ (ਏ.ਡਬਲਯੂ.ਐੱਸ.) ਦੇ ਤਿੰਨ ਡੇਟਾ ਸੈਂਟਰਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਕੰਪਨੀ ਦੇ ਕਲਾਊਡ ਕੰਪਿਊਟਿੰਗ ਵਿਭਾਗ ਨੇ ਜਾਣਕਾਰੀ ਦਿੱਤੀ ਹੈ ਕਿ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਸਥਿਤ ਦੋ ਡੇਟਾ ਸੈਂਟਰਾਂ 'ਤੇ ਡਰੋਨਾਂ ਰਾਹੀਂ ਸਿੱਧਾ ਹਮਲਾ ਕੀਤਾ ਗਿਆ। ਇਸ ਦੇ ਨਾਲ ਹੀ ਬਹਿਰੀਨ ਵਿਚ ਸਥਿਤ ਇੱਕ ਹੋਰ ਕੇਂਦਰ ਵੀ ਡਰੋਨ ਦੇ ਟਕਰਾਉਣ ਕਾਰਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਏ.ਡਬਲਯੂ.ਐੱਸ. ਨੇ ਆਪਣੇ ਆਨਲਾਈਨ ਡੈਸ਼ਬੋਰਡ 'ਤੇ ਦੱਸਿਆ ਕਿ ਇਨ੍ਹਾਂ ਹਮਲਿਆਂ ਕਾਰਨ ਡੇਟਾ ਸੈਂਟਰਾਂ ਦੇ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਬਿਜਲੀ ਦੀ ਸਪਲਾਈ ਠੱਪ ਹੋ ਗਈ ਹੈ।

ਹਮਲੇ ਇੰਨੇ ਭਿਆਨਕ ਸਨ ਕਿ ਕੁਝ ਕੇਂਦਰਾਂ ਵਿਚ ਅੱਗ ਲੱਗ ਗਈ, ਜਿਸ ਨੂੰ ਬੁਝਾਉਣ ਲਈ ਭਾਰੀ ਜੱਦੋ-ਜਹਿਦ ਕਰਨੀ ਪਈ। ਕੰਪਨੀ ਨੇ ਦੱਸਿਆ ਕਿ ਮੰਗਲਵਾਰ ਦੇਰ ਰਾਤ ਤੱਕ ਯੂ.ਏ.ਈ. ਦੇ ਪ੍ਰਭਾਵਿਤ ਕੇਂਦਰਾਂ ਵਿਚ ਮੁੜ ਨਿਰਮਾਣ ਅਤੇ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਇਸ ਵਿਚ ਤੇਜ਼ੀ ਨਾਲ ਪ੍ਰਗਤੀ ਹੋ ਰਹੀ ਹੈ। ਇਨ੍ਹਾਂ ਹਮਲਿਆਂ ਕਾਰਨ ਖੇਤਰ ਵਿਚ ਡਿਜੀਟਲ ਸੇਵਾਵਾਂ 'ਤੇ ਵੀ ਅਸਰ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




ਪੰਜਾਬ ਮੇਲ USA

# ਅਮਰੀਕਾ ਦੀਆਂ ਅਦਾਲਤਾਂ ਨੇ ਇਮੀਗ੍ਰੇਸ਼ਨ ਹਿਰਾਸਤ ਵਿਚ ਰੱਖੇ ਭਾਰਤੀਆਂ ਨੂੰ ਦਿੱਤੀ ਰਾਹਤ

**ਵਾਸ਼ਿੰਗਟਨ, (ਪੰਜਾਬ ਮੇਲ)-** ਇਸ ਹਫ਼ਤੇ ਕਈ ਅਮਰੀਕੀ ਸੰਘੀ ਅਦਾਲਤਾਂ ਨੇ ਇਮੀਗ੍ਰੇਸ਼ਨ ਹਿਰਾਸਤ ਵਿਚ ਰੱਖੇ ਗਏ ਕਈ ਭਾਰਤੀ ਨਾਗਰਿਕਾਂ ਨੂੰ ਮਹੱਤਵਪੂਰਨ ਰਾਹਤ ਦਿੱਤੀ। ਉਨ੍ਹਾਂ ਨੇ ਕੁਝ ਲਈ ਜ਼ਮਾਨਤੀ ਸੁਣਵਾਈ ਦਾ ਆਦੇਸ਼ ਦਿੱਤਾ ਅਤੇ ਦੂਜਿਆਂ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਇਹ ਫੈਸਲੇ ਕੈਲੀਫੋਰਨੀਆ, ਮਿਸ਼ੀਗਨ, ਨਿਊਯਾਰਕ ਅਤੇ ਓਕਲਾਹੋਮਾ ਦੀਆਂ ਜ਼ਿਲ੍ਹਾ ਅਦਾਲਤਾਂ ਤੋਂ ਆਏ।



ਜੱਜਾਂ ਨੇ ਕਿਹਾ ਕਿ ਕੁਝ ਮਾਮਲਿਆਂ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਗਲਤ ਕਾਨੂੰਨ ਲਾਗੂ ਕੀਤਾ ਜਾਂ ਉਚਿਤ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ। ਅਦਾਲਤਾਂ ਦਾ ਮੰਨਣਾ ਹੈ ਕਿ ਜ਼ਮਾਨਤੀ ਸੁਣਵਾਈ ਤੋਂ ਬਿਨਾਂ ਲੰਬੇ ਸਮੇਂ ਤੱਕ ਹਿਰਾਸਤ ਵਿਚ ਰੱਖਣਾ ਗੈਰ-ਸੰਵਿਧਾਨਕ ਹੋ ਸਕਦਾ ਹੈ।

ਸੈਨ ਡਿਆਗੋ, ਕੈਲੀਫੋਰਨੀਆ ਵਿਚ ਇੱਕ ਸੰਘੀ ਜੱਜ ਨੇ ਹਰਬੀਤ ਸਿੰਘ ਦੀ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਸੱਤ ਦਿਨਾਂ ਦੇ ਅੰਦਰ "ਨਿੱਜੀ ਜ਼ਮਾਨਤੀ ਸੁਣਵਾਈ" ਦਾ ਆਦੇਸ਼ ਦਿੱਤਾ। ਜੱਜ ਨੇ ਕਿਹਾ ਕਿ ਬਿਨਾਂ ਮੁਕੱਦਮੇ ਦੇ ਲੰਬੇ ਸਮੇਂ ਤੱਕ ਹਿਰਾਸਤ ਵਿਚ ਰੱਖਣਾ ਗੈਰ-ਵਾਜਬ ਹੈ ਅਤੇ ਉਚਿਤ ਪ੍ਰਕਿਰਿਆ ਦੀ ਉਲੰਘਣਾ ਹੈ। ਸਰਕਾਰ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਵਿਅਕਤੀ ਭੱਜਣ ਦਾ ਜੋਖਮ ਜਾਂ ਸਮਾਜ ਲਈ ਖ਼ਤਰਾ ਪੈਦਾ ਕਰਦਾ ਹੈ।

ਮਿਸ਼ੀਗਨ ਵਿਚ ਸਾਗਰ ਰਾਮ ਨੂੰ ਵੀ ਰਾਹਤ ਮਿਲੀ। ਅਦਾਲਤ ਨੇ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਉਸਦੀ ਜ਼ਮਾਨਤੀ ਸੁਣਵਾਈ ਦਾ ਹੁਕਮ ਦਿੱਤਾ, ਨਹੀਂ ਤਾਂ ਉਸਨੂੰ ਰਿਹਾਅ ਕਰ ਦਿੱਤਾ ਜਾਵੇਗਾ। ਜੱਜ ਨੇ ਸਰਕਾਰ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਲਾਜ਼ਮੀ ਨਜ਼ਰਬੰਦੀ ਕਾਨੂੰਨ ਉਸ 'ਤੇ ਲਾਗੂ ਹੁੰਦਾ ਹੈ। ਓਕਲਾਹੋਮਾ ਵਿਚ ਕਰਨਦੀਪ ਸਿੰਘ ਦੇ ਮਾਮਲੇ ਵਿਚ, ਅਦਾਲਤ ਨੇ ਇਹ ਵੀ ਕਿਹਾ ਕਿ ਉਹ ਜ਼ਮਾਨਤ ਦੀ ਇਜਾਜ਼ਤ ਦੇਣ ਵਾਲੀ ਧਾਰਾ ਦੇ ਅਧੀਨ ਸੀ। ਓਕਲਾਹੋਮਾ ਵਿਚ ਕਰਨਦੀਪ ਸਿੰਘ ਦੇ ਕੇਸ ਵਿਚ, ਅਦਾਲਤ ਨੇ ਕਿਹਾ ਕਿ ਉਹੀ ਧਾਰਾ ਉਸ 'ਤੇ ਲਾਗੂ ਹੁੰਦੀ ਹੈ, ਜਿਸ ਨੇ ਬਰੁਕਲਿਨ, ਨਿਊਯਾਰਕ ਵਿਚ ਹਰਮਨਪ੍ਰੀਤ ਸਿੰਘ ਨੂੰ ਵੀ ਇੱਕ ਨਵੀਂ ਜ਼ਮਾਨਤੀ ਸੁਣਵਾਈ ਦਾ ਅਧਿਕਾਰ ਦਿੱਤਾ ਸੀ। ਜੱਜ ਨੇ ਕਿਹਾ ਕਿ ਵਾਜਬ ਸੁਰੱਖਿਆ ਉਪਾਵਾਂ ਤੋਂ ਬਿਨਾਂ ਲਗਾਤਾਰ ਨਜ਼ਰਬੰਦੀ ਅਮਰੀਕੀ ਸੰਵਿਧਾਨ ਦੇ ਪੰਜਵੇਂ ਸੋਧ ਦੀ ਉਲੰਘਣਾ ਕਰਦੀ ਹੈ।

ਕੈਲੀਫੋਰਨੀਆ ਦੇ ਇੱਕ ਹੋਰ ਮਾਮਲੇ ਵਿਚ, ਭਵਨੰਦ ਸਿੰਘ ਧਾਲੀਵਾਲ ਨੂੰ ਤੁਰੰਤ ਰਿਹਾਅ ਕਰਨ ਦਾ ਹੁਕਮ ਦਿੱਤਾ ਗਿਆ ਸੀ। ਅਦਾਲਤ ਨੇ ਇਹ ਵੀ ਫੈਸਲਾ ਸੁਣਾਇਆ ਕਿ ਉਸਨੂੰ ਬਿਨਾਂ ਢੁੱਕਵੀਂ ਪ੍ਰਕਿਰਿਆ ਦੇ ਦੁਬਾਰਾ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਸੈਨ ਡਿਆਗੋ ਵਿਚ ਇੱਕ ਹੋਰ ਮਾਮਲੇ ਵਿਚ, ਸਿੰਘ ਵਿਕਰਾਂਤ ਨੂੰ ਵੀ ਤੁਰੰਤ ਰਿਹਾਅ ਕਰਨ ਦਾ ਹੁਕਮ ਦਿੱਤਾ ਗਿਆ ਸੀ। ਹਾਲਾਂਕਿ, ਸਾਰਿਆਂ ਨੂੰ ਰਾਹਤ ਨਹੀਂ ਮਿਲੀ। ਮਿਸ਼ੀਗਨ ਵਿਚ, ਗੁਰਪ੍ਰੀਤ ਵਾਲੀਆ ਸਿੰਘ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਕਿਉਂਕਿ ਅਦਾਲਤ ਨੇ ਕਿਹਾ ਕਿ ਉਸਨੂੰ ਪਹਿਲਾਂ ਹੀ ਆਪਣੀ ਨਜ਼ਰਬੰਦੀ ਦੀ ਸਮੀਖਿਆ ਕਰਨ ਦਾ ਮੌਕਾ ਮਿਲ ਗਿਆ ਸੀ। ਓਕਲਾਹੋਮਾ ਵਿਚ ਇੱਕ ਹੋਰ ਆਦਮੀ ਦੀ ਜ਼ਮਾਨਤੀ ਪਟੀਸ਼ਨ ਨੂੰ ਵੀ ਰੱਦ ਕਰ ਦਿੱਤਾ ਗਿਆ ਸੀ।

ਇਨ੍ਹਾਂ ਮਾਮਲਿਆਂ ਵਿਚ ਮੁੱਖ ਵਿਵਾਦ ਇਹ ਹੈ ਕਿ ਇਮੀਗ੍ਰੇਸ਼ਨ ਕਾਨੂੰਨ ਦੀ ਕਿਹੜੀ ਧਾਰਾ ਲਾਗੂ ਹੁੰਦੀ ਹੈ। ਇੱਕ ਧਾਰਾ ਕੁਝ ਵਿਅਕਤੀਆਂ ਨੂੰ ਲਾਜ਼ਮੀ ਹਿਰਾਸਤ ਵਿਚ ਰੱਖਣ ਦੀ ਵਿਵਸਥਾ ਕਰਦੀ ਹੈ, ਜਦੋਂ ਕਿ ਦੂਜੀ ਧਾਰਾ ਅਮਰੀਕਾ ਵਿਚ ਪਹਿਲਾਂ ਤੋਂ ਹੀ ਰਹਿ ਰਹੇ ਲੋਕਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੀ ਆਗਿਆ ਦਿੰਦੀ ਹੈ।

## ਪਾਕਿਸਤਾਨ 'ਚ 80 ਸਾਲਾਂ ਬਾਅਦ ਖੁੱਲ੍ਹਣਗੇ ਗੁਰਦੁਆਰਾ ਨਾਨਕਸਰ ਦੇ ਬੂਹੇ



*ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਸਿਆਲਕੋਟ ਜ਼ਿਲ੍ਹੇ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦਾ ਮੁਆਇਨਾ ਕਰਦੇ ਹੋਏ।*

**ਚੰਡੀਗੜ੍ਹ, (ਪੰਜਾਬ ਮੇਲ)-** ਪਾਕਿਸਤਾਨ ਦੇ ਸਿਆਲਕੋਟ ਵਿਚ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸਾਹਿਬ, ਜੋ ਵੰਡ ਤੋਂ ਬਾਅਦ ਬੰਦ ਪਿਆ ਸੀ, ਹੁਣ ਦੁਬਾਰਾ ਆਬਾਦ ਕੀਤਾ ਜਾਵੇਗਾ। ਗੁਰਦੁਆਰਾ ਪਹਿਲੀ ਪਾਤਸ਼ਾਹੀ ਨਾਨਕਸਰ ਸਿਆਲਕੋਟ ਦੇ ਡਸਕਾ ਜ਼ਿਲ੍ਹੇ ਦੇ ਪਿੰਡ ਫ਼ਤਹਿ ਭਿੰਡਰ ਵਿਚ ਸਥਿਤ ਹੈ। ਇਸ ਦੀ ਇਮਾਰਤ ਕਾਫੀ ਖ਼ਸਤਾ ਹਾਲਤ ਵਿਚ ਹੈ, ਜਿਸ ਦੀ ਮੁਰੰਮਤ ਲਈ ਹੁਣ ਜਾਂਚ ਕੀਤੀ ਜਾ ਰਹੀ ਹੈ।

ਮੰਨਿਆ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਸੀ। ਵੰਡ ਵੇਲੇ ਇਹ ਹਿੱਸਾ ਪਾਕਿਸਤਾਨ ਵਿਚ ਰਹਿ ਗਿਆ ਸੀ ਅਤੇ ਸਿੱਖ ਪਰਿਵਾਰਾਂ ਦੇ ਉੱਥੋਂ ਚਲੇ ਜਾਣ ਕਾਰਨ ਇਹ ਅਸਥਾਨ ਲੰਬੇ ਸਮੇਂ ਤੋਂ ਖਾਲੀ ਪਿਆ ਸੀ। ਉੱਥੇ ਅੱਜ ਵੀ ਗੁਰਮੁਖੀ ਵਿਚ ਲਿਖੀ ਇਕ ਸੰਗਮਰਮਰ ਦੀ ਤਖ਼ਤੀ ਮੌਜੂਦ ਹੈ, ਜੋ ਗੁਰੂ ਸਾਹਿਬ ਦੀ ਫੇਰੀ ਬਾਰੇ ਜਾਣਕਾਰੀ ਦਿੰਦੀ ਹੈ।

# ਆਈ.ਐੱਮ.ਐੱਫ. ਵੱਲੋਂ ਅਮਰੀਕੀ ਅਰਥਵਿਵਸਥਾ ਦਾ ਸਮੁੱਚਾ ਮੁਲਾਂਕਣ ਪੇਸ਼

**ਅਮਰੀਕੀ ਅਰਥਵਿਵਸਥਾ 'ਮਜ਼ਬੂਤ' ਹੋਣ ਦੇ ਬਾਵਜੂਦ ਜ਼ੋਖਿਮ ਬਰਕਰਾਰ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਅਰਥਵਿਵਸਥਾ ਦੇ ਇਸ ਸਾਲ ਤੇਜ਼ੀ ਨਾਲ ਵਧਣ ਨਾਲ ਹੀ ਬੇਰੋਜ਼ਗਾਰੀ 'ਚ ਕਮੀ ਆ ਸਕਦੀ ਹੈ। ਹਾਲਾਂਕਿ, ਫੈੱਡਰਲ ਬਜਟ ਘਾਟਾ ਅਤੇ ਵਧਦਾ ਸਰਕਾਰੀ ਕਰਜ਼ਾ 'ਸਥਿਰਤਾ ਲਈ ਜੋਖਿਮ' ਬਣ ਸਕਦਾ ਹੈ। ਅੰਤਰਰਾਸ਼ਟਰੀ ਕਰੰਸੀ ਫੰਡ (ਆਈ. ਐੱਮ. ਐੱਫ.) ਨੇ ਇਹ ਗੱਲ ਕਹੀ।

ਆਈ.ਐੱਮ.ਐੱਫ. ਨੇ ਆਪਣੀ ਰਿਪੋਰਟ 'ਚ ਅਮਰੀਕੀ ਅਰਥਵਿਵਸਥਾ ਦਾ ਸਮੁੱਚਾ ਮੁਲਾਂਕਣ ਪੇਸ਼ ਕੀਤਾ ਹੈ। 191 ਦੇਸ਼ਾਂ ਦੀ ਇਸ ਸੰਸਥਾ ਦਾ ਵਿਸ਼ਵ ਦੀ ਸਭ ਤੋਂ ਵੱਡੀ ਅਰਥਵਿਵਸਥਾ ਬਾਰੇ ਮੁਲਾਂਕਣ ਮੋਟੇ ਤੌਰ 'ਤੇ ਹਾਂ-ਪੱਖੀ ਹੈ। ਰਿਪੋਰਟ ਅਨੁਸਾਰ ਅਮਰੀਕਾ ਦਾ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਭਾਵ ਵਸਤਾਂ ਅਤੇ ਸੇਵਾਵਾਂ ਦਾ ਕੁੱਲ ਉਤਪਾਦਨ 2026 ਦੀ ਚੌਥੀ ਤਿਮਾਹੀ 'ਚ ਸਾਲਾਨਾ ਆਧਾਰ 'ਤੇ 2.4 ਫੀਸਦੀ ਵਧ ਸਕਦਾ ਹੈ। ਇਹ ਵਾਧਾ 2025 'ਚ ਦਰਜ 2.2 ਫੀਸਦੀ ਦੀ ਦਰ ਤੋਂ ਵੱਧ ਹੋਵੇਗਾ। ਆਈ.ਐੱਮ.ਐੱਫ. ਦਾ ਅੰਦਾਜ਼ਾ ਹੈ ਕਿ ਅਮਰੀਕਾ 'ਚ ਬੇਰੋਜ਼ਗਾਰੀ ਦੀ ਦਰ 2025 ਦੇ ਅਖੀਰ 'ਚ 4.5 ਫੀਸਦੀ ਤੋਂ ਘੱਟ ਕੇ 2026 'ਚ 4.1 ਫੀਸਦੀ ਰਹਿ ਜਾਵੇਗੀ। ਉੱਥੇ ਹੀ ਮਹਿੰਗਾਈ ਦਰ 2027 ਤੱਕ ਅਮਰੀਕੀ ਕੇਂਦਰੀ ਬੈਂਕ ਦੇ 2 ਫੀਸਦੀ ਦੇ ਟੀਚੇ ਤੱਕ ਆ ਸਕਦੀ ਹੈ।

ਆਈ.ਐੱਮ.ਐੱਫ. ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲੀਨਾ ਜੌਰਜੀਵਾ ਨੇ ਕਿਹਾ ਕਿ ਫੈੱਡਰਲ ਰਿਜ਼ਰਵ ਰੈਪੋ ਦਰ ਨੂੰ ਮੌਜੂਦਾ 3.6 ਫੀਸਦੀ ਤੋਂ ਘਟਾ ਕੇ ਲੱਗਭਗ 3.4 ਫੀਸਦੀ ਤੱਕ ਲਿਆ ਸਕਦਾ ਹੈ। ਇਸ ਨੇ 2025 'ਚ ਨੀਤੀਗਤ ਵਿਆਜ ਦਰ 'ਚ 3 ਵਾਰ ਕਟੌਤੀ ਕੀਤੀ ਸੀ। ਉਨ੍ਹਾਂ ਨੇ ਹਾਲਾਂਕਿ ਖਬਰਦਾਰ ਕੀਤਾ ਕਿ ਅਮਰੀਕੀ ਰੋਜ਼ਗਾਰ ਬਾਜ਼ਾਰ 'ਚ 'ਬਹੁਤ ਜ਼ਿਆਦਾ ਗਿਰਾਵਟ' ਆਉਣ ਦੀ ਸਥਿਤੀ ਨੂੰ ਛੱਡ ਕੇ ਸਰਕਾਰ ਨੂੰ ਹੋਰ ਕਟੌਤੀ ਕਰਨ ਤੋਂ ਬਚਣਾ ਚਾਹੀਦਾ ਹੈ। ਰਿਪੋਰਟ ਮੁਤਾਬਕ ਅਮਰੀਕਾ ਨੂੰ ਮਜ਼ਬੂਤ ਉਤਪਾਦਕਤਾ ਵਾਧੇ ਦਾ ਲਾਭ ਮਿਲਿਆ ਹੈ। ਜੌਰਜੀਵਾ ਨੇ ਕਿਹਾ ਕਿ ਜੇਕਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਾਈ ਇੰਪੋਰਟ ਡਿਊਟੀ ਨਹੀਂ ਹੁੰਦੀ, ਤਾਂ ਅਮਰੀਕੀ ਅਰਥਵਿਵਸਥਾ ਦਾ ਪ੍ਰਦਰਸ਼ਨ ਹੋਰ ਬਿਹਤਰ ਹੋ ਸਕਦਾ ਸੀ। ਆਈ.ਐੱਮ.ਐੱਫ. ਨੇ ਚਿਤਾਵਨੀ ਦਿੱਤੀ ਕਿ ਸੁਰੱਖਿਆਵਾਦੀ ਵਪਾਰਕ ਨੀਤੀਆਂ ਉਮੀਦ ਤੋਂ ਵੱਧ ਆਰਥਿਕ ਗਤੀਵਿਧੀਆਂ 'ਤੇ ਨਾਂ-ਪੱਖੀ ਅਸਰ ਪਾ ਸਕਦੀਆਂ ਹਨ।



# ਵਰਿੰਦਰ ਘੁੰਮਣ ਦੀ ਮੌਤ ਦਾ ਮਾਮਲਾ: ਰਿਪੋਰਟ ਨੂੰ ਲੈ ਕੇ ਪਰਿਵਾਰ ਨੇ ਕੀਤਾ ਸਨਸਨੀਖੇਜ਼ ਖੁਲਾਸਾ

**ਜਲੰਧਰ, (ਪੰਜਾਬ ਮੇਲ)-** ਪੰਜਾਬ ਦੇ ਮਸ਼ਹੂਰ ਬਾਡੀ ਬਿਲਡਰ ਵਰਿੰਦਰ ਸਿੰਘ ਘੁੰਮਣ ਦੀ 9 ਅਕਤੂਬਰ 2025 ਨੂੰ ਅੰਮ੍ਰਿਤਸਰ ਵਿਚ ਸਰਜਰੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਪਰਿਵਾਰ ਨੇ ਹਸਪਤਾਲ 'ਤੇ ਲਾਪ੍ਰਵਾਹੀ ਦਾ ਦੋਸ਼ ਲਗਾਇਆ ਸੀ ਅਤੇ ਮ੍ਰਿਤਕ ਦੇਹ ਦੀ ਹਾਲਤ ਨੂੰ ਲੈ ਕੇ ਵੀ ਸਵਾਲ ਚੁੱਕੇ ਸਨ। ਪਰਿਵਾਰ ਦਾ ਕਹਿਣਾ ਹੈ ਕਿ ਸਿਰ ਤੋਂ ਮੋਢਿਆਂ ਤੱਕ ਸਰੀਰ ਦਾ ਰੰਗ ਕਾਲਾ-ਪੀਲਾ ਪੈ ਗਿਆ ਸੀ।



ਹੁਣ ਇਸ ਮਾਮਲੇ ਸਬੰਧੀ ਡਾਕਟਰਾਂ ਦੇ ਪੈਨਲ ਦੀ ਰਿਪੋਰਟ ਸਾਹਮਣੇ ਆ ਗਈ ਹੈ। ਰਿਪੋਰਟ ਨੂੰ ਲੈ ਕੇ ਪਰਿਵਾਰ ਦਾ ਕਹਿਣਾ ਹੈ ਕਿ ਰਿਪੋਰਟ ਵਿਚ ਘੁੰਮਣ ਦੀ ਡਾਕਟਰਾਂ ਦੀ ਲਾਪ੍ਰਵਾਹੀ ਕਾਰਨ ਮੌਤ ਹੋਣ ਦੀ ਪੁਸ਼ਟੀ ਹੋਈ ਹੈ। ਵਰਿੰਦਰ ਘੁੰਮਣ ਆਪਣੀ ਬਾਂਹ ਦੇ ਇਲਾਜ ਲਈ ਅੰਮ੍ਰਿਤਸਰ ਦੇ ਫੋਰਟਿਸ ਹਸਪਤਾਲ ਗਏ ਸਨ, ਜਿੱਥੇ ਉਹ ਪੂਰੀ ਤਰ੍ਹਾਂ ਤੰਦਰੁਸਤ ਸਨ।

ਜਿਨ੍ਹਾਂ ਨੇ ਹਸਪਤਾਲ ਵਿਚ ਆਪਰੇਸ਼ਨ ਤੋਂ ਪਹਿਲਾਂ ਆਪਣੀ ਵੀਡੀਓ ਵੀ ਬਣਾਈ ਸੀ, ਜਿਸ ਵਿਚ ਉਹ ਬਿਲਕੁਲ ਸਹੀ-ਸਲਾਮਤ ਨਜ਼ਰ ਆ ਰਹੇ ਸਨ। ਵਰਿੰਦਰ ਦੇ ਰਿਸ਼ਤੇਦਾਰ ਰੱਬੀ ਨੇ ਦੱਸਿਆ ਕਿ ਘੁੰਮਣ ਦੀ ਮੌਤ ਦੇ ਬਾਅਦ ਡਾਕਟਰਾਂ ਦੇ ਪੈਨਲ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਪਰਿਵਾਰ ਇਸ ਮਾਮਲੇ ਨੂੰ ਲੈ ਕੇ ਹੁਣ ਫੋਰਟਿਸ ਹਸਪਤਾਲ ਦੇ ਖ਼ਿਲਾਫ਼ ਲੀਗਲ ਐਕਸ਼ਨ ਲੈਣ ਜਾ ਰਿਹਾ ਹੈ।

ਉਥੇ ਹੀ ਇਸ ਮਾਮਲੇ ਨੂੰ ਲੈ ਕੇ ਵਰਿੰਦਰ ਸਿੰਘ ਘੁੰਮਣ ਦੇ ਰਿਸ਼ਤੇਦਾਰ ਦਾ ਕਹਿਣਾ ਹੈ ਕਿ ਉਹ ਆਉਣ ਵਾਲੇ ਦਿਨਾਂ ਵਿਚ ਪ੍ਰੈੱਸ ਕਾਨਫ਼ਰੰਸ ਕਰਨਗੇ ਅਤੇ ਜਲਦੀ ਹੀ ਇਸ ਮਾਮਲੇ ਨੂੰ ਲੈ ਕੇ ਲੀਗਲ ਐਕਸ਼ਨ ਲਿਆ ਜਾਵੇਗਾ। ਦੱਸ ਦੇਈਏ ਕਿ ਪਰਿਵਾਰ ਨੇ ਅੰਮ੍ਰਿਤਸਰ ਕਮਿਸ਼ਨਰ ਪੁਲਿਸ ਨੂੰ ਵੀ ਇਸ ਮਾਮਲੇ ਸਬੰਧੀ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਮਾਮਲੇ ਦੀ ਜਾਂਚ ਇਕ ਮੈਡੀਕਲ ਬੋਰਡ ਬਣਾ ਕੇ ਸ਼ੁਰੂ ਕੀਤੀ ਗਈ ਸੀ।

# ਸਿੱਧੂ ਮੂਸੇਵਾਲਾ ਕਤਲਕਾਂਡ; ਦੋਸ਼ੀ ਅਨਮੋਲ ਬਿਸ਼ਨੋਈ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ ਦੀ ਮੰਗ





**ਮਾਨਸਾ, (ਪੰਜਾਬ ਮੇਲ)-** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲਕਾਂਡ 'ਚ ਬੀਤੇ ਸ਼ੁੱਕਰਵਾਰ ਨੂੰ ਮਾਨਸਾ ਅਦਾਲਤ 'ਚ ਸੁਣਵਾਈ ਦੌਰਾਨ ਨਵਾਂ ਘਟਨਾਕ੍ਰਮ ਸਾਹਮਣੇ ਆਇਆ। ਵਕੀਲ ਨੇ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਤਿਹਾੜ ਜੇਲ੍ਹ 'ਚ ਬੰਦ ਦੋਸ਼ੀ ਅਨਮੋਲ ਬਿਸ਼ਨੋਈ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ ਦੀ ਮੰਗ ਕੀਤੀ। 29 ਮਈ, 2022 ਨੂੰ ਪਿੰਡ ਜਵਾਹਰਕੇ 'ਚ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਸਿੱਧੂ ਮੂਸੇਵਾਲਾ ਦਾ ਕਤਲ ਕਰ ਦਿੱਤਾ ਸੀ।

ਵਾਰਦਾਤ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗਿਰੋਹ ਦਾ ਨਾਂ ਸਾਹਮਣੇ ਆਇਆ ਸੀ। ਮਾਨਸਾ ਪੁਲਿਸ ਨੇ ਜਾਂਚ ਦੌਰਾਨ ਕਤਲਕਾਂਡ ਦੇ ਦੋ ਦਰਜਨ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਸੀ ਅਤੇ ਕਈ ਗ੍ਰਿਫ਼ਤਾਰੀਆਂ ਵੀ ਕੀਤੀਆਂ ਸਨ। ਮਾਮਲਾ ਇਸ ਵੇਲੇ ਅਦਾਲਤ 'ਚ ਵਿਚਾਰਾਧੀਨ ਹੈ। ਪੇਸ਼ੀ ਦੌਰਾਨ ਅਨਮੋਲ ਬਿਸ਼ਨੋਈ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮੁਅੱਕਲ ਦਾ ਨਾਂ ਇਸ ਕਤਲਕਾਂਡ 'ਚ ਸ਼ਾਮਲ ਹੈ ਪਰ ਅਜੇ ਤੱਕ ਮਾਨਸਾ ਪੁਲਿਸ ਨੇ ਨਾ ਤਾਂ ਉਸ ਨੂੰ ਮਾਮਲੇ 'ਚ ਰਸਮੀਂ ਤੌਰ 'ਤੇ ਗ੍ਰਿਫ਼ਤਾਰ ਕੀਤਾ ਹੈ ਅਤੇ ਨਾ ਹੀ ਉਸ ਦਾ ਪ੍ਰੋਡਕਸ਼ਨ ਵਾਰੰਟ ਜਾਰੀ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁਅੱਕਲ ਜਾਂਚ 'ਚ ਪੂਰਾ ਸਹਿਯੋਗ ਦੇਣ ਲਈ ਤਿਆਰ ਹੈ। ਅਰਜ਼ੀ 'ਚ ਇਹ ਵੀ ਦੋਸ਼ ਲਗਾਇਆ ਗਿਆ ਕਿ ਪੁਲਿਸ ਅਜੇ ਤੱਕ ਅਨਮੋਲ ਨੂੰ ਮਾਮਲੇ 'ਚ ਲਿਆਉਣ ਅਤੇ ਪੁੱਛਗਿੱਛ ਕਰਨ 'ਚ ਅਸਫ਼ਲ ਰਹੀ ਹੈ। ਅਦਾਲਤ ਨੇ ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ ਲਈ ਤਾਰੀਖ਼ ਨਿਰਧਾਰਤ ਕਰ ਦਿੱਤੀ ਹੈ। ਹੁਣ ਲੋਕਾਂ ਦੀਆਂ ਨਜ਼ਰਾਂ ਨਿਆਇਕ ਪ੍ਰਕਿਰਿਆ 'ਤੇ ਟਿਕੀਆਂ ਹੋਈਆਂ ਹਨ।

# ਦਿੱਲੀ ਪੁਲਿਸ ਵੱਲੋਂ ਲਾਰੈਂਸ ਬਿਸ਼ਨੋਈ ਨਾਲ ਜੁੜੇ ਵਕੀਲ 'ਤੇ ਗੋਲੀਬਾਰੀ ਕਰਨ ਵਾਲਾ ਮੁੱਖ ਦੋਸ਼ੀ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਪੁਲਿਸ ਨੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਕੀਲ ਦੀਪਕ ਖੱਤਰੀ ਦੀ ਕਾਰ 'ਤੇ ਹੋਈ ਫਾਇਰਿੰਗ ਦੇ ਮਾਮਲੇ ਵਿਚ ਮੁੱਖ ਮੁਲਜ਼ਮ ਰੋਹਿਤ ਸੋਲੰਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਗ੍ਰਿਫ਼ਤਾਰੀ 25 ਫਰਵਰੀ ਦੀ ਰਾਤ ਨੂੰ ਉੱਤਰੀ ਦਿੱਲੀ ਦੇ ਕਸ਼ਮੀਰੀ ਗੇਟ ਇਲਾਕੇ ਵਿਚ ਸਥਿਤ ਮਰਘਾਟ ਵਾਲੇ ਹਨੂਮਾਨ ਮੰਦਰ ਨੇੜੇ ਹੋਏ ਹਮਲੇ ਤੋਂ ਇੱਕ ਹਫ਼ਤੇ ਬਾਅਦ ਹੋਈ ਹੈ।



ਪੁਲਿਸ ਅਨੁਸਾਰ, ਰੋਹਿਤ ਸੋਲੰਕੀ ਇਸ ਹਮਲੇ ਦੀ ਸਾਜ਼ਿਸ਼ ਘੜਨ ਅਤੇ ਇਸ ਨੂੰ ਅੰਜਾਮ ਦੇਣ ਵਿਚ ਮੁੱਖ ਤੌਰ 'ਤੇ ਸ਼ਾਮਲ ਸੀ। ਵਾਰਦਾਤ ਦੇ ਸਮੇਂ ਗੱਡੀ ਵਿਚ ਪੰਜ ਲੋਕ ਸਵਾਰ ਸਨ, ਜਿਨ੍ਹਾਂ ਵਿਚੋਂ ਇੱਕ ਵਿਅਕਤੀ ਦੇ ਮੋਢੇ 'ਤੇ ਗੋਲੀ ਲੱਗੀ ਸੀ, ਜਿਸ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ।

ਪੁਲਿਸ ਨੇ ਇਸ ਮਾਮਲੇ ਵਿਚ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀਆਂ ਧਾਰਾਵਾਂ 109(1) (ਕਤਲ ਦੀ ਕੋਸ਼ਿਸ਼) ਅਤੇ 3(5) (ਅਪਰਾਧਿਕ ਸਾਜ਼ਿਸ਼) ਦੇ ਨਾਲ-ਨਾਲ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਹੈ।

ਜ਼ਿਕਰਯੋਗ ਹੈ ਕਿ ਹਮਲੇ ਤੋਂ ਬਾਅਦ ਗੈਂਗਸਟਰ ਨਵੀਨ ਬਾਕਸਰ ਨੇ ਸੋਸ਼ਲ ਮੀਡੀਆ ਰਾਹੀਂ ਇਸ ਦੀ ਜ਼ਿੰਮੇਵਾਰੀ ਲਈ ਸੀ ਅਤੇ ਵਕੀਲ ਦੀਪਕ ਖੱਤਰੀ ਨੂੰ ਧਮਕੀਆਂ ਵੀ ਦਿੱਤੀਆਂ ਸਨ, ਜਿਸ ਦੀ ਪੁਲਿਸ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਸੀ.ਸੀ.ਟੀ.ਵੀ. ਫੁਟੇਜ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਪੁਲਿਸ ਹੁਣ ਇਸ ਮਾਮਲੇ ਵਿਚ ਸ਼ਾਮਲ ਹੋਰ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ, ਤਾਂ ਜੋ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਜਾ ਸਕੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
★ ★ ★ ★ ★
*863

# ਭਾਰਤ ਤੇ ਕੈਨੇਡਾ ਵਿਚਾਲੇ ਅਹਿਮ ਸਮਝੌਤੇ ਸਹੀਬੱਧ

## ਭਾਰਤ ਨੂੰ ਯੂਰੇਨੀਅਮ ਦੇਵੇਗਾ ਕੈਨੇਡਾ



**ਨਵੀਂ ਦਿੱਲੀ, (ਪੰਜਾਬ ਮੇਲ)-** ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸ ਸਮੇਂ ਭਾਰਤ ਦੌਰੇ 'ਤੇ ਆਏ ਹੋਏ ਹਨ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਕਈ ਅਹਿਮ ਮੁੱਦਿਆਂ 'ਤੇ ਗੱਲਬਾਤ ਹੋਈ ਤੇ ਕੈਨੇਡਾ ਨੇ ਕਿਹਾ ਕਿ ਉਹ ਭਾਰਤ ਨੂੰ ਯੂਰੇਨੀਅਮ ਦੇਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸੋਮਵਾਰ ਸਵੇਰੇ ਹੈਦਰਾਬਾਦ ਹਾਊਸ ਵਿਖੇ ਹੋਈ ਮੁਲਾਕਾਤ ਤੋਂ ਬਾਅਦ ਇਹ ਐਲਾਨ ਕੀਤਾ ਗਿਆ।

ਮੋਦੀ ਨੇ ਕਿਹਾ ਕਿ ਭਾਰਤ ਤੇ ਕੈਨੇਡਾ ਦਰਮਿਆਨ ਨਿਵੇਸ਼-ਵਪਾਰ ਸਮਝੌਤੇ 'ਤੇ ਚਰਚਾ ਹੋਈ ਹੈ। ਸਿਵਲ ਪ੍ਰਮਾਣੂ ਊਰਜਾ 'ਚ ਅਸੀਂ ਯੂਰੇਨੀਅਮ ਦੀ ਲੰਬੇ ਸਮੇਂ ਦੀ ਸਪਲਾਈ ਲਈ ਇਕ ਇਤਿਹਾਸਕ ਸਮਝੌਤੇ 'ਤੇ ਪਹੁੰਚੇ ਹਾਂ। ਦੋਵਾਂ ਦੇਸ਼ਾਂ ਦਰਮਿਆਨ ਕਈ ਖੇਤਰਾਂ ਨੂੰ ਕਵਰ ਕਰਨ ਵਾਲੇ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ ਹਨ। ਇਸ ਨਾਲ ਦੋਵਾਂ ਦੇਸ਼ਾਂ 'ਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਅਸੀਂ ਛੋਟੇ ਮਾਡਿਊਲਰ ਰਿਐਕਟਰਾਂ ਤੇ ਉੱਨਤ ਰਿਐਕਟਰ ਤਕਨਾਲੋਜੀ ਦੇ ਵਿਕਾਸ 'ਤੇ ਸਹਿਯੋਗ ਕਰਾਂਗੇ। ਖੇਤੀਬਾੜੀ, ਇਸ ਦੀ ਤਕਨਾਲੋਜੀ ਤੇ ਖੁਰਾਕ ਸੁਰੱਖਿਆ 'ਚ ਪਸਾਰ ਵੀ ਸਾਡੇ ਟੀਚਿਆਂ 'ਚੋਂ ਇਕ ਹੈ।

ਪੱਛਮੀ ਏਸ਼ੀਆ 'ਚ ਈਰਾਨ ਦੀ ਜੰਗ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਪੱਛਮੀ ਏਸ਼ੀਆ 'ਚ ਤਣਾਅ ਬਾਰੇ ਚਿੰਤਤ ਹੈ। ਭਾਰਤ ਦੁਨੀਆਂ 'ਚ ਸ਼ਾਂਤੀ ਤੇ ਸਥਿਰਤਾ ਚਾਹੁੰਦਾ ਹੈ। ਹਰ ਸਮੱਸਿਆ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਅੱਤਵਾਦ ਤੇ ਕੱਟੜਤਾ ਨਾ ਸਿਰਫ਼ ਸਾਡੇ ਦੋਵਾਂ ਦੇਸ਼ਾਂ ਲਈ ਸਗੋਂ ਸਾਰੀ ਮਨੁੱਖਤਾ ਲਈ ਗੰਭੀਰ ਚੁਣੌਤੀਆਂ ਪੈਦਾ ਕਰਦੇ ਹਨ। ਵਿਸ਼ਵ ਸ਼ਾਂਤੀ ਤੇ ਸਥਿਰਤਾ ਲਈ ਇਨ੍ਹਾਂ ਖਤਰਿਆਂ ਦਾ ਮੁਕਾਬਲਾ ਕਰਨ 'ਚ ਸਾਡਾ ਨੇੜਲਾ ਸਹਿਯੋਗ ਜ਼ਰੂਰੀ ਹੈ। ਵੱਖ-ਵੱਖ ਮੌਜੂਦਾ ਮੁੱਦਿਆਂ 'ਤੇ ਭਾਰਤ ਦੀ ਸਥਿਤੀ ਸਪੱਸ਼ਟ ਹੈ।

ਮੋਦੀ ਨੇ ਕਿਹਾ ਕਿ 'ਭਾਰਤ-ਕੈਨੇਡਾ ਪਲਸ ਪ੍ਰੋਟੀਨ ਸੈਂਟਰ ਆਫ਼ ਐਕਸੀਲੈਂਸ' ਭਾਰਤ 'ਚ ਸਥਾਪਿਤ ਕੀਤਾ ਜਾਵੇਗਾ। ਰੱਖਿਆ ਦੇ ਖੇਤਰ 'ਚ ਵਧਦਾ ਸਹਿਯੋਗ ਸਾਡੇ ਡੂੰਘੇ ਆਪਸੀ ਭਰੋਸੇ ਤੇ ਪਰਿਪੱਕ ਸਬੰਧਾਂ ਦਾ ਪ੍ਰਤੀਬਿੰਬ ਹੈ। ਅਸੀਂ ਰੱਖਿਆ ਉਦਯੋਗਾਂ, ਸਮੁੰਦਰੀ ਖੇਤਰ ਜਾਗਰੂਕਤਾ ਤੇ ਫੌਜੀ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਾਂਗੇ। ਇਸ ਮੰਤਵ ਲਈ ਅਸੀਂ ਭਾਰਤ-ਕੈਨੇਡਾ ਰੱਖਿਆ ਗੱਲਬਾਤ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਪ੍ਰਧਾਨ ਮੰਤਰੀ ਕਾਰਨੀ ਦੀ ਫੇਰੀ ਦਾ ਮੁੱਖ ਮੰਤਵ ਭਾਰਤ ਤੇ ਕੈਨੇਡਾ ਦਰਮਿਆਨ 10-ਸਾਲਾ ਯੂਰੇਨੀਅਮ ਸਪਲਾਈ ਸਮਝੌਤਾ ਹੈ। ਇਹ ਸੌਦਾ ਲੱਗਭਗ 3 ਬਿਲੀਅਨ ਡਾਲਰ ਦਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਯੂਰੇਨੀਅਮ ਉਤਪਾਦਕ ਦੇਸ਼ ਹੈ। ਭਾਰਤ ਤੇ ਕੈਨੇਡਾ ਵਿਚਾਲੇ ਪ੍ਰਮਾਣੂ ਸਹਿਯੋਗ ਸਮਝੌਤਾ 2013 'ਚ ਲਾਗੂ ਹੋਇਆ ਸੀ, ਜਿਸ ਤੋਂ ਬਾਅਦ ਕੈਨੇਡਾ ਨੇ ਭਾਰਤ ਨੂੰ ਯੂਰੇਨੀਅਮ ਸਪਲਾਈ ਕਰਨਾ ਸ਼ੁਰੂ ਕਰ ਦਿੱਤਾ। ਭਾਰਤ ਆਪਣੇ ਤੇਜ਼ੀ ਨਾਲ ਵਧ ਰਹੇ ਪ੍ਰਮਾਣੂ ਊਰਜਾ ਖੇਤਰ ਲਈ ਹੋਰ ਯੂਰੇਨੀਅਮ ਖਰੀਦਣਾ ਚਾਹੁੰਦਾ ਹੈ।


MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਦਿੱਲੀ ਸ਼ਰਾਬ ਨੀਤੀ ਮਾਮਲਾ: ਸੀ.ਬੀ.ਆਈ. ਵੱਲੋਂ ਕੇਜਰੀਵਾਲ ਤੇ ਸਿਸੋਦੀਆ ਨੂੰ ਬਰੀ ਕਰਨ ਦੇ ਫੈਸਲੇ ਨੂੰ ਦਿੱਲੀ ਹਾਈਕੋਰਟ 'ਚ ਚੁਣੌਤੀ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸ਼ਰਾਬ ਨੀਤੀ ਮਾਮਲੇ ਵਿਚ ਇੱਕ ਵੱਡਾ ਮੋੜ ਆਇਆ ਹੈ। ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਨੇ ਦਿੱਲੀ ਦੀ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦੇ ਦਿੱਤੀ ਹੈ, ਜਿਸ ਤਹਿਤ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਹੋਰਾਂ ਨੂੰ ਡਿਸਚਾਰਜ (ਬਰੀ) ਕੀਤਾ ਗਿਆ ਸੀ। ਦਿੱਲੀ ਰਾਊਜ਼ ਐਵੇਨਿਊ ਅਦਾਲਤ ਨੇ ਸ਼ੁੱਕਰਵਾਰ ਨੂੰ ਦਿੱਲੀ ਸ਼ਰਾਬ ਨੀਤੀ ਕੇਸ ਵਿਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਬੀ.ਆਰ.ਐੱਸ. ਆਗੂ ਕੇ. ਕਵਿਤਾ ਸਮੇਤ ਸਾਰੇ 23 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ।

ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਆਬਕਾਰੀ ਨੀਤੀ ਬਣਾਉਣ ਵਿਚ ਕੋਈ ਅਪਰਾਧਿਕ ਸਾਜ਼ਿਸ਼ ਜਾਂ ਗਲਤ ਇਰਾਦਾ ਸਾਬਤ ਨਹੀਂ ਹੋਇਆ ਹੈ। ਅਦਾਲਤ ਨੇ ਸੀ.ਬੀ.ਆਈ. ਦੀ ਜਾਂਚ ਦੀ ਨਿਸ਼ਾਨਦੇਹੀ ਕਰਦਿਆਂ ਕਿਹਾ ਕਿ ਜਾਂਚ ਏਜੰਸੀ ਵੱਲੋਂ ਪੇਸ਼ ਕੀਤੇ ਗਏ ਤੱਥ ਸਿਰਫ਼ ਅੰਦਾਜ਼ਿਆਂ 'ਤੇ ਆਧਾਰਿਤ ਸਨ ਅਤੇ ਕਿਸੇ ਵੀ ਮੁਲਜ਼ਮ ਵਿਰੁੱਧ ਕੋਈ ਪੁਖ਼ਤਾ ਸਬੂਤ ਨਹੀਂ ਮਿਲਿਆ।

ਜ਼ਿਕਰਯੋਗ ਹੈ ਕਿ ਇਹ ਮਾਮਲਾ 2022 ਵਿਚ ਐੱਲ-ਜੀ ਵੀ.ਕੇ. ਸਕਸੈਨਾ ਦੀ ਸ਼ਿਕਾਇਤ ਤੋਂ ਬਾਅਦ ਸ਼ੁਰੂ ਹੋਇਆ ਸੀ, ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਨਵੀਂ ਸ਼ਰਾਬ ਨੀਤੀ ਰਾਹੀਂ ਕਾਰਟੇਲਾਈਜ਼ੇਸ਼ਨ ਨੂੰ ਉਤਸ਼ਾਹਿਤ ਕੀਤਾ ਗਿਆ ਅਤੇ ਕੁਝ ਚੋਣਵੇਂ ਲੋਕਾਂ ਨੂੰ ਆਰਥਿਕ ਲਾਭ ਪਹੁੰਚਾਇਆ ਗਿਆ।

# ਫੀਫਾ ਵਿਸ਼ਵ ਕੱਪ ਲਈ ਟੋਰਾਂਟੋ ਤੇ ਵੈਨਕੂਵਰ 'ਚ ਤਿਆਰੀਆਂ ਜ਼ੋਰਾਂ 'ਤੇ

**ਵੈਨਕੂਵਰ, (ਪੰਜਾਬ ਮੇਲ)-** ਫੀਫਾ ਵਿਸ਼ਵ ਕੱਪ ਦੀ ਸ਼ੁਰੂਆਤ ਨੂੰ ਹੁਣ ਸਿਰਫ਼ 3 ਮਹੀਨੇ ਦੇ ਰਹਿ ਗਏ ਹਨ ਤੇ ਕੈਨੇਡਾ ਦੇ ਮੇਜ਼ਬਾਨ ਸ਼ਹਿਰਾਂ ਟੋਰਾਂਟੋ ਅਤੇ ਵੈਨਕੂਵਰ ਵਿਚ ਤਿਆਰੀਆਂ ਜ਼ੋਰਾਂ 'ਤੇ ਹਨ। ਦੋਵਾਂ ਸ਼ਹਿਰਾਂ ਵਿਚ ਮੁਕਾਬਲਿਆਂ ਦੇ ਆਗਮਨ ਦੀਆਂ ਨਿਸ਼ਾਨੀਆਂ ਹੌਲੀ-ਹੌਲੀ ਸਪੱਸ਼ਟ ਹੋਣ ਲੱਗੀਆਂ ਹਨ। ਵੈਨਕੂਵਰ ਦੇ ਡਾਊਨਟਾਊਨ ਇਲਾਕੇ ਵਿਚ ਸਾਬਕਾ ਹਡਸਨ ਬੇ ਦੇ ਮੁੱਖ ਸਟੋਰ ਦੀਆਂ ਖਿੜਕੀਆਂ 'ਤੇ ਟੂਰਨਾਮੈਂਟ ਦਾ ਚਿੰਨ੍ਹ ਲਗਾਇਆ ਗਿਆ ਹੈ, ਜੋ ਹੋਣ ਵਾਲੇ ਖੇਡਾਂ ਦੇ ਇਸ ਮਹਾਂ ਕੁੰਭ ਦੀਆਂ ਤਿਆਰੀਆਂ ਦਾ ਸਪੱਸ਼ਟ ਸੰਕੇਤ ਹੈ। ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸਜਾਵਟੀ ਕੰਮ ਅਤੇ ਢਾਂਚਾਗਤ ਪ੍ਰਬੰਧ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ।

ਇਸ ਵਿਸ਼ਵ ਪੱਧਰੀ ਖੇਡ ਸਮਾਰੋਹ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ, ਆਵਾਜਾਈ ਸੁਵਿਧਾਵਾਂ ਅਤੇ ਸਵੈਸੇਵਕਾਂ ਦੀ ਭਰਤੀ ਸਮੇਤ ਕਈ ਪੱਖਾਂ 'ਤੇ ਕੰਮ ਜਾਰੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਮੇਂ ਸਿਰ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਜਾਣਗੀਆਂ। ਟੋਰਾਂਟੋ ਤੇ ਵੈਨਕੂਵਰ ਵਿਚ ਖੇਡ ਪ੍ਰੇਮੀਆਂ ਵਿਚ ਵੀ ਉਤਸ਼ਾਹ ਦਾ ਮਾਹੌਲ ਹੈ ਅਤੇ ਸਥਾਨਕ ਵਪਾਰੀਆਂ ਨੂੰ ਆਸ ਹੈ ਕਿ ਵਿਸ਼ਵ ਕੱਪ ਦੌਰਾਨ ਵੱਡੀ ਗਿਣਤੀ ਵਿਚ ਆਉਣ ਵਾਲੇ ਦਰਸ਼ਕਾਂ ਨਾਲ ਆਰਥਿਕ ਗਤੀਵਿਧੀਆਂ ਨੂੰ ਵੀ ਵਾਧਾ ਮਿਲੇਗਾ।




# ਡਾ. ਵਿਜੈ ਗਰਗ 'ਸੁਰਜੀਤ ਪਾਤਰ ਪੁਰਸਕਾਰ' ਨਾਲ ਸਨਮਾਨਿਤ

ਲੁਧਿਆਣਾ, (ਪੰਜਾਬ ਮੇਲ)- ਸਾਹਿਤਕ ਅਤੇ ਕਲਾਤਮਕ ਖੇਤਰ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਉੱਘੇ ਲਿਖਾਰੀ ਡਾ. ਵਿਜੈ ਗਰਗ ਨੂੰ ਲੁਧਿਆਣਾ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵੱਕਾਰੀ 'ਸੁਰਜੀਤ ਪਾਤਰ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮਾਰੋਹ ਇਡੀਅਟ ਕਲੱਬ ਪੰਜਾਬ (ਜੱਸਪਾਲ ਭੱਟੀ ਅਵਾਰਡ) ਵੱਲੋਂ ਕਰਵਾਇਆ ਗਿਆ ਸੀ।





'ਸੁਰਜੀਤ ਪਾਤਰ ਪੁਰਸਕਾਰ' ਵਿਸ਼ੇਸ਼ ਤੌਰ 'ਤੇ ਉਨ੍ਹਾਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਲੇਖਣੀ ਦੇ ਖੇਤਰ ਵਿਚ ਨਾਮਣਾ ਖੱਟਿਆ ਹੋਵੇ। ਡਾ. ਵਿਜੈ ਗਰਗ ਨੂੰ ਇਹ ਪੁਰਸਕਾਰ ਉਨ੍ਹਾਂ ਦੀਆਂ ਸ਼ਾਨਦਾਰ ਸਾਹਿਤਕ ਰਚਨਾਵਾਂ ਲਈ ਦਿੱਤਾ ਗਿਆ ਹੈ।

ਇਸ ਸਮਾਗਮ ਦੌਰਾਨ ਡਾ. ਗਰਗ ਸਮੇਤ ਵੱਖ-ਵੱਖ ਕਲਾਵਾਂ ਨਾਲ ਜੁੜੇ 10 ਪ੍ਰਮੁੱਖ ਕਲਾਕਾਰਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਅਵਾਰਡ ਦੇ ਕੇ ਨਿਵਾਜਿਆ ਗਿਆ। ਸਨਮਾਨ ਹਾਸਲ ਕਰਨ ਤੋਂ ਬਾਅਦ ਡਾ. ਵਿਜੈ ਗਰਗ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੁਰਜੀਤ ਪਾਤਰ ਜੀ ਵਰਗੇ ਮਹਾਨ ਸ਼ਾਇਰ ਦੇ ਨਾਂ 'ਤੇ ਅਵਾਰਡ ਮਿਲਣਾ ਉਨ੍ਹਾਂ ਲਈ ਬਹੁਤ ਮਾਣ ਵਾਲੀ ਗੱਲ ਹੈ।

ਸਵਰਗੀ ਜਸਪਾਲ ਭੱਟੀ ਦੀ ਯਾਦ ਵਿਚ ਸਰਗਰਮ 'ਇਡੀਅਟ ਕਲੱਬ ਪੰਜਾਬ' ਹਰ ਸਾਲ ਵੱਖ-ਵੱਖ ਖੇਤਰਾਂ ਵਿਚ ਸਮਾਜ ਨੂੰ ਸੇਧ ਦੇਣ ਵਾਲੇ ਕਲਾਕਾਰਾਂ ਅਤੇ ਲਿਖਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਇਹ ਸਮਾਗਮ ਉਲੀਕਦਾ ਹੈ। ਇਸ ਵਾਰ ਵੀ ਇਹ ਸਮਾਗਮ ਕਲਾ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਰਿਹਾ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਲਈ ਸਮਰਾਲਾ ਹਲਕੇ ਤੋਂ ਉਮੀਦਵਾਰ ਦਾ ਐਲਾਨ !

ਸਮਰਾਲਾ, (ਪੰਜਾਬ ਮੇਲ)- ਪੰਜਾਬ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮਰਾਲਾ ਹਲਕੇ ਤੋਂ ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮਰਾਲਾ ਹਲਕੇ ਵਿਚ ਪੰਜਾਬ ਬਚਾਓ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਇਸ਼ਾਰਿਆਂ-ਇਸ਼ਾਰਿਆਂ 'ਚ ਪਰਮਜੀਤ ਸਿੰਘ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਐਲਾਨਿਆ।

ਉਨ੍ਹਾਂ ਕਿਹਾ ਕਿ ਜਿਸ ਹਲਕੇ ਦਾ ਉਮੀਦਵਾਰ ਚੰਗਾ ਹੋਵੇਗਾ, ਉਸ ਹਲਕੇ ਦੇ ਲੋਕਾਂ ਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ। ਪਰਮਜੀਤ ਸਿੰਘ ਬਹੁਤ ਹੀ ਮਿਹਨਤੀ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਹਲਕੇ ਦੇ ਲੋਕ ਪਰਮਜੀਤ ਸਿੰਘ ਨੂੰ ਵਿਧਾਇਕ ਬਣਾਉਣਗੇ ਅਤੇ ਸਰਕਾਰ ਆਉਣ 'ਤੇ ਪਰਮਜੀਤ ਨੂੰ ਵੱਡੀ ਤਰੱਕੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਖਜ਼ਾਨੇ ਵਿਚ ਕੋਈ ਕਮੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਨੂੰ ਬਚਾ ਕੇ ਦਿੱਲੀ ਵਾਲੇ ਲੁਟੇਰਿਆਂ ਨੂੰ ਪੰਜਾਬ ਵਿਚੋਂ ਭਜਾਉਣਾ ਹੈ।

# ਬਰਨਾਲਾ ਰੈਲੀ: ਕਾਂਗਰਸ ਦੀ ਤਾਕਤ ਅਤੇ 2027 ਦਾ ਰਾਜਨੀਤਿਕ ਸੰਕੇਤ

ਬਰਨਾਲਾ, (ਗੁਰਭਿੰਦਰ ਗੁਰੀ/ਪੰਜਾਬ ਮੇਲ)- ਬਰਨਾਲਾ ਦੀ ਧਰਤੀ 'ਤੇ ਹੋਈ ਕਾਂਗਰਸ ਦੀ ਵਿਸ਼ਾਲ ਰੈਲੀ ਨੇ ਪੰਜਾਬ ਦੀ ਸਿਆਸਤ ਵਿਚ ਨਵਾਂ ਉਤਸ਼ਾਹ ਭਰ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੇ ਵਰਕਰਾਂ ਅਤੇ ਸਮਰਥਕਾਂ ਦੇ ਦਰਮਿਆਨ ਕਾਂਗਰਸ ਦੇ ਕੇਂਦਰੀ ਨੇਤਾ ਰਾਹੁਲ ਗਾਂਧੀ ਨੇ ਜੋਸ਼ੀਲੇ ਅੰਦਾਜ਼ ਵਿਚ ਸੰਬੋਧਨ ਕਰਦਿਆਂ ਸਾਫ਼ ਸੰਦੇਸ਼ ਦਿੱਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਏਕਤਾ ਅਤੇ ਅਨੁਸ਼ਾਸਨ ਸਭ ਤੋਂ ਵੱਡੀ ਲੋੜ ਹੈ।

ਇਸ ਸਾਂਝੀ ਹਾਜ਼ਰੀ ਨੂੰ ਸਿਆਸੀ ਵਿਸ਼ਲੇਸ਼ਕਾਂ ਵੱਲੋਂ ਏਕਤਾ ਦਾ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਚੱਲ ਰਹੀਆਂ ਅੰਦਰੂਨੀ ਅਸਹਿਮਤੀਆਂ ਦੇ ਮਾਹੌਲ ਵਿਚ ਇਹ ਤਸਵੀਰ ਵਰਕਰਾਂ ਲਈ ਹੌਂਸਲੇ ਦਾ ਕਾਰਨ ਬਣੀ।

ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਵਿਚ ਕਿਹਾ: "ਕਾਂਗਰਸ ਦੀ ਅਸਲ ਤਾਕਤ ਉਸਦਾ ਵਰਕਰ ਹੈ। ਜੇ ਵਰਕਰ ਇਕਜੁੱਟ ਰਹਿੰਦੇ ਹਨ, ਤਾਂ ਕੋਈ ਵੀ ਸਿਆਸੀ ਤਾਕਤ ਸਾਨੂੰ ਰੋਕ ਨਹੀਂ ਸਕਦੀ।"

ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਾਰਟੀ ਅੰਦਰ ਗੁਟਬੰਦੀ ਜਾਂ ਨਿੱਜੀ ਅਜੰਡੇ ਲਈ ਕੋਈ ਥਾਂ ਨਹੀਂ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕੀਤਾ ਜਾਵੇ।

ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਅਨੁਸ਼ਾਸਨਹੀਣਤਾ 'ਤੇ ਸਖ਼ਤ ਰਵੱਈਆ ਅਪਣਾਇਆ ਜਾਵੇਗਾ।

**■ ਬਰਨਾਲਾ ਵਿਚ 'ਮਨਰੇਗਾ ਮਜ਼ਦੂਰ ਅਤੇ ਕਿਸਾਨ ਬਚਾਓ ਰੈਲੀ' ਦੌਰਾਨ ਰਾਹੁਲ ਗਾਂਧੀ ਦਾ ਕੇਂਦਰ ਤੇ ਸੂਬਾ ਸਰਕਾਰ 'ਤੇ ਤਿੱਖਾ ਹਮਲਾ**

ਮਲਿਕਾਰਜੁਨ ਖੜਗੇ ਨੇ ਰੈਲੀ 'ਚ ਮਨਰੇਗਾ ਦੀ ਲੋੜ, ਇਸ ਦੀ ਕਾਰਗਰਤਾ ਅਤੇ ਮਜ਼ਦੂਰਾਂ ਦੇ ਹੱਕਾਂ ਬਾਰੇ ਗੱਲ ਕੀਤੀ। ਇਹ ਰੈਲੀ ਕਾਂਗਰਸ ਦੀਆਂ ਭਵਿੱਖੀ ਰਣਨੀਤੀਆਂ ਨੂੰ ਮਜ਼ਬੂਤ ਕਰਨ ਲਈ ਇਕ ਮੁੱਖ ਮੋੜ ਸੀ।

ਰੈਲੀ ਦੌਰਾਨ ਬਰਨਾਲਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿਚ ਲੋਕ ਪਹੁੰਚੇ। ਨਾਅਰੇਬਾਜ਼ੀ ਅਤੇ ਜੋਸ਼ੀਲੇ ਮਾਹੌਲ ਨੇ ਦਰਸਾਇਆ ਕਿ ਕਾਂਗਰਸ ਹਾਲੇ ਵੀ ਜ਼ਮੀਨੀ ਪੱਧਰ 'ਤੇ ਆਪਣੀ ਮੌਜੂਦਗੀ ਰੱਖਦੀ ਹੈ।

ਰੈਲੀ ਸਥਾਨ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਵਰਕਰਾਂ ਵਿਚ 2027 ਦੀ ਤਿਆਰੀ ਨੂੰ ਲੈ ਕੇ ਖਾਸ ਉਤਸ਼ਾਹ ਦਿਖਾਈ ਦਿੱਤਾ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਰਨਾਲਾ ਰੈਲੀ 2027 ਦੀ ਚੋਣੀ ਮੁਹਿੰਮ ਦਾ ਸ਼ੁਰੂਆਤੀ ਪੜਾਅ ਹੈ। ਕਾਂਗਰਸ ਹੁਣ ਜ਼ਿਲ੍ਹਾ ਪੱਧਰ ਤੋਂ ਲੈ ਕੇ ਪਿੰਡ ਪੱਧਰ ਤੱਕ ਸੰਗਠਨ ਮਜ਼ਬੂਤ ਕਰਨ ਦੀ ਯੋਜਨਾ 'ਤੇ ਕੰਮ ਕਰ ਸਕਦੀ ਹੈ।

ਪਾਰਟੀ ਅੰਦਰ ਚੱਲ ਰਹੇ ਮਸਲਿਆਂ ਨੂੰ ਸੁਲਝਾ ਕੇ ਏਕਤਾ ਬਣਾਈ ਰੱਖਣਾ ਹੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

ਬਰਨਾਲਾ ਦੀ ਰੈਲੀ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਹਾਈਕਮਾਂਡ ਹੁਣ ਪੰਜਾਬ ਇਕਾਈ ਨੂੰ ਲੈ ਕੇ ਗੰਭੀਰ ਹੈ। ਇਕ ਪਾਸੇ ਏਕਤਾ ਦਾ ਸੰਦੇਸ਼ ਦਿੱਤਾ ਗਿਆ, ਦੂਜੇ ਪਾਸੇ ਅਨੁਸ਼ਾਸਨ ਦੀ ਲਕੀਰ ਵੀ ਖਿੱਚੀ ਗਈ।

ਜੇ ਇਹ ਏਕਤਾ ਲੰਮੇ ਸਮੇਂ ਤੱਕ ਕਾਇਮ ਰਹਿੰਦੀ ਹੈ, ਤਾਂ 2027 ਦੀ ਜੰਗ ਵਿਚ ਕਾਂਗਰਸ ਮਜ਼ਬੂਤ ਦਾਵੇਦਾਰ ਬਣ ਸਕਦੀ ਹੈ। ਪਰ ਜੇ ਅੰਦਰੂਨੀ ਟਕਰਾਅ ਮੁੜ ਉਭਰਿਆ, ਤਾਂ ਸਥਿਤੀ ਮੁਸ਼ਕਲ ਹੋ ਸਕਦੀ ਹੈ।

ਬਰਨਾਲਾ ਦੀ ਰੈਲੀ ਸਿਰਫ਼ ਭੀੜ ਦਾ ਪ੍ਰਦਰਸ਼ਨ ਨਹੀਂ ਸੀ, ਸਗੋਂ ਕਾਂਗਰਸ ਲਈ ਇਕ ਨਵੀਂ ਸ਼ੁਰੂਆਤ ਦਾ ਸੰਕੇਤ ਸੀ। ਰਾਹੁਲ ਗਾਂਧੀ ਦੇ ਬਿਆਨਾਂ ਨੇ ਸਾਫ਼ ਕਰ ਦਿੱਤਾ ਕਿ ਹੁਣ ਏਕਤਾ ਅਤੇ ਅਨੁਸ਼ਾਸਨ ਨਾਲ ਹੀ ਅੱਗੇ ਵਧਣਾ ਹੋਵੇਗਾ।

ਇਹ ਰੈਲੀ ਸਿਰਫ਼ ਸਿਆਸੀ ਇਕੱਠ ਨਹੀਂ ਸੀ, ਸਗੋਂ ਪੰਜਾਬ ਕਾਂਗਰਸ ਦੀ ਤਾਕਤ ਦਾ ਪ੍ਰਦਰਸ਼ਨ ਅਤੇ ਸੰਗਠਨਕ ਇਕਜੁੱਟਤਾ ਦਾ ਪ੍ਰਤੀਕ ਵੀ ਬਣੀ।

ਪੰਜਾਬ ਦੀ ਸਿਆਸਤ ਵਿਚ ਇਹ ਰੈਲੀ ਆਉਣ ਵਾਲੇ ਸਮੇਂ ਵਿਚ ਇੱਕ ਮਹੱਤਵਪੂਰਨ ਮੋੜ ਸਾਬਤ ਹੋ ਸਕਦੀ ਹੈ। ਰੈਲੀ ਦੀ ਸਭ ਤੋਂ ਵੱਡੀ ਖਾਸੀਅਤ ਸੀ ਕਿ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ ਦੀ ਸਾਂਝੀ ਮੌਜੂਦਗੀ। ਮੰਚ 'ਤੇ ਸੁਖਪਾਲ ਸਿੰਘ ਖਹਿਰਾ, ਪ੍ਰਤਾਪ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਵਿਜੇ ਇੰਦਰ ਸਿੰਗਲਾ, ਪਰਗਟ ਸਿੰਘ, ਰਾਜਿੰਦਰ ਕੌਰ ਭੱਠਲ। ਰਾਣਾ ਗੁਰਜੀਤ ਸਿੰਘ, ਰਾਜਾ ਵੜਿੰਗ, ਡਾ. ਅਮਰ ਸਿੰਘ, ਡਾ. ਧਰਮਵੀਰ, ਗੁਰਜੀਤ ਸਿੰਘ ਔਜਲਾ, ਗਾਂਧੀ ਸ਼ੇਰ ਸਿੰਘ (ਐੱਮ.ਪੀ.) ਦਲਵੀਰ ਸਿੰਘ ਗੋਲਡੀ, ਕੁਲਦੀਪ ਸਿੰਘ ਕਾਲਾ ਢਿੱਲੋਂ (ਵਿਧਾਇਕ ਬਰਨਾਲਾ) ਅਤੇ ਸੁਖਜਿੰਦਰ ਸਿੰਘ ਰੰਧਾਵਾ ਇਕੱਠੇ ਨਜ਼ਰ ਆਏ।

# ਪੀ.ਐੱਸ.ਪੀ.ਸੀ.ਐੱਲ. ਦੀਆਂ ਜ਼ਾਇਦਾਦਾਂ ਵੇਚਣ 'ਤੇ ਹਾਈ ਕੋਰਟ ਦੀ ਰੋਕ ਬਰਕਰਾਰ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਦੀਆਂ ਜਾਇਦਾਦਾਂ ਦੇ ਤਬਾਦਲੇ ਅਤੇ ਸੰਭਾਵੀ ਵਿਕਰੀ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲਾਈ ਗਈ ਅੰਤ੍ਰਿਮ ਰੋਕ ਨੂੰ ਫ਼ਿਲਹਾਲ ਬਰਕਰਾਰ ਰੱਖਦਿਆਂ ਸਪੱਸ਼ਟ ਕੀਤਾ ਹੈ ਕਿ 13 ਮਾਰਚ ਨੂੰ ਅਗਲੀ ਸੁਣਵਾਈ ਤੱਕ ਕੋਈ ਵੀ ਜਾਇਦਾਦ ਵੇਚੀ ਨਹੀਂ ਜਾਵੇਗੀ। ਅਦਾਲਤ ਨੇ ਕਿਹਾ ਕਿ ਜੇ ਪੀ.ਐੱਸ.ਪੀ.ਸੀ.ਐੱਲ. 'ਤੇ 2500 ਕਰੋੜ ਰੁਪਏ ਤੋਂ ਵੱਧ ਦਾ ਵਿੱਤੀ ਬੋਝ ਹੋਣ ਦਾ ਦਾਅਵਾ ਸਹੀ ਨਿਕਲਿਆ, ਤਾਂ ਮਾਮਲਾ ਯਕੀਨੀ ਤੌਰ 'ਤੇ ਜਨਹਿੱਤ ਦੇ ਦਾਇਰੇ 'ਚ ਆਵੇਗਾ।

ਚੀਫ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਸਾਹਮਣੇ ਰਾਜ ਸਰਕਾਰ ਨੇ ਰੋਕ ਹਟਾਉਣ ਦੀ ਮੰਗ ਕਰਦਿਆਂ ਦਲੀਲ ਦਿੱਤੀ ਕਿ ਜਾਇਦਾਦਾਂ ਦੀ ਵਿਕਰੀ ਨਹੀਂ, ਸਗੋਂ ਵਿਕਾਸ ਦੇ ਉਦੇਸ਼ਾਂ ਨਾਲ ਤਬਦੀਲ ਕੀਤਾ ਜਾ ਰਿਹਾ ਹੈ। ਐਡਵੋਕੇਟ ਜਨਰਲ ਨੇ ਅਦਾਲਤ ਨੂੰ ਦੱਸਿਆ ਕਿ ਇਹ ਫ਼ੈਸਲਾ ਲਗਭਗ 30 ਸਾਲ ਪੁਰਾਣੀ ਨੀਤੀ ਤਹਿਤ ਲਿਆ ਗਿਆ ਹੈ, ਜਿਸ ਨੂੰ ਕਦੇ ਚੁਣੌਤੀ ਨਹੀਂ ਦਿੱਤੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਪੀ.ਐੱਸ.ਪੀ.ਸੀ.ਐੱਲ. ਘਾਟੇ ਵਿਚ ਨਹੀਂ, ਸਗੋਂ ਮੁਨਾਫ਼ੇ 'ਚ ਹੈ ਅਤੇ ਰਾਜ ਸਰਕਾਰ ਰਿਹਾਇਸ਼ੀ ਅਤੇ ਵਪਾਰਕ ਵਿਕਾਸ ਦੇ ਰਾਹੀਂ ਰਾਜ ਦੇ ਸਾਧਨਾਂ ਦੀ ਬਿਹਤਰ ਵਰਤੋਂ ਕਰਨਾ ਚਾਹੁੰਦੀ ਹੈ। ਹਾਲਾਂਕਿ ਪਟੀਸ਼ਨਕਰਤਾ ਨੇ ਇਨ੍ਹਾਂ ਦਲੀਲਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ 'ਤੇ ਪੀ.ਐੱਸ.ਪੀ.ਸੀ.ਐੱਲ. ਦੇ ਲਗਭਗ 2582.24 ਕਰੋੜ ਰੁਪਏ ਬਕਾਇਆ ਹਨ, ਜਿਸ ਕਾਰਨ ਕੰਪਨੀ ਵਿੱਤੀ ਦਬਾਅ ਵਿਚ ਆ ਕੇ ਆਪਣੀਆਂ ਅਚੱਲ ਜਾਇਦਾਦਾਂ ਤਬਦੀਲ ਕਰਨ ਨੂੰ ਮਜਬੂਰ ਹੋ ਰਹੀ ਹੈ। ਬੈਂਚ ਨੇ ਮੁੱਢਲੇ ਇਤਰਾਜ਼ਾਂ 'ਤੇ ਫ਼ਿਲਹਾਲ ਰਾਹਤ ਦਿੰਦਿਆਂ ਕਿਹਾ ਕਿ ਜੇ ਪਟੀਸ਼ਨਰਾਂ ਦਾ ਇਹ ਦਾਅਵਾ ਸਹੀ ਹੈ ਕਿ ਕੰਪਨੀ ਭਾਰੀ ਵਿੱਤੀ ਬੋਝ ਕਾਰਨ ਜਾਇਦਾਦ ਤਬਦੀਲ ਲਈ ਮਜਬੂਰ ਹੋ ਰਹੀ ਹੈ, ਤਾਂ ਇਹ ਮੁੱਦਾ ਨਿਸ਼ਚਿਤ ਰੂਪ ਨਾਲ ਜਨਹਿੱਤ ਦੇ ਦਾਇਰੇ ਵਿਚ ਆਉਂਦਾ ਹੈ। ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਪਟੀਸ਼ਨ ਸਵੀਕਾਰ ਕਰਨ ਦਾ ਸਵਾਲ ਖੁੱਲ੍ਹਾ ਰਹੇਗਾ ਅਤੇ ਰਾਜ ਸਰਕਾਰ ਅਗਲੀ ਸੁਣਵਾਈ ਵਿਚ ਇਸ 'ਤੇ ਵਿਸਥਾਰਤ ਬਹਿਸ ਕਰ ਸਕਦੀ ਹੈ। ਅਦਾਲਤ ਨੇ ਰਾਜ ਨੂੰ ਨਿਰਦੇਸ਼ ਦਿੱਤਾ ਕਿ ਉਹ ਪੈਰਾ-ਵਾਈਜ਼ ਜਵਾਬ ਅਤੇ ਰੋਕ ਹਟਾਉਣ ਸਬੰਧੀ ਅਰਜ਼ੀ ਜ਼ਰੂਰੀ ਦਸਤਾਵੇਜ਼ਾਂ ਅਤੇ ਹਲਫ਼ਨਾਮੇ ਸਣੇ ਦਾਖ਼ਲ ਕਰੇ।

# ਐੱਸ.ਜੀ.ਪੀ.ਸੀ. ਵੱਲੋਂ ਗਿਆਨੀ ਰਘਬੀਰ ਸਿੰਘ ਤੁਰੰਤ ਪ੍ਰਭਾਵ ਨਾਲ ਹੈੱਡ ਗ੍ਰੰਥੀ ਦੇ ਅਹੁਦੇ ਤੋਂ ਫਾਰਗ

ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ. ) ਨੇ ਇੱਕ ਵੱਡੀ ਕਾਰਵਾਈ ਕਰਦਿਆਂ ਗਿਆਨੀ ਰਘਬੀਰ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਹੈ। ਇਹ ਫੈਸਲਾ ਉਸ ਸਮੇਂ ਲਿਆ ਗਿਆ ਹੈ, ਜਦੋਂ ਐੱਸ.ਜੀ.ਪੀ.ਸੀ. ਵੱਲੋਂ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਗਏ 72 ਘੰਟੇ ਦੇ ਅਲਟੀਮੇਟਮ ਦਾ ਸਮਾਂ ਖਤਮ ਹੋ ਗਿਆ ਸੀ। ਦੱਸ ਦੇਈਏ ਕਿ ਸਿੱਖ ਸੰਸਥਾ ਨੇ ਉਨ੍ਹਾਂ ਨੂੰ ਆਪਣੇ ਵੱਲੋਂ ਲਗਾਏ ਗਏ ਦੋਸ਼ਾਂ ਦੇ ਸਬੂਤ ਪੇਸ਼ ਕਰਨ ਲਈ ਕਿਹਾ ਸੀ। ਸ੍ਰੀ ਧਾਮੀ ਨੇ ਦੱਸਿਆ ਕਿ ਲੰਮੀ ਵਿਚਾਰ ਤੋਂ ਬਾਅਦ ਸਰਬਸੰਮਤੀ ਨਾਲ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਇਸ ਅਹੁਦੇ ਤੋਂ ਰਿਟਾਇਰ (ਸੇਵਾਮੁਕਤ) ਕਰ ਦਿੱਤਾ ਗਿਆ ਹੈ। ਇਸ ਫੈਸਲੇ ਦਾ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਇਹ ਕਾਰਵਾਈ ਉਨ੍ਹਾਂ ਨੂੰ ਜਾਰੀ ਕੀਤੇ ਗਏ ਉਸ ਨੋਟਿਸ ਤੋਂ ਬਾਅਦ ਹੋਈ ਹੈ, ਜਿਸ ਵਿਚ ਉਨ੍ਹਾਂ ਨੂੰ ਸੰਸਥਾ ਵਿਰੁੱਧ ਲਗਾਏ ਗਏ ਦੋਸ਼ਾਂ ਦੀ ਪੁਸ਼ਟੀ ਕਰਨ ਲਈ ਕਿਹਾ ਗਿਆ ਸੀ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿਚ ਗਿਆਨੀ ਰਘਬੀਰ ਸਿੰਘ ਵੱਲੋਂ ਦਿੱਤੇ ਗਏ ਬਿਆਨਾਂ ਨੇ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਵਰਗੇ ਸਤਿਕਾਰਤ ਅਹੁਦੇ 'ਤੇ ਰਹਿੰਦਿਆਂ ਬਿਨਾਂ ਕਿਸੇ ਪੁਖਤਾ ਸਬੂਤ ਦੇ ਦੋਸ਼ ਲਗਾਉਣ ਨਾਲ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਇਹ ਕਦਮ ਚੁੱਕਣਾ ਜ਼ਰੂਰੀ ਹੋ ਗਿਆ ਸੀ।



## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail.
All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ. ਇੰਦਰਜੀਤ ਸਿੰਘ ਉੱਭੀ ਦੇ ਅਕਾਲ ਚਲਾਣੇ ’ਤੇ ਪੱਤਰਕਾਰ ਕੁਲਵੰਤ ਧਾਲੀਆਂ ਤੇ ਸਮੂਹ ਉੱਭੀ ਪਰਿਵਾਰ ਨੂੰ ਸਦਮਾ

**“ਸ਼ਰਧਾਂਜਲੀਆਂ ਅਤੇ ਅੰਤਿਮ ਅਰਦਾਸ 5 ਮਾਰਚ ਨੂੰ ਹੋਵੇਗੀ”**

**ਫਰਿਜ਼ਨੋ, (ਨੀਟਾ ਮਾਛੀਕੇ/ਪੰਜਾਬ ਮੇਲ)-** ਅਮਰੀਕਾ ਦੇ ਪੰਜਾਬੀ ਭਾਈਚਾਰੇ ਅੰਦਰ ਪੱਤਰਕਾਰੀ, ਸਮਾਜਿਕ ਅਤੇ ਸੱਭਿਆਚਾਰਕ ਸੇਵਾਵਾਂ ਨਿਭਾ ਰਹੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਸਮੂਹ ਉੱਭੀ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਬੀਤੇ ਦਿਨੀ ਉਨ੍ਹਾਂ ਦੇ ਪਿਤਾ ਸ. ਇੰਦਰਜੀਤ ਸਿੰਘ ਉੱਭੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਆਪਣੇ ਸੁਆਸਾਂ ਦੀ ਪੂੰਜੀ ਤਿਆਗਦੇ ਹੋਏ ਅਕਾਲ ਚਲਾਣਾ ਕਰ ਗਏ। ਜੋ ਆਪਣੇ ਪਿੱਛੇ ਆਪਣੇ ਭਰਾਵਾਂ ਦੇ ਸਾਂਝੇ ਪਰਿਵਾਰ ਤੋਂ ਇਲਾਵਾ ਪਤਨੀ, ਦੋ ਪੁੱਤਰਾਂ ਅਤੇ ਇੱਕ ਧੀ ਦੀ ਹੱਸਦੀ-ਖੇਡਦੀ ਫੁਲਵਾੜੀ ਛੱਡ ਗਏ।



ਸਵ. ਸ. ਇੰਦਰਜੀਤ ਸਿੰਘ ਉੱਭੀ।

ਉਹ ਕਈ ਸਾਲ ਤੱਕ ਆਪਣੀ ਪਤਨੀ ਜੋਗਿੰਦਰ ਕੌਰ ਉੱਭੀ ਸਮੇਤ ਪੱਕੇ ਵਸਨੀਕ ਦੇ ਤੌਰ ’ਤੇ ਆਪਣੇ ਪੁੱਤਰ ਕੁਲਵੰਤ ਧਾਲੀਆਂ ਕੋਲ ਕੈਲੀਫੋਰਨੀਆ, ਅਮਰੀਕਾ ਵੀ ਰਹੇ। ਪਰ ਪਿਛੋਕੜ ਜਨਮ ਭੂਮੀ ਅਤੇ ਆਪਣੇ ਪਰਿਵਾਰ ਨਾਲ ਪਿਆਰ ਸਦਕਾ ਪੱਕੇ ਰਹਿਣ ਲਈ ਆਪਣੇ ਜੱਦੀ ਪਿੰਡ ਧਾਲੀਆਂ ਨੂੰ ਤਰਜੀਹ ਦਿੱਤੀ। ਜਿੱਥੇ ਆਪਣੀ ਜ਼ਿੰਦਗੀ ਦਾ ਅੰਤਲਾ ਸਮਾਂ ਗੁਜ਼ਾਰਿਆ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 79 ਸਾਲ ਦੀ ਸੀ। ਉਹ ਨੇਕ, ਸਾਫ ਦਿਲ, ਸੇਵਾ ਭਾਵਨਾ ਵਾਲੇ ਸਮਾਜ ਸੇਵੀ ਇਨਸਾਨ ਸਨ। ਜਿਨ੍ਹਾਂ ਨੇ ਆਪਣੇ ਹੱਕਾਂ ਜਾਂ ਲੋੜਾਂ ਦੀ ਪੂਰਤੀ ਤੋਂ ਪਹਿਲਾਂ ਦੂਜਿਆਂ ਦਾ ਹਮੇਸ਼ਾ ਖਿਆਲ ਰੱਖਿਆ। ਜੋ ਇੱਕ ਚਾਰ ਭਰਾਵਾਂ ਦੇ ਸੰਯੁਕਤ ਪਰਿਵਾਰ ਵਿਚ ਜਨਮੇ ਅਤੇ ਪਲੇ ਸਨ। ਜਿਨ੍ਹਾਂ ਹਮੇਸ਼ਾ ਪਿਤਾ ਸਮਾਜਸੇਵੀ ਅਤੇ ਗੁਰਸਿੱਖ ਆਗੂ ਸਵ. ਸ. ਹਰਨਾਮ ਸਿੰਘ ਉੱਭੀ ਦੀ ਪ੍ਰੇਰਨਾ ਸਦਕਾ ਆਪਣੇ ਪਰਿਵਾਰ ਨੂੰ ਅੰਤਲੇ ਸਮੇਂ ਤੱਕ ਜੋੜੀ ਰੱਖਿਆ। ਹਮੇਸ਼ਾ ਇਹੀ ਪ੍ਰੇਰਨਾ ਆਪਣੇ ਬੱਚਿਆਂ ਨੂੰ ਵੀ ਦਿੱਤੀ ਕਿ ਆਪਣੇ ਪਰਿਵਾਰ ਦੀ ਏਕਤਾ ਅਤੇ ਸਮਾਜ ਭਲਾਈ ਲਈ ਬਹੁਤ ਕੁਝ ਨਿਰਸਵਾਰਥ ਕਰਨਾ ਪੈਂਦਾ ਹੈ, ਜਿਸ ਨੂੰ ਆਪਣੇ ਅੰਤਲੇ ਸਮੇਂ ਤੱਕ ਬੜੀ ਇਮਾਨਦਾਰੀ ਨਾਲ ਕਰਕੇ ਵੀ ਦਿਖਾਇਆ।

ਉਨ੍ਹਾਂ ਦਾ ਅੰਤਿਮ ਸੰਸਕਾਰ ਬੀਤੇ ਦਿਨੀਂ 26 ਫਰਵਰੀ ਨੂੰ ਉਨ੍ਹਾਂ ਦੇ ਪਿੰਡ ਧਾਲੀਆਂ ਵਿਖੇ ਕਰ ਦਿੱਤਾ ਗਿਆ ਸੀ। ਹੁਣ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਅਤੇ ਸ਼ਰਧਾਂਜਲੀਆਂ ਦੀ ਰਸਮ 5 ਮਾਰਚ, 2026, ਦਿਨ ਵੀਰਵਾਰ ਨੂੰ “ਗੁਰਦੁਆਰਾ ਕੈਂਬਾਂ ਸਾਹਿਬ” ਪਾਤਸ਼ਾਹੀ ਛੇਵੀਂ ਪਿੰਡ ਧਾਲੀਆਂ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਖੇ 11 ਵਜੇ ਤੋਂ ਹੋਵੇਗੀ। ਪਰਿਵਾਰ ਵੱਲੋਂ ਸਮੂਹ ਸੁਨੇਹੀਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਹੈ। ਜਿੱਥੇ ਇਕੱਠੇ ਹੋ ਸਵ. ਇੰਦਰਜੀਤ ਸਿੰਘ ਦੀ ਵਿਛੜੀ ਰੂਹ ਦੇ ਪ੍ਰਮਾਤਮਾ ਦੇ ਚਰਨਾਂ ਵਿਚ ਹਮੇਸ਼ਾ ਲਈ ਨਿਵਾਸ ਦੀ ਅਰਦਾਸ ਅਤੇ ਸ਼ਰਧਾਂਜਲੀ ਭੇਟ ਕੀਤੀਆਂ ਜਾਣਗੀਆਂ।

ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਸ਼ਾਮਲ ਹੋਣ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰਾਂ ਵਿਚ ਕੁਲਵੰਤ ਧਾਲੀਆਂ ਨੂੰ ਫੋਨ ਨੰਬਰ +1 (559) 473-9264, ਕੁਲਦੀਪ ਉੱਭੀ +1 (559) 755-8038 ਜਾਂ ਭਤੀਜੇ ਤੇਜਿੰਦਰ ਸਿੰਘ ਨੂੰ ਫੋਨ ਨੰਬਰ +91 94172 64577 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਐੱਸ.ਜੀ.ਪੀ.ਸੀ. ਵੱਲੋਂ ਦਫ਼ਤਰਾਂ ’ਚ ਪੈਂਟ-ਸ਼ਰਟ ’ਤੇ ਪਾਬੰਦੀ!

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਦਫ਼ਤਰਾਂ ’ਚ ਹੁਣ ਕਰਮਚਾਰੀਆਂ ਦੇ ਪਹਿਰਾਵੇ ਨੂੰ ਲੈ ਕੇ ਇੱਕ ਵੱਡਾ ਫੈਸਲਾ ਲਿਆ ਗਿਆ ਹੈ। ਐੱਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਾਰੇ ਮੁਲਾਜ਼ਮਾਂ ਲਈ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਪੈਂਟ-ਸ਼ਰਟ ਪਹਿਨਣ ’ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਹੁਣ ਸਾਰੇ ਕਰਮਚਾਰੀਆਂ ਲਈ ਕੁੜਤਾ-ਪਜਾਮਾ ਡਰੈੱਸ ਕੋਡ ਲਾਜ਼ਮੀ ਕਰ ਦਿੱਤਾ ਗਿਆ ਹੈ।

ਕਮੇਟੀ ਅਨੁਸਾਰ ਇਹ ਫੈਸਲਾ ਸਿੱਖ ਮਰਿਯਾਦਾ ਅਤੇ ਪ੍ਰੰਪਰਾਵਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ, ਤਾਂ ਜੋ ਸ਼੍ਰੋਮਣੀ ਕਮੇਟੀ ਦੇ ਦਫ਼ਤਰਾਂ ਵਿਚ ਸਿੱਖੀ ਦੀ ਸਪੱਸ਼ਟ ਝਲਕ ਦਿਖਾਈ ਦੇਵੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ ਨੇ ਕਿਹਾ ਕਿ ਪ੍ਰਧਾਨ ਸਾਹਿਬ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਵੇਗੀ।

ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕੋਈ ਕਰਮਚਾਰੀ ਇਨ੍ਹਾਂ ਹਦਾਇਤਾਂ ਦੀ ਅਣਦੇਖੀ ਕਰਦਾ ਹੈ, ਤਾਂ ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਦਾ ਮੰਨਣਾ ਹੈ ਕਿ ਧਾਰਮਿਕ ਸੰਸਥਾ ਦੀ ਗਰਿਮਾ ਅਤੇ ਪਛਾਣ ਨੂੰ ਬਣਾਏ ਰੱਖਣ ਲਈ ਅਜਿਹੇ ਕਦਮ ਜ਼ਰੂਰੀ ਹਨ।

## ਆਈ.ਪੀ.ਐੱਲ. 2026: ਟੂਰਨਾਮੈਂਟ ਦੇ ਸ਼ਡਿਊਲ ’ਚ ਹੋਇਆ ਬਦਲਾਅ

**ਨਵੀਂ ਦਿੱਲੀ, (ਪੰਜਾਬ ਮੇਲ)-** ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) 2026 ਦੇ ਸ਼ਡਿਊਲ ਨੂੰ ਲੈ ਕੇ ਇੱਕ ਵੱਡੀ ਅਪਡੇਟ ਸਾਹਮਣੇ ਆਈ ਹੈ। ਰਿਪੋਰਟਾਂ ਅਨੁਸਾਰ, ਟੂਰਨਾਮੈਂਟ ਹੁਣ ਮਿੱਥੀ ਗਈ ਤਰੀਕ ਤੋਂ ਦੋ ਦਿਨ ਬਾਅਦ, ਯਾਨੀ 28 ਮਾਰਚ ਤੋਂ ਸ਼ੁਰੂ ਹੋਵੇਗਾ। ਇਸ ਤੋਂ ਪਹਿਲਾਂ ਇਸ ਨੂੰ 26 ਮਾਰਚ ਤੋਂ ਸ਼ੁਰੂ ਕਰਨ ਦੀ ਯੋਜਨਾ ਸੀ।



15 ਦਸੰਬਰ 2025 ਨੂੰ ਸਾਰੀਆਂ 10 ਫ੍ਰੈਂਚਾਈਜ਼ੀਆਂ ਨੂੰ ਦਿੱਤੀ ਗਈ ਜਾਣਕਾਰੀ ਵਿਚ 26 ਮਾਰਚ ਦੀ ਤਾਰੀਖ ਦੱਸੀ ਗਈ ਸੀ, ਪਰ ਹੁਣ ਮੈਚ ਦੀ ਸ਼ੁਰੂਆਤ 28 ਮਾਰਚ ਤੈਅ ਕੀਤੀ ਗਈ ਹੈ। ਫਾਈਨਲ ਮੁਕਾਬਲਾ 31 ਮਈ ਨੂੰ ਖੇਡਿਆ ਜਾਵੇਗਾ।

ਆਈ.ਪੀ.ਐੱਲ. ਗਵਰਨਿੰਗ ਕੌਂਸਲ ਦੀ ਮੀਟਿੰਗ ਅਗਲੇ ਹਫ਼ਤੇ ਹੋਣੀ ਹੈ, ਜਿਸ ਵਿਚ ਪੂਰੇ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਸ਼ਡਿਊਲ ਜਾਰੀ ਕਰਨ ਵਿਚ ਦੇਰੀ ਦੀ ਮੁੱਖ ਵਜ੍ਹਾ ਅਸਾਮ, ਪੱਛਮੀ ਬੰਗਾਲ ਅਤੇ ਤਮਿਲਨਾਡੂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਹਨ। ਹਾਲਾਂਕਿ ਚੋਣ ਕਮਿਸ਼ਨ ਵੱਲੋਂ ਅਜੇ ਤੱਕ ਇਨ੍ਹਾਂ ਰਾਜਾਂ ਦੀਆਂ ਤਾਰੀਖਾਂ ਦਾ ਐਲਾਨ ਨਹੀਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਕੋਲਕਾਤਾ ਨਾਈਟ ਰਾਈਡਰਜ਼ (ਕੇ.ਕੇ.ਆਰ.), ਚੇਨਈ ਸੁਪਰ ਕਿੰਗਜ਼ (ਸੀ.ਐੱਸ.ਕੇ.) ਅਤੇ ਰਾਜਸਥਾਨ ਰਾਇਲਜ਼ (ਆਰ.ਆਰ.) ਦੇ ਘਰੇਲੂ ਮੈਚਾਂ ’ਤੇ ਚੋਣਾਂ ਦਾ ਅਸਰ ਪੈ ਸਕਦਾ ਹੈ।

2008 ਵਿਚ ਆਈ.ਪੀ.ਐੱਲ. ਦੀ ਸ਼ੁਰੂਆਤ ਤੋਂ ਬਾਅਦ ਜਦੋਂ ਵੀ ਦੇਸ਼ ਵਿਚ ਲੋਕ ਸਭਾ ਜਾਂ ਕਿਸੇ ਰਾਜ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਹਨ, ਤਦ ਸ਼ਡਿਊਲ ਨੂੰ ਦੋ ਹਿੱਸਿਆਂ ਵਿਚ ਜਾਰੀ ਕੀਤਾ ਗਿਆ ਹੈ। 2009, 2014, 2019 ਅਤੇ 2024 ਵਿਚ ਇਹ ਹੋ ਚੁੱਕਾ ਹੈ। ਇਸ ਵਾਰ ਆਈ.ਪੀ.ਐੱਲ. ਗਵਰਨਿੰਗ ਕੌਂਸਲ ਇਹੀ ਮਾਡਲ ਅਪਣਾਏਗੀ ਜਾਂ ਚੋਣ ਤਾਰੀਖਾਂ ਦੀ ਉਡੀਕ ਕਰੇਗੀ, ਇਸ ਬਾਰੇ ਫੈਸਲਾ ਅਜੇ ਬਾਕੀ ਹੈ।




# ਖ਼ਾਮੇਨੇਈ ਦੇ ਅਰਬਾਂ ਡਾਲਰ ਦੇ ਗੁਪਤ ਖਜ਼ਾਨੇ ਨੂੰ ਲੈ ਕੇ ਛਿੜੀ ਚਰਚਾ!



**ਤੇਹਰਾਨ, (ਪੰਜਾਬ ਮੇਲ)-** ਮੱਧ ਪੂਰਬ ਦੇ ਸਭ ਤੋਂ ਤਾਕਤਵਰ ਤੇ ਵਿਵਾਦਤ ਚਿਹਰੇ, ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਾਮੇਨੇਈ ਦਾ ਅੰਤ ਹੋ ਚੁੱਕਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਾਵਿਆਂ ਤੋਂ ਬਾਅਦ ਹੁਣ ਈਰਾਨੀ ਮੀਡੀਆ ਨੇ ਵੀ ਅਧਿਕਾਰਤ ਤੌਰ 'ਤੇ ਮੰਨ ਲਿਆ ਹੈ ਕਿ ਖ਼ਾਮੇਨੇਈ ਹੁਣ ਇਸ ਦੁਨੀਆ ਵਿੱਚ ਨਹੀਂ ਰਹੇ। ਜਿੱਥੇ ਤੇਹਰਾਨ ਦੀਆਂ ਗਲੀਆਂ ਵਿੱਚ ਮਾਤਮ ਪਸਰਿਆ ਹੋਇਆ ਹੈ, ਉੱਥੇ ਹੀ ਪੂਰੀ ਦੁਨੀਆ 'ਚ ਖ਼ਾਮੇਨੇਈ ਦੇ ਅਰਬਾਂ ਡਾਲਰ ਦੇ ਗੁਪਤ ਖ਼ਜ਼ਾਨੇ ਨੂੰ ਲੈ ਕੇ ਚਰਚਾ ਛਿੜ ਗਈ ਹੈ।

ਵਿੱਤੀ ਮਾਹਰਾਂ ਅਤੇ ਮਿਲੀਆਂ ਰਿਪੋਰਟਾਂ ਅਨੁਸਾਰ, ਖ਼ਾਮੇਨੇਈ ਇੱਕ ਅਜਿਹੇ ਵਿੱਤੀ ਸਾਮਰਾਜ ਨੂੰ ਕੰਟਰੋਲ ਕਰਦੇ ਸਨ, ਜਿਸਦੀ ਕੀਮਤ 95 ਬਿਲੀਅਨ ਡਾਲਰ ਤੋਂ ਲੈ ਕੇ 200 ਬਿਲੀਅਨ ਡਾਲਰ ਦੇ ਵਿਚਕਾਰ ਦੱਸੀ ਜਾ ਰਹੀ ਹੈ। ਇਹ ਵਿਸ਼ਾਲ ਦੌਲਤ 'ਸੇਤਾਦ' (ਇਮਾਮ ਦੇ ਆਦੇਸ਼ ਨੂੰ ਲਾਗੂ ਕਰਨ ਦਾ ਮੁੱਖ ਦਫ਼ਤਰ) ਵਰਗੀਆਂ ਸੰਸਥਾਵਾਂ ਰਾਹੀਂ ਫੈਲੀ ਹੋਈ ਸੀ। ਇਸ ਸਾਮਰਾਜ ਦੀ ਨੀਂਹ ਜ਼ਬਤ ਕੀਤੀਆਂ ਜਾਇਦਾਦਾਂ, ਰੀਅਲ ਅਸਟੇਟ, ਵਿਦੇਸ਼ੀ ਨਿਵੇਸ਼ ਅਤੇ ਸਰਕਾਰੀ ਸੰਪਤੀਆਂ 'ਤੇ ਟਿਕੀ ਹੋਈ ਸੀ।

ਜੇਕਰ ਖ਼ਾਮੇਨੇਈ ਦੀ ਤੁਲਨਾ ਦੁਨੀਆਂ ਦੇ ਹੋਰ ਸ਼ਕਤੀਸ਼ਾਲੀ ਨੇਤਾਵਾਂ ਨਾਲ ਕੀਤੀ ਜਾਵੇ, ਤਾਂ ਅੰਕੜੇ ਹੈਰਾਨ ਕਰਨ ਵਾਲੇ ਹਨ।

**ਦੌਲਤ ਦੀ ਰੇਸ 'ਚ ਟਰੰਪ ਅਤੇ ਨੇਤਨਯਾਹੂ ਤੋਂ ਕਿਤੇ ਅੱਗੇ**

ਫੋਰਬਸ ਮੁਤਾਬਕ 2025 ਵਿਚ ਟਰੰਪ ਦੀ ਕੁੱਲ ਸੰਪਤੀ 7.3 ਬਿਲੀਅਨ ਡਾਲਰ ਹੈ। ਯਾਨੀ ਕਿ ਖ਼ਾਮੇਨੇਈ ਕੋਲ ਟਰੰਪ ਨਾਲੋਂ ਲਗਭਗ 25 ਗੁਣਾ ਜ਼ਿਆਦਾ ਦੌਲਤ ਹੋਣ ਦਾ ਅਨੁਮਾਨ ਹੈ। ਇਸ ਤੋਂ ਇਲਾਵਾ ਇਜ਼ਰਾਈਲੀ ਪੀ.ਐੱਮ. ਦੀ ਕੁੱਲ ਸੰਪਤੀ ਲਗਭਗ 13 ਮਿਲੀਅਨ ਡਾਲਰ ਹੈ, ਜੋ ਕਿ ਖ਼ਾਮੇਨੇਈ ਦੇ ਅਰਬਾਂ ਡਾਲਰ ਦੇ ਸਾਮਰਾਜ ਸਾਹਮਣੇ ਸਿਰਫ਼ ਇੱਕ ਬੂੰਦ ਦੇ ਬਰਾਬਰ ਨਜ਼ਰ ਆਉਂਦੀ ਹੈ।

ਖ਼ਾਮੇਨੇਈ ਦੀ ਮੌਤ ਤੋਂ ਬਾਅਦ ਈਰਾਨ ਨੇ ਉਨ੍ਹਾਂ ਦੇ ਬੇਟੇ ਮੁਜਤਬਾ ਖ਼ਾਮੇਨੇਈ ਨੂੰ ਨਵਾਂ ਸੁਪਰੀਮ ਲੀਡਰ ਐਲਾਨ ਦਿੱਤਾ ਹੈ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਮੁਜਤਬਾ ਇਸ ਗੁੰਝਲਦਾਰ ਆਰਥਿਕ ਸਾਮਰਾਜ ਨੂੰ ਸੰਭਾਲ ਸਕਣਗੇ?

## ਪਾਕਿਸਤਾਨ ਅਤੇ ਅਫਗਾਨਿਸਤਾਨ ਟਕਰਾਅ; 300 ਹਲਾਕ; 500 ਜ਼ਖ਼ਮੀ

**ਕਾਬੁਲ, (ਪੰਜਾਬ ਮੇਲ)-** ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਾਲੇ ਚੱਲ ਰਹੀ ਫ਼ੌਜੀ ਜੰਗ 'ਚ ਹੁਣ ਤੱਕ 300 ਤੋਂ ਵੱਧ ਜਣਿਆਂ ਦੀ ਮੌਤ ਹੋ ਚੁੱਕੀ ਹੈ ਅਤੇ 500 ਦੇ ਕਰੀਬ ਜ਼ਖ਼ਮੀ ਹੋਏ ਹਨ। ਦੋਵੇਂ ਦੇਸ਼ ਇੱਕ-ਦੂਜੇ ਨੂੰ ਲਗਾਤਾਰ ਹੋਰ ਵੱਡੀਆਂ ਫ਼ੌਜੀ ਕਾਰਵਾਈਆਂ ਦੀਆਂ ਧਮਕੀਆਂ ਦੇ ਰਹੇ ਹਨ। ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਅਮਰੀਕਾ ਇਸ ਮਾਮਲੇ ਵਿਚ ਦਖ਼ਲ ਦੇਵੇਗਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਾਕਿਸਤਾਨ ਨਾਲ ਬਹੁਤ ਚੰਗੇ ਸਬੰਧ ਹਨ। ਟਰੰਪ ਨੇ ਪਾਕਿਸਤਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਕਾਫ਼ੀ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਜੇਕਰ ਲੋੜ ਪਈ, ਤਾਂ ਉਹ ਦਖ਼ਲ ਦੇ ਸਕਦੇ ਹਨ। ਦੂਜੇ ਪਾਸੇ ਪਾਕਿਸਤਾਨੀ ਫ਼ੌਜ ਦੇ ਬੁਲਾਰੇ ਨੇ ਭਾਰਤ 'ਤੇ ਦੋਸ਼ ਲਗਾਏ ਹਨ ਕਿ ਉਨ੍ਹਾਂ ਦੇ ਦੇਸ਼ ਵਿਚ ਹੋਣ ਵਾਲੇ ਦਹਿਸ਼ਤੀ ਹਮਲਿਆਂ ਪਿੱਛੇ ਭਾਰਤ ਦਾ ਹੱਥ ਹੈ ਅਤੇ ਇਨ੍ਹਾਂ ਕਾਰਵਾਈਆਂ ਲਈ ਅਫਗਾਨ ਤਾਲਿਬਾਨ ਦੀ ਧਰਤੀ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਜੰਗ ਉਦੋਂ ਤੇਜ਼ ਹੋਈ, ਜਦੋਂ ਅਫਗਾਨਿਸਤਾਨ ਨੇ ਪਾਕਿਸਤਾਨੀ ਹਵਾਈ ਹਮਲਿਆਂ ਦਾ ਜਵਾਬ ਦਿੱਤਾ।

# ਮੋਜਤਬਾ ਖਾਮੇਨੇਈ ਨੂੰ ਇਰਾਨ ਦਾ ਨਵਾਂ ਸੁਪਰੀਮ ਲੀਡਰ ਚੁਣਿਆ ਗਿਆ!



**ਤਹਿਰਾਨ, (ਪੰਜਾਬ ਮੇਲ)-** ਇਰਾਨ ਵਿਚ ਜਾਰੀ ਭਾਰੀ ਸਿਆਸੀ ਉਥਲ-ਪੁਥਲ ਅਤੇ ਅਮਰੀਕਾ-ਇਜ਼ਰਾਈਲ ਨਾਲ ਵਧਦੇ ਤਣਾਅ ਦੇ ਵਿਚਕਾਰ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਰਿਪੋਰਟਾਂ ਮੁਤਾਬਕ, ਅਯਾਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਬੇਟੇ ਮੋਜਤਬਾ ਖ਼ਾਮੇਨੇਈ ਨੂੰ ਇਰਾਨ ਦਾ ਨਵਾਂ ਸਰਵਉੱਚ ਨੇਤਾ (ਸੁਪਰੀਮ ਲੀਡਰ) ਚੁਣ ਲਿਆ ਗਿਆ ਹੈ। ਦੇਸ਼ ਦੀ ਪ੍ਰਭਾਵਸ਼ਾਲੀ ਸੰਸਥਾ 'ਅਸੈਂਬਲੀ ਆਫ਼ ਐਕਸਪਰਟਸ', ਜਿਸ ਵਿਚ 88 ਸੀਨੀਅਰ ਮੌਲਵੀ ਸ਼ਾਮਲ ਹਨ, ਨੇ 56 ਸਾਲਾ ਮੋਜਤਬਾ ਦੇ ਨਾਂਅ 'ਤੇ ਆਪਣੀ ਮੋਹਰ ਲਗਾ ਦਿੱਤੀ ਹੈ। ਹਾਲਾਂਕਿ, ਇਰਾਨੀ ਸਰਕਾਰ ਵੱਲੋਂ ਅਜੇ ਤੱਕ ਇਸ ਦਾ ਅਧਿਕਾਰਤ ਐਲਾਨ ਕੀਤਾ ਜਾਣਾ ਬਾਕੀ ਹੈ।

ਸੂਤਰਾਂ ਅਨੁਸਾਰ, ਇਸ ਚੋਣ ਪ੍ਰਕਿਰਿਆ ਵਿਚ ਇਰਾਨ ਦੀ ਸਭ ਤੋਂ ਸ਼ਕਤੀਸ਼ਾਲੀ ਫੌਜੀ ਸੰਸਥਾ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ (ਆਈ.ਆਰ.ਜੀ.ਸੀ.) ਨੇ ਕੇਂਦਰੀ ਭੂਮਿਕਾ ਨਿਭਾਈ ਹੈ। ਜੰਗ ਅਤੇ ਸੰਕਟ ਦੀ ਸਥਿਤੀ ਨੂੰ ਦੇਖਦੇ ਹੋਏ ਫੌਜ ਅਤੇ ਆਈ.ਆਰ.ਜੀ.ਸੀ. ਨੇ ਮੋਜਤਬਾ ਨੂੰ ਸਭ ਤੋਂ ਸੁਰੱਖਿਅਤ ਅਤੇ ਢੁੱਕਵਾਂ ਬਦਲ ਮੰਨਿਆ ਹੈ। ਜ਼ਿਕਰਯੋਗ ਹੈ ਕਿ ਇਰਾਨੀ ਵਿਵਸਥਾ ਵਿਚ ਸੁਪਰੀਮ ਲੀਡਰ ਹੀ ਫੌਜ ਦਾ ਕਮਾਂਡਰ-ਇਨ-ਚੀਫ ਹੁੰਦਾ ਹੈ ਅਤੇ ਸਾਰੇ ਰਣਨੀਤਕ ਫੈਸਲਿਆਂ ਵਿਚ ਉਸਦਾ ਫੈਸਲਾ ਹੀ ਅੰਤਿਮ ਹੁੰਦਾ ਹੈ।

ਮੋਜਤਬਾ ਦੀ ਨਿਯੁਕਤੀ ਨਾਲ ਇਰਾਨ ਵਿਚ ਇੱਕ ਨਵੀਂ ਬਹਿਸ ਛਿੜ ਗਈ ਹੈ। 1979 ਦੀ ਇਸਲਾਮੀ ਕ੍ਰਾਂਤੀ ਰਾਜਸ਼ਾਹੀ ਦੇ ਵਿਰੁੱਧ ਹੋਈ ਸੀ, ਅਜਿਹੇ ਵਿਚ ਪਿਤਾ ਤੋਂ ਬਾਅਦ ਪੁੱਤਰ ਨੂੰ ਸੱਤਾ ਸੌਂਪਣਾ 'ਵੰਸ਼ਵਾਦ' ਦੇ ਦੋਸ਼ਾਂ ਨੂੰ ਜਨਮ ਦੇ ਰਿਹਾ ਹੈ, ਜੋ ਕਿ ਇਸਲਾਮੀ ਗਣਰਾਜ ਦੇ ਵਿਚਾਰਧਾਰਕ ਸਿਧਾਂਤਾਂ ਦੇ ਵਿਰੁੱਧ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੋਜਤਬਾ ਨੂੰ ਇਕ ਮੱਧ-ਪੱਧਰੀ ਮੌਲਵੀ ਮੰਨਿਆ ਜਾਂਦਾ ਹੈ, ਜਦਕਿ ਰਵਾਇਤੀ ਨਿਯਮਾਂ ਅਨੁਸਾਰ ਇਸ ਅਹੁਦੇ ਲਈ ਉੱਚ ਧਾਰਮਿਕ ਦਰਜਾ ਹੋਣਾ ਲਾਜ਼ਮੀ ਹੈ।

ਮਾਹਰਾਂ ਦਾ ਮੰਨਣਾ ਹੈ ਕਿ ਮੋਜਤਬਾ ਦਾ ਸੁਪਰੀਮ ਲੀਡਰ ਬਣਨਾ ਇਹ ਸੰਕੇਤ ਦਿੰਦਾ ਹੈ ਕਿ ਇਰਾਨ ਆਪਣੀਆਂ ਮੌਜੂਦਾ ਨੀਤੀਆਂ ਵਿਚ ਕੋਈ ਵੱਡਾ ਬਦਲਾਅ ਨਹੀਂ ਕਰੇਗਾ। ਇਰਾਨ ਇਸ ਸਮੇਂ ਇਜ਼ਰਾਈਲ ਅਤੇ ਅਮਰੀਕਾ ਨਾਲ ਜੰਗ ਵਰਗੇ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਅਜਿਹੇ ਸਮੇਂ ਵਿਚ ਇਹ ਲੀਡਰਸ਼ਿਪ ਤਬਦੀਲੀ ਖੇਤਰੀ ਸਿਆਸਤ 'ਤੇ ਡੂੰਘਾ ਅਸਰ ਪਾ ਸਕਦੀ ਹੈ।

# ਮਿਡਲ ਈਸਟ ਤਣਾਅ ਦਰਮਿਆਨ ਪਾਕਿਸਤਾਨ 'ਚ ਪ੍ਰਦਰਸ਼ਨਕਾਰੀਆਂ ਵੱਲੋਂ ਸੰਯੁਕਤ ਰਾਸ਼ਟਰ ਦਫਤਰ 'ਤੇ ਹਮਲਾ



**ਇਸਲਾਮਾਬਾਦ, (ਪੰਜਾਬ ਮੇਲ)-** ਮਿਡਲ ਈਸਟ ਵਿਚ ਵਧਦੇ ਖੇਤਰੀ ਤਣਾਅ ਵਿਚਕਾਰ ਪਾਕਿਸਤਾਨ ਵਿਚ ਸਥਿਤੀ ਬੇਹੱਦ ਵਿਸਫੋਟਕ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨ ਵਿਚ ਸਥਿਤ ਸੰਯੁਕਤ ਰਾਸ਼ਟਰ ਦੇ ਦਫਤਰ 'ਤੇ ਹਮਲਾ ਕਰਕੇ ਉਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ।

ਸਰੋਤਾਂ ਮੁਤਾਬਕ, ਪ੍ਰਦਰਸ਼ਨਕਾਰੀਆਂ ਦਾ ਗੁੱਸਾ ਇੰਨਾ ਜ਼ਿਆਦਾ ਸੀ ਕਿ ਉਨ੍ਹਾਂ ਨੇ ਸੁਰੱਖਿਆ ਘੇਰੇ ਤੋੜ ਕੇ ਸੰਯੁਕਤ ਰਾਸ਼ਟਰ ਦੇ ਦਫਤਰ ਨੂੰ ਨਿਸ਼ਾਨਾ ਬਣਾਇਆ। ਇਸ ਘਟਨਾ ਦੌਰਾਨ ਦਫਤਰ ਵਿਚ ਮੌਜੂਦ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਣ ਦੀ ਖ਼ਬਰ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰਦਰਸ਼ਨਕਾਰੀ ਮੌਜੂਦਾ ਖੇਤਰੀ ਸਥਿਤੀ ਅਤੇ ਅੰਤਰਰਾਸ਼ਟਰੀ ਦਖਲਅੰਦਾਜ਼ੀ ਤੋਂ ਨਾਰਾਜ਼ ਸਨ, ਜਿਸ ਕਾਰਨ ਉਨ੍ਹਾਂ ਨੇ ਇਸ ਹਿੰਸਕ ਕਾਰਵਾਈ ਨੂੰ ਅੰਜਾਮ ਦਿੱਤਾ।

ਪਾਕਿਸਤਾਨ ਵਿਚ ਵਾਪਰੀ ਇਹ ਘਟਨਾ ਉਸ ਸਮੇਂ ਹੋਈ ਹੈ, ਜਦੋਂ ਪੂਰੇ ਖੇਤਰ ਵਿਚ ਤਣਾਅ ਫੈਲਿਆ ਹੋਇਆ ਹੈ। ਇੱਕ ਪਾਸੇ ਜਿੱਥੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਟਕਰਾਅ ਵਧ ਰਿਹਾ ਹੈ ਅਤੇ ਯੂ.ਏ.ਈ. ਵਰਗੇ ਦੇਸ਼ਾਂ ਵਿਚ ਸੁਰੱਖਿਆ ਵਜੋਂ ਸਕੂਲ-ਕਾਲਜ ਬੰਦ ਕੀਤੇ ਗਏ ਹਨ, ਉੱਥੇ ਪਾਕਿਸਤਾਨ ਵਿਚ ਸੰਯੁਕਤ ਰਾਸ਼ਟਰ ਦੇ ਦਫਤਰ ਨੂੰ ਅੱਗ ਲਾਉਣਾ ਅੰਤਰਰਾਸ਼ਟਰੀ ਪੱਧਰ 'ਤੇ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਫਿਲਹਾਲ ਪਾਕਿਸਤਾਨੀ ਪ੍ਰਸ਼ਾਸਨ ਸਥਿਤੀ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਇਸ ਹਿੰਸਕ ਘਟਨਾ ਨੇ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ, ਪਰ ਮਾਹੌਲ ਬੇਹੱਦ ਤਣਾਅਪੂਰਨ ਬਣਿਆ ਹੋਇਆ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਯੂ.ਕੇ. ਵੱਲੋਂ ਭਾਰਤ ਤੇ ਗਲਫ ਦੀਆਂ ਉਡਾਣਾਂ ਅਸਥਾਈ ਤੌਰ 'ਤੇ ਮੁਅੱਤਲ!

**ਲੰਡਨ, (ਪੰਜਾਬ ਮੇਲ)-** ਮੱਧ-ਪੂਰਬ 'ਚ ਵਧ ਰਹੇ ਤਣਾਅ ਦੇ ਚੱਲਦਿਆਂ ਭਾਰਤ ਅਤੇ ਗਲਫ਼ ਦੇਸ਼ਾਂ ਨਾਲ ਜੁੜੀਆਂ ਕਈ ਉਡਾਣਾਂ ਰੱਦ ਜਾਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਹਵਾਈ ਖੇਤਰਾਂ 'ਚ ਸੁਰੱਖਿਆ ਪਾਬੰਦੀਆਂ ਕਾਰਨ ਯੂਰਪ-ਏਸ਼ੀਆ ਰੂਟਾਂ 'ਤੇ ਵੱਡਾ ਅਸਰ ਪਿਆ ਹੈ, ਜਿਸ ਨਾਲ ਯੂਕੇ ਦੇ ਮੁੱਖ ਹਵਾਈ ਅੱਡਿਆਂ 'ਤੇ ਯਾਤਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹੀਥਰੋ ਹਵਾਈ ਅੱਡੇ ਤੋਂ ਦੁਬਈ, ਦੋਹਾ, ਅਬੂ ਧਾਬੀ ਅਤੇ ਦਿੱਲੀ, ਮੁੰਬਈ ਜਾਣ ਵਾਲੀਆਂ ਕਈ ਉਡਾਣਾਂ ਰੱਦ ਹੋਣ ਦੀਆਂ ਖ਼ਬਰਾਂ ਹਨ। ਟਰਮੀਨਲਾਂ 'ਚ ਯਾਤਰੀਆਂ ਦੀ ਭੀੜ ਦੇਖਣ ਨੂੰ ਮਿਲੀ ਅਤੇ ਕਈ ਲੋਕ ਅਗਲੀ ਉਡਾਣ ਦੀ ਉਡੀਕ ਕਰਦੇ ਰਹੇ। ਭਾਵੇਂ ਕਿ ਪ੍ਰਬੰਧਕਾਂ ਵੱਲੋਂ ਯਾਤਰੀਆਂ ਨੂੰ ਆਪਣੀ-ਆਪਣੀ ਏਅਰਲਾਈਨ ਨਾਲ ਸਿੱਧਾ ਸੰਪਰਕ ਕਰਨ ਦੀ ਸਲਾਹ ਦਿੱਤੀ ਗਈ ਹੈ ਪ੍ਰੰਤੂ ਏਅਰ ਇੰਡੀਆ ਦੀਆਂ ਰੱਦ ਹੋਈਆਂ ਉਡਾਣਾਂ ਨੂੰ ਦੱਸਣ ਲਈ ਅਮਲਾ ਉਪਲਬਧ ਹੀ ਨਹੀਂ ਸੀ। ਮੁੰਬਈ ਰਸਤੇ ਚੰਡੀਗੜ੍ਹ, ਅੰਮ੍ਰਿਤਸਰ ਜਾਣ ਵਾਲੇ ਯਾਤਰੀ ਸਹੀ ਸਹੂਲਤਾਂ ਨਾ ਮਿਲਣ ਕਾਰਨ ਏਅਰ ਇੰਡੀਆ ਤੋਂ ਕਿਨਾਰਾ ਕਰਦੇ ਦਿਸੇ।

**ਮੱਧ-ਪੂਰਬ 'ਚ ਵਧ ਰਹੇ ਤਣਾਅ ਕਾਰਨ ਐਡਵਾਈਜ਼ਰੀ ਜਾਰੀ**

ਇਸੇ ਤਰ੍ਹਾਂ ਮੈਨਚੈਸਟਰ, ਬਰਮਿੰਘਮ ਤੇ ਹੋਰ ਖੇਤਰੀ ਹਵਾਈ ਅੱਡਿਆਂ ਤੋਂ ਵੀ ਗਲਫ਼ ਦੇਸ਼ਾਂ ਲਈ ਚੱਲਣ ਵਾਲੀਆਂ ਕਈ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਕੁਝ ਰੂਟਾਂ 'ਤੇ ਉਡਾਣਾਂ ਨੂੰ ਰੀ-ਰੂਟ ਕੀਤਾ ਗਿਆ ਹੈ, ਜਿਸ ਨਾਲ ਦੇਰੀ ਵੀ ਹੋ ਰਹੀ ਹੈ ਜਾਂ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ। ਭਾਰਤ ਅਤੇ ਮੱਧ-ਪੂਰਬ ਰੂਟਾਂ 'ਤੇ ਕਈ ਏਅਰਲਾਈਨਾਂ ਨੇ ਸੇਵਾਵਾਂ ਅਸਥਾਈ ਤੌਰ 'ਤੇ ਰੋਕ ਦਿੱਤੀਆਂ ਹਨ, ਜਿਨ੍ਹਾਂ ਵਿਚ ਏਅਰ ਇੰਡੀਆ, ਇਮੇਰਾਤ, ਗਲਫ, ਇਜ਼ਰਾਈਲੀ ਉਡਾਣਾਂ ਪ੍ਰਮੁੱਖ ਹਨ। ਕਈ ਕੰਪਨੀਆਂ ਵੱਲੋਂ ਯਾਤਰੀਆਂ ਨੂੰ ਰੀ-ਬੁਕਿੰਗ ਜਾਂ ਪੂਰਾ ਰੀਫੰਡ ਦੇਣ ਦੀ ਸਹੂਲਤ ਦਿੱਤੀ ਗਈ ਹੈ।

ਇਸ ਦਰਮਿਆਨ ਵਿਦੇਸ਼, ਕਾਮਨਵੈਲਥ ਅਤੇ ਵਿਕਾਸ ਦਫ਼ਤਰ ਨੇ ਮੱਧ-ਪੂਰਬ ਦੇ ਕੁਝ ਖੇਤਰਾਂ ਲਈ ਯਾਤਰਾ ਸਲਾਹ ਅਪਡੇਟ ਕਰਦੇ ਹੋਏ ਬਿਨਾਂ ਲੋੜ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਹੈ। ਯਾਤਰੀਆਂ ਨੂੰ ਤਾਜ਼ਾ ਜਾਣਕਾਰੀ ਲਈ ਆਪਣੀ ਏਅਰਲਾਈਨ ਅਤੇ ਅਧਿਕਾਰਕ ਵੈੱਬਸਾਈਟਾਂ 'ਤੇ ਨਜ਼ਰ ਰੱਖਣ ਲਈ ਕਿਹਾ ਗਿਆ ਹੈ। ਏਅਰ ਇੰਡੀਆ ਨੇ ਲੰਡਨ ਤੋਂ ਭਾਰਤ ਜਾਣ ਵਾਲੀਆਂ 7 ਉਡਾਣਾਂ ਨੂੰ ਸੁਰੱਖਿਆ ਕਾਰਨ ਕਰ ਕੇ ਰੱਦ ਕਰ ਦਿੱਤਾ ਗਿਆ।




# ਮੱਧ ਪੂਰਬ 'ਚ ਚੱਲ ਰਿਹਾ ਸੰਘਰਸ਼ ਬੇਹੱਦ ਖ਼ਤਰਨਾਕ ਮੋੜ 'ਤੇ !

## ਟਰੰਪ ਵੱਲੋਂ ਈਰਾਨੀ ਫ਼ੌਜ ਨੂੰ ਆਖਰੀ ਚਿਤਾਵਨੀ



ਤੇਲ ਅਵੀਵ/ਤੇਹਰਾਨ, (ਪੰਜਾਬ ਮੇਲ)- ਮੱਧ ਪੂਰਬ 'ਚ ਚੱਲ ਰਿਹਾ ਸੰਘਰਸ਼ ਹੁਣ ਇੱਕ ਬੇਹੱਦ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ। ਈਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰਪਸ (ਆਈ.ਆਰ.ਜੀ.ਸੀ.) ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਅਤੇ ਇਜ਼ਰਾਈਲੀ ਹਵਾਈ ਸੈਨਾ ਦੇ ਕਮਾਂਡਰ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਮਿਜ਼ਾਈਲ ਹਮਲੇ ਕੀਤੇ ਹਨ। ਆਈ.ਆਰ.ਜੀ.ਸੀ. ਦਾ ਕਹਿਣਾ ਹੈ ਕਿ ਇਸ ਹਮਲੇ ਤੋਂ ਬਾਅਦ ਨੇਤਨਯਾਹੂ ਦੀ ਸਥਿਤੀ ਫਿਲਹਾਲ ਅਸਪੱਸ਼ਟ ਹੈ।

ਇਹ ਹਮਲਾ ਇਜ਼ਰਾਈਲ ਅਤੇ ਅਮਰੀਕਾ ਦੇ ਇੱਕ ਸਾਂਝੇ ਆਪ੍ਰੇਸ਼ਨ ਵਿਚ ਈਰਾਨ ਦੇ ਸਰਵਉੱਚ ਨੇਤਾ ਅਲੀ ਖਾਮੇਨੇਈ ਦੀ ਹੱਤਿਆ ਤੋਂ ਬਾਅਦ ਹੋਇਆ ਹੈ। ਇਸ ਦੇ ਜਵਾਬ ਵਿਚ ਈਰਾਨ ਅਤੇ ਉਸ ਦੇ ਸਹਿਯੋਗੀ ਸੰਗਠਨਾਂ ਨੇ ਇਜ਼ਰਾਈਲੀ ਸ਼ਹਿਰਾਂ ਅਤੇ ਖਾੜੀ ਖੇਤਰ ਵਿਚ ਅਮਰੀਕੀ ਟਿਕਾਣਿਆਂ 'ਤੇ ਡਰੋਨ ਅਤੇ ਮਿਜ਼ਾਈਲਾਂ ਨਾਲ ਹਮਲੇ ਤੇਜ਼ ਕਰ ਦਿੱਤੇ ਹਨ। ਹਾਲਾਂਕਿ, ਇਜ਼ਰਾਈਲ ਨੇ ਨੇਤਨਯਾਹੂ ਦੇ ਦਫ਼ਤਰ 'ਤੇ ਹੋਏ ਹਮਲੇ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨੀ ਫੌਜੀ ਅਧਿਕਾਰੀਆਂ ਨੂੰ ਸਿੱਧਾ ਅਲਟੀਮੇਟਮ ਦਿੱਤਾ ਹੈ। ਟਰੰਪ ਨੇ ਕਿਹਾ ਕਿ ਜੇਕਰ ਈਰਾਨੀ ਫੌਜੀ ਹਥਿਆਰ ਨਹੀਂ ਸੁੱਟਦੇ, ਤਾਂ ਉਨ੍ਹਾਂ ਨੂੰ ਨਿਸ਼ਚਿਤ ਮੌਤ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਹਥਿਆਰ ਸੁੱਟਣ ਵਾਲਿਆਂ ਨੂੰ ਸੁਰੱਖਿਆ ਦੀ ਪੂਰੀ ਗਾਰੰਟੀ ਦਿੱਤੀ ਜਾਵੇਗੀ, ਪਰ ਮਿਲਟਰੀ ਆਪ੍ਰੇਸ਼ਨ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਾਰੇ ਟੀਚੇ ਹਾਸਲ ਨਹੀਂ ਹੋ ਜਾਂਦੇ।

ਦੂਜੇ ਪਾਸੇ, ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਨੇ ਸਥਿਤੀ ਨੂੰ ਬੇਹੱਦ ਚਿੰਤਾਜਨਕ ਦੱਸਿਆ ਹੈ। ਏਜੰਸੀ ਦੇ ਮੁਖੀ ਰਾਫੇਲ ਗ੍ਰੋਸੀ ਨੇ ਚਿਤਾਵਨੀ ਦਿੱਤੀ ਹੈ ਕਿ ਈਰਾਨ ਦੇ ਪਰਮਾਣੂ ਪਲਾਂਟਾਂ ਦੇ ਆਲੇ-ਦੁਆਲੇ ਰੇਡੀਓਧਰਮੀ ਵਿਕਿਰਨ (ਰੇਡੀਏਸ਼ਨ) ਦਾ ਰਿਸਾਅ ਹੋ ਸਕਦਾ ਹੈ, ਜਿਸ ਦੇ ਨਤੀਜੇ ਬਹੁਤ ਭਿਆਨਕ ਹੋਣਗੇ। ਫਿਲਹਾਲ ਈਰਾਨੀ ਅਧਿਕਾਰੀਆਂ ਵੱਲੋਂ ਇਸ ਸਬੰਧੀ ਕੋਈ ਜਵਾਬ ਨਹੀਂ ਮਿਲ ਰਿਹਾ ਹੈ।

# ਇਰਾਨੀ ਨੇਤਾ ਵੱਲੋਂ ਗਲੋਬਲ ਟਕਰਾਵਾਂ ਨੂੰ ਜਾਣਬੁੱਝ ਕੇ ਹਵਾ ਦੇਣ ਦਾ ਦੋਸ਼ !

ਤਹਿਰਾਨ, (ਪੰਜਾਬ ਮੇਲ)- ਇਰਾਨ ਨੇ ਅਮਰੀਕਾ 'ਤੇ ਭਾਰਤ, ਚੀਨ ਅਤੇ ਰੂਸ ਵਰਗੀਆਂ ਉੱਭਰਦੀਆਂ ਸ਼ਕਤੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਜਾਣਬੁੱਝ ਕੇ ਗਲੋਬਲ ਟਕਰਾਵਾਂ ਨੂੰ ਹਵਾ ਦੇਣ ਦਾ ਦੋਸ਼ ਲਗਾਇਆ ਹੈ, ਜਦੋਂਕਿ ਤਹਿਰਾਨ ਨੇ ਸੰਕੇਤ ਦਿੱਤਾ ਹੈ ਕਿ ਉਹ ਯੁੱਧ ਨੂੰ ਖ਼ਤਮ ਕਰਨ ਲਈ ਗੱਲਬਾਤ ਕਰਨ ਲਈ ਤਿਆਰ ਹੈ, ਪਰ ਸਿਰਫ਼ ਉਨ੍ਹਾਂ ਸ਼ਰਤਾਂ 'ਤੇ ਜੋ ਉਹ ਸਤਿਕਾਰਯੋਗ ਸਮਝਦਾ ਹੈ। ਇੱਕ ਇੰਟਰਵਿਊ 'ਚ ਇਰਾਨ ਦੇ ਸੁਪਰੀਮ ਲੀਡਰ ਦੇ ਦਫਤਰ ਦੇ ਵਿਸ਼ੇਸ਼ ਪ੍ਰਤੀਨਿਧੀ ਅਬਦੁਲ ਮਜੀਦ ਹਕੀਮ ਇਲਾਹੀ ਨੇ ਕਿਹਾ ਕਿ ਵਾਸ਼ਿੰਗਟਨ ਦਾ ਵੱਡਾ ਉਦੇਸ਼ ਤਹਿਰਾਨ ਤੋਂ ਬਹੁਤ ਅੱਗੇ ਹੈ। ਉਨ੍ਹਾਂ ਕਿਹਾ, "ਅਮਰੀਕਾ ਦਾ ਉਦੇਸ਼ ਇਰਾਨ ਨਹੀਂ ਹੈ, ਸਗੋਂ ਇਰਾਨ ਤੋਂ ਬਾਅਦ ਇਹ ਹੋਰ ਦੇਸ਼ ਹੋਣਗੇ। ਭਵਿੱਖ ਵਿਚ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਭਾਰਤ, ਚੀਨ, ਰੂਸ ਅਤੇ ਅਮਰੀਕਾ ਹੋਣਗੇ। ਇਸ ਲਈ ਅਮਰੀਕਾ ਕੋਈ ਵੀ ਸਾਥੀ ਨਹੀਂ ਚਾਹੁੰਦਾ। ਉਹ ਨਹੀਂ ਚਾਹੁੰਦਾ ਕਿ ਭਾਰਤ ਜਾਂ ਚੀਨ ਸ਼ਕਤੀਸ਼ਾਲੀ ਬਣ ਜਾਣ। ਇਸੇ ਲਈ ਉਹ ਭਵਿੱਖ ਵਿਚ ਅਜਿਹਾ ਹੋਣ ਤੋਂ ਰੋਕਣ ਲਈ ਇੰਨੀਆਂ ਜੰਗਾਂ ਲੜਦੇ ਹਨ। ਇਲਾਹੀ ਨੇ ਕਿਹਾ ਕਿ ਅਮਰੀਕਾ ਦੁਨੀਆਂ ਭਰ ਵਿਚ ਆਪਣਾ ਦਬਦਬਾ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਬਹੁ-ਧਰੁਵੀ ਵਿਸ਼ਵ ਵਿਵਸਥਾ ਦੀ ਸੰਭਾਵਨਾ ਤੋਂ ਅਸਹਿਜ ਹੈ। ਉਨ੍ਹਾਂ ਕਿਹਾ, "ਅਮਰੀਕਾ ਦਾ ਅੰਤਮ ਟੀਚਾ ਸਿਰਫ਼ ਇਰਾਨ ਨਹੀਂ ਹੈ। ਸਾਡੀ ਸਰਕਾਰ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਉਹ ਦੂਜੇ ਦੇਸ਼ਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੇ ਹਨ।

# ਅਮਰੀਕਾ ਦੇ 'ਬੀ-2' ਬੰਬਾਰਾਂ ਨੇ ਈਰਾਨ 'ਚ ਮਚਾਈ ਤਬਾਹੀ



ਵਾਸ਼ਿੰਗਟਨ, (ਪੰਜਾਬ ਮੇਲ)- ਮੱਧ-ਪੂਰਬ ਵਿਚ ਜੰਗ ਹੋਰ ਵੀ ਭਿਆਨਕ ਹੁੰਦੀ ਜਾ ਰਹੀ ਹੈ। ਅਮਰੀਕਾ ਨੇ 'ਆਪ੍ਰੇਸ਼ਨ ਐਪਿਕ ਫਿਊਰੀ' ਦੇ ਤਹਿਤ ਈਰਾਨ ਦੇ ਜ਼ਮੀਨਦੋਜ਼ ਮਿਜ਼ਾਈਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਵੱਡੀ ਫੌਜੀ ਕਾਰਵਾਈ ਕੀਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਅਮਰੀਕਾ ਦੇ ਚਾਰ ਬੀ-2 ਬੰਬਾਰ ਜਹਾਜ਼ਾਂ ਨੇ ਈਰਾਨ ਦੇ ਮਿਜ਼ਾਈਲ ਅੱਡਿਆਂ 'ਤੇ 2000 ਪੌਂਡ ਵਜ਼ਨ ਵਾਲੇ ਦਰਜਨਾਂ ਬੰਕਰ-ਬਸਟਰ ਬੰਬ ਸੁੱਟੇ ਹਨ। ਇਨ੍ਹਾਂ ਹਮਲਿਆਂ ਦਾ ਉਦੇਸ਼ ਈਰਾਨ ਦੀਆਂ ਉਨ੍ਹਾਂ ਗੁਪਤ ਸਹੂਲਤਾਂ ਨੂੰ ਨਸ਼ਟ ਕਰਨਾ ਸੀ, ਜੋ ਜ਼ਮੀਨ ਦੇ ਅੰਦਰ ਡੂੰਘਾਈ ਵਿਚ ਬਣੀਆਂ ਹੋਈਆਂ ਹਨ।

ਅਮਰੀਕੀ ਸੈਂਟਰਲ ਕਮਾਂਡ ਨੇ ਇੱਕ ਬਿਆਨ ਜਾਰੀ ਕਰਦਿਆਂ ਪੁਸ਼ਟੀ ਕੀਤੀ ਹੈ ਕਿ ਇਸ ਕਾਰਵਾਈ ਦੌਰਾਨ ਤਿੰਨ ਅਮਰੀਕੀ ਫੌਜੀ ਮਾਰੇ ਗਏ ਹਨ। ਇਸ ਤੋਂ ਇਲਾਵਾ, ਪੰਜ ਹੋਰ ਸੈਨਿਕ ਗੰਭੀਰ ਰੂਪ ਵਿਚ ਜ਼ਖਮੀ ਹੋਏ ਹਨ, ਜਦੋਂ ਕਿ ਕਈ ਹੋਰਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਇਲਾਜ ਤੋਂ ਬਾਅਦ ਡਿਊਟੀ 'ਤੇ ਵਾਪਸ ਭੇਜ ਦਿੱਤਾ ਗਿਆ ਹੈ।

ਸੈਂਟਰਲ ਕਮਾਂਡ ਨੇ ਦੱਸਿਆ ਕਿ ਇਹ ਇੱਕ ਵੱਡੇ ਪੱਧਰ ਦੀ ਫੌਜੀ ਮੁਹਿੰਮ ਹੈ ਅਤੇ ਜਵਾਬੀ ਕਾਰਵਾਈ ਅਜੇ ਵੀ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕੀ ਫੌਜ ਈਰਾਨ ਦੇ ਸਾਰੇ ਪ੍ਰਮੁੱਖ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਹਮਲਾ ਕਰਨ ਦੀ ਸਮਰੱਥਾ ਨੂੰ ਖ਼ਤਮ ਕੀਤਾ ਜਾ ਸਕੇ।

# ਈਰਾਨੀ ਰਾਸ਼ਟਰਪਤੀ ਦਫ਼ਤਰ ਤੇ ਸੁਰੱਖਿਆ ਪ੍ਰੀਸ਼ਦ ਦੀ ਇਮਾਰਤ ਮਿਜ਼ਾਈਲ ਹਮਲਿਆਂ 'ਚ ਤਬਾਹ

ਤੇਹਰਾਨ/ਯਰੂਸ਼ਲਮ, (ਪੰਜਾਬ ਮੇਲ)- ਪੱਛਮੀ ਏਸ਼ੀਆ ਵਿਚ ਜੰਗ ਹੋਰ ਭਿਆਨਕ ਰੂਪ ਅਖਤਿਆਰ ਕਰਦੀ ਜਾ ਰਹੀ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਜਾ ਰਹੇ ਹਮਲੇ ਰੁਕਣ ਦਾ ਨਾਮ ਨਹੀਂ ਲੈ ਰਹੇ। ਤਾਜ਼ਾ ਕਾਰਵਾਈ ਵਿਚ ਇਜ਼ਰਾਈਲੀ ਹਵਾਈ ਸੈਨਾ ਨੇ ਰਾਤੋ-ਰਾਤ ਈਰਾਨ ਦੇ ਸਭ ਤੋਂ ਮਹੱਤਵਪੂਰਨ ਅਤੇ ਸੁਰੱਖਿਅਤ ਮੰਨੇ ਜਾਣ ਵਾਲੇ ਸਰਕਾਰੀ ਟਿਕਾਣਿਆਂ 'ਤੇ ਜ਼ੋਰਦਾਰ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਵਿਚ ਈਰਾਨ ਦੇ ਰਾਸ਼ਟਰਪਤੀ ਦਾ ਦਫ਼ਤਰ ਅਤੇ ਸੁਰੱਖਿਆ ਪ੍ਰੀਸ਼ਦ ਦੀ ਇਮਾਰਤ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ।

ਇਜ਼ਰਾਈਲੀ ਰੱਖਿਆ ਬਲਾਂ ਨੇ ਸੋਸ਼ਲ ਮੀਡੀਆ ਰਾਹੀਂ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦਾ ਮੁੱਖ ਨਿਸ਼ਾਨਾ ਈਰਾਨ ਦੀ ਲੀਡਰਸ਼ਿਪ ਸੀ। ਆਈ.ਡੀ.ਐੱਫ. ਅਨੁਸਾਰ, ਇਸ ਕਾਰਵਾਈ ਵਿਚ ਈਰਾਨੀ ਸਰਕਾਰ ਦੇ ਦਫ਼ਤਰਾਂ, ਮੁੱਖ ਫੌਜੀ ਟਿਕਾਣਿਆਂ ਅਤੇ ਕੇਂਦਰੀ ਹੈੱਡਕੁਆਰਟਰ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਇਹ ਹੈੱਡਕੁਆਰਟਰ ਈਰਾਨ ਦਾ ਸਭ ਤੋਂ ਉੱਚਾ ਫੈਸਲਾ ਲੈਣ ਵਾਲਾ ਕੇਂਦਰ ਸੀ ਅਤੇ ਇਸ ਨੂੰ ਦੇਸ਼ ਦੇ ਸਭ ਤੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਵਾਲੇ ਸਥਾਨਾਂ ਵਿਚੋਂ ਇੱਕ ਮੰਨਿਆ ਜਾਂਦਾ ਸੀ।

ਇਜ਼ਰਾਈਲ ਦਾ ਦਾਅਵਾ ਹੈ ਕਿ ਇਹ ਹਮਲੇ ਸਟੀਕ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਕੀਤੇ ਗਏ ਹਨ। ਸੂਤਰਾਂ ਅਨੁਸਾਰ, ਜਿਸ ਕੰਪਲੈਕਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਉਹ ਈਰਾਨ ਦੀ ਸਭ ਤੋਂ ਕੀਮਤੀ ਅਤੇ ਸੁਰੱਖਿਅਤ ਜਾਇਦਾਦਾਂ ਵਿਚੋਂ ਇੱਕ ਸੀ।

ਇਹ ਹਮਲਾ ਅਜਿਹੇ ਸਮੇਂ ਹੋਇਆ ਹੈ, ਜਦੋਂ ਈਰਾਨ ਵੱਲੋਂ ਵੀ ਇਜ਼ਰਾਈਲ ਅਤੇ ਉਨ੍ਹਾਂ ਖਾੜੀ ਦੇਸ਼ਾਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ ਜਾ ਰਹੇ ਹਨ, ਜਿੱਥੇ ਅਮਰੀਕੀ ਫੌਜੀ ਅੱਡੇ ਮੌਜੂਦ ਹਨ। ਸ਼ਨੀਵਾਰ ਤੋਂ ਸ਼ੁਰੂ ਹੋਈ ਅਮਰੀਕਾ-ਇਜ਼ਰਾਈਲ ਦੀ ਇਸ ਸਾਂਝੀ ਮੁਹਿੰਮ ਅਤੇ ਈਰਾਨ ਦੇ ਜਵਾਬੀ ਹਮਲਿਆਂ ਨੇ ਖੇਤਰ ਵਿਚ ਤਣਾਅ ਨੂੰ ਬਹੁਤ ਜ਼ਿਆਦਾ ਵਧਾ ਦਿੱਤਾ ਹੈ। ਈਰਾਨ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਨੇ ਬਹਿਰੀਨ ਵਿਚ ਸਥਿਤ ਅਮਰੀਕੀ ਬੇਸ ਨੂੰ ਵੀ ਨਿਸ਼ਾਨਾ ਬਣਾਇਆ ਹੈ।

# ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਵੱਲੋਂ ਨਵਾਂ ਕਾਨੂੰਨ (ਦੰਡ ਸੰਹਿਤਾ) ਜਾਰੀ

## ਪਤਨੀ ਨੂੰ ਕੁੱਟਣ 'ਤੇ 15 ਦਿਨ ਤੇ ਜਾਨਵਰਾਂ ਦੀ ਲੜਾਈ ਕਰਵਾਉਣ 'ਤੇ 5 ਮਹੀਨੇ ਦੀ ਜੇਲ੍ਹ

ਏਥਨਜ਼, (ਪੰਜਾਬ ਮੇਲ)- ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਇੱਕ ਨਵਾਂ ਕਾਨੂੰਨ (ਦੰਡ ਸੰਹਿਤਾ) ਜਾਰੀ ਕੀਤਾ ਹੈ, ਜਿਸ ਵਿਚ ਔਰਤਾਂ ਨਾਲੋਂ ਜਾਨਵਰਾਂ ਦੀ ਸੁਰੱਖਿਆ ਨੂੰ ਵੱਧ ਅਹਿਮੀਅਤ ਦਿੱਤੀ ਗਈ ਹੈ। ਇਸ ਫਰਮਾਨ ਮੁਤਾਬਕ ਜੇਕਰ ਕੋਈ ਮਰਦ ਆਪਣੀ ਪਤਨੀ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਦਾ ਹੈ ਕਿ ਉਸ ਦੇ ਸਰੀਰ 'ਤੇ ਨੀਲ ਜਾਂ ਜ਼ਖ਼ਮ ਪੈ ਜਾਵੇ, ਤਾਂ ਉਸ ਨੂੰ ਸਿਰਫ਼ 15 ਦਿਨਾਂ ਦੀ ਜੇਲ੍ਹ ਹੋਵੇਗੀ, ਉਹ ਵੀ ਉਦੋਂ ਜੇ ਪਤਨੀ ਅਦਾਲਤ 'ਚ ਸਬੂਤ ਪੇਸ਼ ਕਰ ਸਕੇ। ਇਸ ਦੇ ਉਲਟ, ਜੇਕਰ ਕੋਈ ਵਿਅਕਤੀ ਜਾਨਵਰਾਂ ਜਾਂ ਪੰਛੀਆਂ ਦੀ ਲੜਾਈ ਕਰਵਾਉਂਦਾ ਫੜਿਆ ਗਿਆ, ਤਾਂ ਉਸ ਨੂੰ 5 ਮਹੀਨਿਆਂ ਦੀ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਜੇਕਰ ਕੋਈ ਔਰਤ ਆਪਣੇ ਪਤੀ ਦੀ ਮਰਜ਼ੀ ਤੋਂ ਬਿਨਾਂ ਪੇਕੇ ਘਰ ਜਾ ਕੇ ਰਹਿੰਦੀ ਹੈ, ਤਾਂ ਉਸ ਨੂੰ 3 ਮਹੀਨਿਆਂ ਦੀ ਜੇਲ੍ਹ ਹੋ ਸਕਦੀ ਹੈ। ਇਹ ਨਵਾਂ ਕਾਨੂੰਨ ਸਮਾਜਿਕ ਰੁਤਬੇ ਦੇ ਆਧਾਰ 'ਤੇ ਵੀ ਪੱਖਪਾਤ ਕਰਦਾ ਹੈ, ਜਿਸ ਵਿਚ ਉੱਚ ਵਰਗ ਦੇ ਲੋਕਾਂ ਨੂੰ ਸਿਰਫ਼ ਚੇਤਾਵਨੀ ਦੇ ਕੇ ਛੱਡਿਆ ਜਾ ਸਕਦਾ ਹੈ, ਜਦੋਂ ਕਿ ਗਰੀਬ ਜਾਂ ਨੀਵੇਂ ਵਰਗ ਦੇ ਲੋਕਾਂ ਨੂੰ ਕੋੜੇ ਮਾਰਨ ਵਰਗੀਆਂ ਸਰੀਰਕ ਸਜ਼ਾਵਾਂ ਦਿੱਤੀਆਂ ਜਾਣਗੀਆਂ। ਸੰਯੁਕਤ ਰਾਸ਼ਟਰ ਨੇ ਇਸ ਫਰਮਾਨ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਮਨੁੱਖੀ ਅਧਿਕਾਰਾਂ ਅਤੇ ਲਿੰਗ ਸਮਾਨਤਾ ਦੀ ਵੱਡੀ ਉਲੰਘਣਾ ਦੱਸਿਆ ਹੈ।

ਉਨ੍ਹਾਂ ਅਫਗਾਨ ਅਧਿਕਾਰੀਆਂ ਨੂੰ ਇਸ ਫਰਮਾਨ ਨੂੰ ਰੱਦ ਕਰਨ ਦੀ ਅਪੀਲ ਕੀਤੀ। 119 ਧਾਰਾਵਾਂ ਵਾਲੇ ਇਸ 60 ਪੰਨਿਆਂ ਦੇ ਫਰਮਾਨ ਨੰਬਰ 12 ਵਿਚ ਉਨ੍ਹਾਂ ਔਰਤਾਂ ਲਈ ਸਜ਼ਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜੋ ਆਪਣੇ ਪਤੀ ਦੀ ਇਜਾਜ਼ਤ ਤੋਂ ਬਿਨਾਂ ਆਪਣੇ ਰਿਸ਼ਤੇਦਾਰਾਂ ਕੋਲ ਜਾਂਦੀਆਂ ਹਨ ਅਤੇ ਪਤੀਆਂ ਤੇ ਪਰਿਵਾਰ ਦੇ ਮੁਖੀਆਂ ਨੂੰ ਆਪਣੇ ਘਰਾਂ ਵਿਚ ਸਜ਼ਾ ਨਿਰਧਾਰਤ ਕਰਨ ਅਤੇ ਦੇਣ ਦੀ ਇਜਾਜ਼ਤ ਦਿੰਦਾ ਹੈ।

ਹਾਲਾਂਕਿ, ਇਹ ਵੱਖਰਾ ਵਿਵਹਾਰ ਕਤਲ ਦੇ ਮਾਮਲਿਆਂ ਵਿਚ ਲਾਗੂ ਨਹੀਂ ਹੁੰਦਾ, ਜਿੱਥੇ ਦੋਸ਼ੀ ਪਾਏ ਜਾਣ ਵਾਲੇ ਹਰ ਵਿਅਕਤੀ ਨੂੰ ਮੌਤ ਦੀ ਸਜ਼ਾ ਮਿਲਦੀ ਹੈ। ਦੂਜਾ ਵੱਡਾ ਅਪਰਾਧ ਪੈਗੰਬਰ ਮੁਹੰਮਦ ਦਾ ਅਪਮਾਨ ਕਰਨਾ ਹੈ, ਹਾਲਾਂਕਿ ਉਸ ਮਾਮਲੇ ਵਿਚ ਜੇਕਰ ਅਪਰਾਧੀ ਪਛਤਾਵਾ ਕਰਦਾ ਹੈ, ਤਾਂ ਮੌਤ ਦੀ ਸਜ਼ਾ ਨੂੰ ਛੇ ਸਾਲ ਦੀ ਕੈਦ ਵਿਚ ਬਦਲਿਆ ਜਾ ਸਕਦਾ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ


ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

# ਈਰਾਨ ਵੱਲੋਂ ਰਿਆਧ 'ਚ ਸਥਿਤ ਅਮਰੀਕਨ ਅੰਬੈਸੀ 'ਤੇ ਡਰੋਨ ਨਾਲ ਹਮਲਾ



ਵਾਸ਼ਿੰਗਟਨ/ਤਹਿਰਾਨ, (ਪੰਜਾਬ ਮੇਲ)– ਮੱਧ ਪੂਰਬ ਵਿਚ ਜੰਗ ਦੀ ਅੱਗ ਭਿਆਨਕ ਰੂਪ ਅਖ਼ਤਿਆਰ ਕਰ ਚੁੱਕੀ ਹੈ। ਸਾਊਦੀ ਅਰਬ ਦੀ ਰਾਜਧਾਨੀ ਰਿਆਧ ਵਿਚ ਸਥਿਤ ਅਮਰੀਕੀ ਦੂਤਾਵਾਸ 'ਤੇ ਹੋਏ ਵੱਡੇ ਈਰਾਨੀ ਡਰੋਨ ਹਮਲੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਬੁਰੀ ਤਰ੍ਹਾਂ ਭੜਕ ਗਏ ਹਨ। ਟਰੰਪ ਨੇ ਈਰਾਨ ਨੂੰ ਸਿੱਧੀ ਧਮਕੀ ਦਿੰਦਿਆਂ ਕਿਹਾ ਹੈ ਕਿ "ਇਸ ਦਾ ਅੰਜਾਮ ਕੀ ਹੋਵੇਗਾ, ਇਹ ਤੁਹਾਨੂੰ ਜਲਦੀ ਹੀ ਪਤਾ ਲੱਗ ਜਾਵੇਗਾ"। ਦੂਤਾਵਾਸ 'ਤੇ ਹੋਏ ਇਸ ਹਮਲੇ ਵਿਚ 2 ਡਰੋਨਾਂ ਦੀ ਵਰਤੋਂ ਕੀਤੀ ਗਈ ਸੀ, ਜਿਸ ਕਾਰਨ ਉੱਥੇ ਭਿਆਨਕ ਅੱਗ ਲੱਗ ਗਈ ਅਤੇ ਕਾਲੇ ਧੂੰਏਂ ਦੇ ਗੁਬਾਰ ਦੇਖੇ ਗਏ।

ਸੂਤਰਾਂ ਮੁਤਾਬਕ, ਇਜ਼ਰਾਈਲ ਅਤੇ ਅਮਰੀਕਾ ਦੇ ਹਮਲਿਆਂ ਵਿਚ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਪਤਨੀ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ ਹੈ। ਖਾਮੇਨੇਈ ਦੀ ਮੌਤ ਤੋਂ ਬਾਅਦ ਪੂਰੇ ਮੱਧ ਪੂਰਬ ਵਿਚ ਹਿੰਸਾ ਅਤੇ ਜੰਗ ਤੇਜ਼ ਹੋ ਗਈ ਹੈ।

ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਨੇ 'ਆਪ੍ਰੇਸ਼ਨ ਐਪਿਕ ਫਿਊਰੀ' ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਅਤੇ ਸ਼ਕਤੀਸ਼ਾਲੀ ਫੌਜੀ ਅਭਿਆਨ ਦੱਸਿਆ ਜਾ ਰਿਹਾ ਹੈ। ਅਮਰੀਕੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਓਮਾਨ ਦੀ ਖਾੜੀ ਵਿਚ ਈਰਾਨ ਦੇ ਸਾਰੇ 11 ਜਹਾਜ਼ਾਂ ਨੂੰ ਨਸ਼ਟ ਕਰ ਦਿੱਤਾ ਹੈ।

ਇਸ ਖ਼ੂਨੀ ਸੰਘਰਸ਼ ਵਿਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਵੀ ਸਾਹਮਣੇ ਆਈ ਹੈ। ਓਮਾਨ ਦੇ ਤੱਟ ਕੋਲ ਇੱਕ ਤੇਲ ਟੈਂਕਰ 'ਤੇ ਵਿਸਫੋਟਕਾਂ ਨਾਲ ਲੱਦੀ ਕਿਸ਼ਤੀ ਰਾਹੀਂ ਹਮਲਾ ਕੀਤਾ ਗਿਆ ਸੀ, ਜਿਸ ਵਿਚ ਇੱਕ ਭਾਰਤੀ ਮੂਲ ਦੇ ਕਰੂ ਮੈਂਬਰ ਦੀ ਜਾਨ ਚਲੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੌਰਡਨ, ਸਾਊਦੀ ਅਰਬ ਅਤੇ ਬਹਿਰੀਨ ਦੇ ਮੁਖੀਆਂ ਨਾਲ ਗੱਲਬਾਤ ਕਰਕੇ ਇਲਾਕੇ ਵਿਚ ਭਾਰਤੀ ਭਾਈਚਾਰੇ ਦੀ ਸੁਰੱਖਿਆ ਬਾਰੇ ਚਰਚਾ ਕੀਤੀ ਹੈ।

ਜੰਗ ਦੇ ਮਾਹੌਲ ਕਾਰਨ ਹਵਾਈ ਖੇਤਰ ਵਿਚ ਵੀ ਹਲਚਲ ਮਚੀ ਹੋਈ ਹੈ। ਅਕਾਸਾ ਏਅਰ ਅਤੇ ਇੰਡੀਗੋ ਸਮੇਤ ਕਈ ਭਾਰਤੀ ਏਅਰਲਾਈਨਾਂ ਨੇ 7 ਮਾਰਚ ਤੱਕ ਦੁਬਈ, ਦੋਹਾ, ਜੇਦਾਹ ਅਤੇ ਰਿਆਧ ਵਰਗੇ ਸ਼ਹਿਰਾਂ ਲਈ ਆਪਣੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਹਨ।

# ਇਰਾਨ-ਇਜ਼ਰਾਈਲ ਟਕਰਾਅ ਵਿਚਾਲੇ ਦੁਬਈ ਤੋਂ ਭਾਰਤ ਲਈ ਉਡਾਣਾਂ ਮੁੜ ਸ਼ੁਰੂ



ਮੁੰਬਈ, (ਪੰਜਾਬ ਮੇਲ)- ਪੱਛਮੀ ਏਸ਼ੀਆ ਵਿਚ ਵਧਦੇ ਤਣਾਅ ਅਤੇ ਇਜ਼ਰਾਈਲ-ਇਰਾਨ ਦਰਮਿਆਨ ਹੋਈ ਜੰਗੀ ਕਾਰਵਾਈ ਕਾਰਨ ਰੁਕੀਆਂ ਹਵਾਈ ਸੇਵਾਵਾਂ ਹੁਣ ਹੌਲੀ-ਹੌਲੀ ਬਹਾਲ ਕੀਤੀਆਂ ਜਾ ਰਹੀਆਂ ਹਨ। ਮੰਗਲਵਾਰ ਨੂੰ ਦੁਬਈ ਤੋਂ 'ਐਮੀਰੇਟਸ' ਦੀ ਫਲਾਈਟ (ਈ.ਕੇ. 500) ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਕੌਮਾਂਤਰੀ ਹਵਾਈ ਅੱਡੇ 'ਤੇ ਸੁਰੱਖਿਅਤ ਉਤਰੀ, ਜਿਸ ਨਾਲ ਪਿਛਲੇ ਕਈ ਦਿਨਾਂ ਤੋਂ ਫਸੇ ਯਾਤਰੀਆਂ ਨੇ ਸੁੱਖ ਦਾ ਸਾਹ ਲਿਆ।

ਯਾਤਰੀਆਂ ਨੇ ਦੱਸਿਆ ਕਿ ਦੁਬਈ ਵਿੱਚ ਸਥਿਤੀ ਕਾਫੀ ਤਣਾਅਪੂਰਨ ਸੀ ਅਤੇ ਉਡਾਣਾਂ ਰੱਦ ਹੋਣ ਵਧੇਰੇ ਚਿੰਤਾ ਬਣੀ ਹੋਈ ਸੀ। ਦੁਬਈ ਏਅਰਪੋਰਟ ਪ੍ਰਸ਼ਾਸਨ ਨੇ ਪੁਸ਼ਟੀ ਕੀਤੀ ਹੈ ਕਿ 2 ਮਾਰਚ ਦੀ ਸ਼ਾਮ ਤੋਂ ਸੀਮਤ ਸੰਖਿਆ ਵਿਚ ਉਡਾਣਾਂ ਦਾ ਸੰਚਾਲਨ ਦੁਬਾਰਾ ਸ਼ੁਰੂ ਕਰ ਦਿੱਤਾ ਗਿਆ ਹੈ।

ਯਾਤਰੀਆਂ ਨੇ ਮੁਸ਼ਕਲ ਘੜੀ ਵਿਚ ਏਅਰਲਾਈਨਾਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ ਹੈ। ਦੁਬਈ ਤੋਂ ਪਰਤੇ ਇੱਕ ਯਾਤਰੀ ਨੇ ਦੱਸਿਆ ਕਿ ਉਡਾਣਾਂ ਰੱਦ ਹੋਣ ਤੋਂ ਬਾਅਦ 'ਐਮੀਰੇਟਸ' ਨੇ ਸਾਰੇ ਮੁਸਾਫ਼ਰਾਂ ਲਈ ਹੋਟਲਾਂ ਵਿਚ ਰਹਿਣ ਅਤੇ ਖਾਣ-ਪੀਣ ਦਾ ਪੁਖ਼ਤਾ ਪ੍ਰਬੰਧ ਕੀਤਾ। ਇਸੇ ਤਰ੍ਹਾਂ ਅਬੂ ਧਾਬੀ ਤੋਂ ਬੈਂਗਲੁਰੂ ਪਹੁੰਚੇ ਯਾਤਰੀਆਂ ਨੇ ਵੀ 'ਇਤਿਹਾਦ ਏਅਰਵੇਜ਼' ਦੀ ਸੇਵਾ ਦੀ ਤਾਰੀਫ਼ ਕੀਤੀ।

ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲਿਆਂ ਅਤੇ ਉਸ ਤੋਂ ਬਾਅਦ ਇਰਾਨ ਦੀ ਜਵਾਬੀ ਕਾਰਵਾਈ ਕਾਰਨ ਪੂਰੇ ਖੇਤਰ ਵਿਚ ਹਵਾਈ ਸੇਵਾਵਾਂ ਪ੍ਰਭਾਵਿਤ ਹੋਈਆਂ ਸਨ, ਪਰ ਹੁਣ ਹਾਲਾਤ ਹੌਲੀ-ਹੌਲੀ ਆਮ ਵਾਂਗ ਹੋ ਰਹੇ ਹਨ।

# ਅਮਰੀਕਾ ਵੱਲੋਂ ਈਰਾਨ ਸਿੱਧੀ ਧਮਕੀ; ਜੰਗ ਦੀ ਸ਼ੁਰੂਆਤ ਅਮਰੀਕਾ ਨੇ ਨਹੀਂ ਕੀਤੀ, ਪਰ ਖ਼ਤਮ ਅਮਰੀਕਾ ਹੀ ਕਰੇਗਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਹਮਲਿਆਂ ਦਰਮਿਆਨ ਅਮਰੀਕਾ ਦੇ ਵਾਰ ਸੈਕਟਰੀ ਪੀਟ ਹੇਗਸੇਥ ਨੇ ਪ੍ਰੈੱਸ ਕਾਨਫਰੰਸ ਕੀਤੀ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਇਸ ਜੰਗ ਦੀ ਸ਼ੁਰੂਆਤ ਅਮਰੀਕਾ ਨੇ ਨਹੀਂ ਕੀਤੀ ਸੀ, ਪਰ ਇਸ ਨੂੰ ਖਤਮ ਅਮਰੀਕਾ ਹੀ ਕਰੇਗਾ। ਹੇਗਸੇਥ ਅਨੁਸਾਰ, ਜਿਸ ਸ਼ਾਸਨ ਨੇ 'ਅਮਰੀਕਾ ਮੁਰਦਾਬਾਦ' ਅਤੇ 'ਇਜ਼ਰਾਈਲ ਮੁਰਦਾਬਾਦ' ਦੇ ਨਾਅਰੇ ਲਗਾਏ ਸਨ, ਆਖ਼ਰਕਾਰ ਉਸ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ ਹੈ। ਵਾਰ ਸੈਕਟਰੀ ਨੇ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮਾਂ 'ਤੇ 'ਆਪ੍ਰੇਸ਼ਨ ਐਪਿਕ ਫਿਊਰੀ' ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਇਸ ਨੂੰ ਇਤਿਹਾਸ ਦਾ ਸਭ ਤੋਂ ਖ਼ਤਰਨਾਕ, ਮੁਸ਼ਕਲ ਅਤੇ ਸਟੀਕ ਹਵਾਈ ਆਪ੍ਰੇਸ਼ਨ ਕਰਾਰ ਦਿੱਤਾ। ਹੇਗਸੇਥ ਨੇ ਇਲਜ਼ਾਮ ਲਗਾਇਆ ਕਿ ਪਿਛਲੇ 47 ਸਾਲਾਂ ਤੋਂ ਤେਹਰਾਨ ਦੀ ਇਸਲਾਮਿਕ ਸਰਕਾਰ ਨੇ ਅਮਰੀਕਾ ਦੇ ਖਿਲਾਫ ਇੱਕਤਰਫਾ ਜੰਗ ਛੇੜੀ ਹੋਈ ਸੀ, ਜਿਸ ਵਿਚ ਅਮਰੀਕੀ ਲੋਕਾਂ ਦਾ ਖ਼ੂਨ ਵਹਾਇਆ ਗਿਆ ਅਤੇ ਦੂਤਾਵਾਸਾਂ 'ਤੇ ਹਮਲੇ ਕੀਤੇ ਗਏ।

ਅਮਰੀਕਾ ਨੇ ਸਾਫ਼ ਕਰ ਦਿੱਤਾ ਹੈ ਕਿ ਈਰਾਨ ਵਰਗੇ ਦੇਸ਼ ਕੋਲ ਪ੍ਰਮਾਣੂ ਹਥਿਆਰ ਨਹੀਂ ਹੋ ਸਕਦੇ। ਹੇਗਸੇਥ ਨੇ ਕਿਹਾ ਕਿ ਈਰਾਨ ਝੂਠ ਬੋਲ ਕੇ ਪ੍ਰਮਾਣੂ ਬੰਬ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਦੁਨੀਆਂ ਨੂੰ ਬਲੈਕਮੇਲ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਿਛਲੇ ਜੂਨ ਵਿਚ 'ਆਪ੍ਰੇਸ਼ਨ ਮਿਡਨਾਈਟ ਹੈਮਰ' ਨੇ ਉਨ੍ਹਾਂ ਦੇ ਨਿਊਕਲੀਅਰ ਪ੍ਰੋਗਰਾਮ ਨੂੰ ਮਲਬੇ ਵਿਚ ਬਦਲ ਦਿੱਤਾ ਸੀ, ਪਰ ਈਰਾਨ ਨੇ ਸ਼ਾਂਤੀਪੂਰਨ ਡੀਲ ਕਰਨ ਤੋਂ ਹੰਕਾਰ ਵਿਚ ਮਨ੍ਹਾ ਕਰ ਦਿੱਤਾ ਸੀ।

# ਇਰਾਨ ਵੱਲੋਂ 'ਸਟ੍ਰੇਟ ਆਫ ਹਾਰਮੁਜ਼' ਨੂੰ ਪੂਰੀ ਤਰ੍ਹਾਂ ਬੰਦ ਕਰਨ ਦੇ ਫੈਸਲੇ ਨੇ ਵਧਾਈ ਚਿੰਤਾ

ਤਹਿਰਾਨ, (ਪੰਜਾਬ ਮੇਲ)- ਮੱਧ ਪੂਰਬ 'ਚ ਜਾਰੀ ਜੰਗ ਦੌਰਾਨ ਇਰਾਨ ਨੇ ਇੱਕ ਅਜਿਹਾ ਕਦਮ ਚੁੱਕਿਆ ਹੈ ਜਿਸ ਨੇ ਪੂਰੀ ਦੁਨੀਆ ਦੀ ਚਿੰਤਾ ਵਧਾ ਦਿੱਤੀ ਹੈ। ਇਰਾਨ ਨੇ ਐਲਾਨ ਕੀਤਾ ਹੈ ਕਿ ਉਸ ਨੇ 'ਸਟ੍ਰੇਟ ਆਫ ਹਾਰਮੁਜ਼' ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਇਰਾਨੀ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕਿਸੇ ਨੇ ਵੀ ਇੱਥੋਂ ਲੰਘਣ ਦੀ ਕੋਸ਼ਿਸ਼ ਕੀਤੀ, ਤਾਂ ਇਰਾਨੀ ਰਿਵੋਲਿਊਸ਼ਨਰੀ ਗਾਰਡਜ਼ ਅਤੇ ਜਲ ਸੈਨਾ ਉਨ੍ਹਾਂ ਜਹਾਜ਼ਾਂ ਨੂੰ ਅੱਗ ਲਗਾ ਦੇਵੇਗੀ।

ਜ਼ਿਕਰਯੋਗ ਹੈ ਕਿ ਦੁਨੀਆਂ ਦੇ ਕੁੱਲ ਤੇਲ ਦੀ ਖਪਤ ਦਾ ਲਗਭਗ 20 ਫੀਸਦੀ ਹਿੱਸਾ ਇਸੇ ਮਾਰਗ ਰਾਹੀਂ ਲੰਘਦਾ ਹੈ। ਇਹ ਰਸਤਾ ਸਾਊਦੀ ਅਰਬ, ਇਰਾਕ, ਅਤੇ ਯੂ.ਏ.ਈ. ਵਰਗੇ ਵੱਡੇ ਤੇਲ ਉਤਪਾਦਕ ਦੇਸ਼ਾਂ ਨੂੰ ਦੁਨੀਆਂ ਨਾਲ ਜੋੜਦਾ ਹੈ। ਇਰਾਨ ਵੱਲੋਂ ਇਸ ਰਸਤੇ ਨੂੰ ਬੰਦ ਕਰਨ ਮਗਰੋਂ ਮੰਗਲਵਾਰ ਸਵੇਰੇ ਕੱਚੇ ਤੇਲ ਦੀਆਂ ਕੀਮਤਾਂ ਵਿਚ 1 ਫ਼ੀਸਦੀ ਦਾ ਵਾਧਾ ਹੋਇਆ, ਜਦੋਂਕਿ ਸੋਮਵਾਰ ਨੂੰ ਕੀਮਤਾਂ ਪਹਿਲਾਂ ਹੀ 10 ਫ਼ੀਸਦੀ ਵਧ ਗਈਆਂ ਸਨ। ਮਾਹਿਰਾਂ ਅਨੁਸਾਰ ਜੇਕਰ ਇਹ ਰਸਤਾ ਲੰਬੇ ਸਮੇਂ ਤੱਕ ਬੰਦ ਰਹਿੰਦਾ ਹੈ, ਤਾਂ ਤੇਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਹਨ।

ਕਤਰ ਦੁਆਰਾ ਐੱਲ.ਐੱਨ.ਜੀ. ਉਤਪਾਦਨ ਬੰਦ ਕਰਨ ਤੋਂ ਬਾਅਦ ਗੈਸ ਟੈਂਕਰਾਂ ਦਾ ਕਿਰਾਇਆ ਵੀ 2 ਲੱਖ ਡਾਲਰ ਪ੍ਰਤੀ ਦਿਨ ਤੋਂ ਉੱਪਰ ਪਹੁੰਚ ਗਿਆ ਹੈ, ਜੋ ਕਿ ਪਹਿਲਾਂ ਨਾਲੋਂ ਲਗਭਗ ਦੁੱਗਣਾ ਹੈ। ਭਾਰਤ, ਜੋ ਕਿ ਆਪਣੀ ਲੋੜ ਦਾ 90 ਫ਼ੀਸਦੀ ਤੇਲ ਦਰਾਮਦ ਕਰਦਾ ਹੈ, 'ਤੇ ਇਰਾਨ ਦੀ ਜੰਗ ਦਾ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ।

ਸਫਾ 1 ਦਾ ਬਾਕੀ

## ਇਜ਼ਰਾਈਲ-ਅਮਰੀਕਾ ਵੱਲੋਂ ਇਰਾਨ 'ਤੇ ਕੀਤੇ ਹਮਲਿਆਂ...

ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿਆਨ ਨੇ ਇਲਾਕੇ 'ਚ ਹੋਰ ਤਬਾਹੀ ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਰਾਨ 'ਤੇ ਭਾਰੀ ਬੰਬਾਰੀ ਪੂਰਾ ਹਫ਼ਤਾ ਜਾਂ ਜਦੋਂ ਤੱਕ ਜ਼ਰੂਰੀ ਹੋਵੇਗਾ, ਉਦੋਂ ਤੱਕ ਜਾਰੀ ਰਹੇਗੀ। ਇਰਾਨੀ ਰੈੱਡ ਕ੍ਰੀਸੈਂਟ ਨੇ ਮ੍ਰਿਤਕਾਂ ਦੀ ਗਿਣਤੀ ਅਤੇ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਅਤੇ ਬਚਾਅ ਕਾਰਜ ਤੇਜ਼ ਕਰਨ ਦੀ ਜਾਣਕਾਰੀ ਵੀ ਸਾਂਝੀ ਕੀਤੀ ਹੈ, ਜਦਕਿ ਖੇਤਰ ਵਿਚ ਸੁਰੱਖਿਆ ਦੀ ਸਥਿਤੀ ਲਗਾਤਾਰ ਗੰਭੀਰ ਬਣੀ ਹੋਈ ਹੈ।

ਸਫਾ 1 ਦਾ ਬਾਕੀ

## ਭਾਰਤੀ ਏਅਰਲਾਈਨਜ਼ ਵੱਲੋਂ ਮੱਧ ਪੂਰਬ ਲਈ 58 ਉਡਾਣਾਂ...

ਏਅਰ ਇੰਡੀਆ ਵੱਲੋਂ ਜੇਦਾਹ ਅਤੇ ਦੁਬਈ ਲਈ 2 ਵਿਸ਼ੇਸ਼ ਰਾਹਤ ਉਡਾਣਾਂ ਚਲਾਈਆਂ ਜਾ ਰਹੀਆਂ ਹਨ। ਏਅਰਲਾਈਨ 4 ਮਾਰਚ ਨੂੰ ਮੁੰਬਈ ਤੋਂ ਦੁਬਈ ਲਈ ਇੱਕ ਹੋਰ ਵਿਸ਼ੇਸ਼ ਉਡਾਣ ਵੀ ਚਲਾਏਗੀ। ਏਅਰ ਇੰਡੀਆ ਨੇ ਕਿਹਾ ਕਿ ਉਹ ਇਨ੍ਹਾਂ ਸੇਵਾਵਾਂ ਲਈ ਵੱਡੇ ਜਹਾਜ਼ਾਂ ਦੀ ਵਰਤੋਂ ਕਰ ਰਹੀ ਹੈ, ਤਾਂ ਜੋ ਵੱਧ ਤੋਂ ਵੱਧ ਯਾਤਰੀਆਂ ਦੀ ਵਾਪਸੀ ਨੂੰ ਸੁਖਾਲਾ ਬਣਾਇਆ ਜਾ ਸਕੇ। ਫਿਲਹਾਲ ਇਹ ਉਡਾਣਾਂ ਓਮਾਨ, ਸਊਦੀ ਅਰਬ ਅਤੇ ਮਿਸਰ ਦੇ ਹਵਾਈ ਮਾਰਗਾਂ ਰਾਹੀਂ ਲੰਬੇ ਰਸਤੇ ਤੈਅ ਕਰ ਰਹੀਆਂ ਹਨ। ਇੰਡੀਗੋ ਨੇ ਵੀ ਜੇਦਾਹ ਲਈ 4 ਵਾਪਸੀ ਉਡਾਣਾਂ ਚਲਾਈਆਂ ਅਤੇ ਮੱਧ ਪੂਰਬ ਸੰਘਰਸ਼ ਕਾਰਨ ਫਸੇ ਯਾਤਰੀਆਂ ਨੂੰ ਵਾਪਸ ਲਿਆਉਣ ਲਈ ਦੇਰ ਬਾਅਦ ਮਸਕਟ ਲਈ ਇੱਕ ਹੋਰ ਉਡਾਣ ਚਲਾਉਣ ਦੀ ਯੋਜਨਾ ਬਣਾਈ ਹੈ। ਏਅਰਲਾਈਨ ਨੇ ਇੱਕ ਬਿਆਨ ਵਿਚ ਕਿਹਾ ਕਿ ਸਥਾਨਕ ਸਥਿਤੀ ਅਤੇ ਲੋੜੀਂਦੀਆਂ ਮਨਜ਼ੂਰੀਆਂ ਦੇ ਆਧਾਰ 'ਤੇ ਚਾਰ ਮਾਰਚ ਨੂੰ ਯੂ.ਏ.ਈ. ਦੇ ਸ਼ਹਿਰਾਂ ਲਈ ਵੀ ਵਾਪਸੀ ਉਡਾਣਾਂ ਚਲਾਉਣ ਦੀ ਕੋਸ਼ਿਸ਼ ਜਾਰੀ ਹੈ।

ਸਫਾ 1 ਦਾ ਬਾਕੀ

## ਪੰਜਾਬ ਸਿਰ ਹੁਣ ਕਰਜ਼ੇ ਦਾ ਬੋਝ 4 ਲੱਖ ਕਰੋੜ ਤੋਂ ਪਾਰ...

ਉਨ੍ਹਾਂ ਵੱਲੋਂ ਜੋ ਕਰਜ਼ਾ ਲਿਆ ਗਿਆ ਹੈ, ਉਸ 'ਚੋਂ ਕਰੀਬ 85 ਫ਼ੀਸਦੀ ਤਾਂ ਵਿਰਾਸਤੀ ਕਰਜ਼ੇ ਦੀ ਅਦਾਇਗੀ ਲਈ ਵਰਤਿਆ ਗਿਆ ਹੈ। ਕਰਜ਼ਿਆਂ ਦੀ ਮੂਲ ਰਕਮ ਦਾ 35 ਫ਼ੀਸਦੀ ਭੁਗਤਾਨ ਕਰ ਦਿੱਤਾ ਹੈ। ਚਾਲੂ ਵਿੱਤੀ ਸਾਲ (ਅਪ੍ਰੈਲ-ਜਨਵਰੀ) ਦੇ ਪਹਿਲੇ 10 ਮਹੀਨਿਆਂ ਦੇ ਵਿੱਤੀ ਸੰਕੇਤਾਂ ਅਨੁਸਾਰ ਇਸ ਸਾਲ ਕੇਂਦਰ ਤੋਂ ਗ੍ਰਾਂਟ ਵੀ ਘੱਟ ਗਈ ਹੈ। ਸ਼੍ਰੀ ਚੀਮਾ ਨੇ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਦੌਰਾਨ 72,340 ਕਰੋੜ ਰੁਪਏ ਜੀ.ਐੱਸ.ਟੀ. ਮੁਆਵਜ਼ਾ ਸੈੱਸ ਪ੍ਰਾਪਤ ਹੋਇਆ ਸੀ, ਜਦੋਂਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਸਿਰਫ਼ 27,832 ਕਰੋੜ ਰੁਪਏ ਇਹ ਮੁਆਵਜ਼ਾ ਪ੍ਰਾਪਤ ਹੋਇਆ ਹੈ। ਸਰਕਾਰ ਨੇ ਕਰਮਚਾਰੀਆਂ ਦੇ ਤਨਖ਼ਾਹ ਕਮਿਸ਼ਨ ਦੇ ਬਕਾਏ 8000 ਕਰੋੜ ਰੁਪਏ ਵੀ ਕਲੀਅਰ ਕੀਤੇ ਹਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰ।
ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉੱਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਅਮਰੀਕਾ ਅਤੇ ਇਜ਼ਰਾਈਲ ਦੇ ਹਵਾਈ ਹਮਲਿਆਂ 'ਚ ਇਰਾਨੀ ਸੁਪਰੀਮ ਆਗੂ ਖਮੇਨੇਈ ਹਲਾਕ

**ਦੁਬਈ, (ਪੰਜਾਬ ਮੇਲ)-** ਅਮਰੀਕਾ ਅਤੇ ਇਜ਼ਰਾਈਲ ਵੱਲੋਂ ਨਿਸ਼ਾਨਾ ਬਣਾ ਕੇ ਕੀਤੇ ਗਏ ਹਵਾਈ ਹਮਲੇ 'ਚ ਇਰਾਨ ਦਾ ਸੁਪਰੀਮ ਆਗੂ ਆਇਤੁੱਲਾ ਅਲੀ ਖਮੇਨੇਈ (86) ਮਾਰਿਆ ਗਿਆ। ਇਰਾਨ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਖਮੇਨੇਈ 'ਤੇ ਇਹ ਹਮਲਾ ਤਹਿਰਾਨ ਸਥਿਤ ਉਨ੍ਹਾਂ ਦੇ ਦਫ਼ਤਰ ਅਤੇ ਰਿਹਾਇਸ਼ੀ ਕੰਪਲੈਕਸ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ, ਜਿਸ ਦੀਆਂ ਤਸਵੀਰਾਂ ਸੈਟੇਲਾਈਟ ਰਾਹੀਂ ਸਾਹਮਣੇ ਆਈਆਂ ਹਨ। ਇਰਾਨ ਵਿਚ 40 ਦਿਨਾਂ ਦੇ ਸੋਗ ਦਾ ਐਲਾਨ ਕੀਤਾ ਗਿਆ ਹੈ। ਪੂਰੇ ਮੁਲਕ 'ਚ ਮਾਤਮ ਵਜੋਂ ਸੱਤ ਦਿਨ ਦੀ ਛੁੱਟੀ ਕਰ ਦਿੱਤੀ ਗਈ ਹੈ।

ਰਿਪੋਰਟਾਂ ਮੁਤਾਬਕ ਹਮਲਿਆਂ 'ਚ ਖਮੇਨੇਈ ਦੀ ਧੀ, ਪੋਤੇ-ਪੋਤੀਆਂ ਅਤੇ ਜਵਾਈ ਵੀ ਮਾਰਿਆ ਗਿਆ ਹੈ। ਇਜ਼ਰਾਇਲੀ ਫ਼ੌਜ ਨੇ ਇਰਾਨੀ ਹਥਿਆਰਬੰਦ ਬਲਾਂ ਦੇ ਚੀਫ ਆਫ ਸਟਾਫ ਅਬਦੁੱਲ ਰਹੀਮ ਮੌਸਾਵੀ ਸਮੇਤ ਸਿਖਰਲੇ 40 ਫ਼ੌਜੀ ਅਧਿਕਾਰੀਆਂ ਦੇ ਮਾਰੇ ਜਾਣ ਦਾ ਵੀ ਦਾਅਵਾ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਕਿ ਇਰਾਨ ਦੇ 48 ਆਗੂ ਮਾਰੇ ਗਏ ਹਨ। ਇਸ ਦੌਰਾਨ ਅਮਰੀਕੀ ਫ਼ੌਜ ਨੇ ਕਿਹਾ ਕਿ ਇਰਾਨ ਅਪਰੇਸ਼ਨ ਦੌਰਾਨ ਉਨ੍ਹਾਂ ਦੇ ਤਿੰਨ ਫ਼ੌਜੀ ਮਾਰੇ ਗਏ, ਜਦਕਿ ਪੰਜ ਹੋਰ ਗੰਭੀਰ ਜ਼ਖ਼ਮੀ ਹੋਏ ਹਨ। ਸੈਂਟਰਲ ਕਮਾਂਡ ਨੇ ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ। ਯੂ.ਏ.ਈ. 'ਤੇ ਹਮਲੇ 'ਚ ਤਿੰਨ ਵਿਅਕਤੀ ਮਾਰੇ ਗਏ, ਜਦਕਿ 58 ਹੋਰ ਜ਼ਖ਼ਮੀ ਹੋ ਗਏ ਹਨ। ਜ਼ਖ਼ਮੀਆਂ 'ਚ ਇਕ ਭਾਰਤੀ ਵੀ ਸ਼ਾਮਲ ਹੈ। ਖਮੇਨੇਈ ਦੀ ਮੌਤ ਨਾਲ ਇਰਾਨੀ ਹਕੂਮਤ ਵਿਚ ਵੱਡਾ ਖਲਾਅ ਪੈਦਾ ਹੋ ਗਿਆ ਹੈ। ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਟੀ.ਵੀ. 'ਤੇ ਦਿੱਤੇ ਸੁਨੇਹੇ 'ਚ ਖਮੇਨੇਈ ਦੀ ਹੱਤਿਆ ਨੂੰ ਸ਼ਹਾਦਤ ਦੱਸਿਆ। ਉਨ੍ਹਾਂ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਨੂੰ ਮੁਸਲਮਾਨਾਂ ਖ਼ਿਲਾਫ਼ ਜੰਗ ਕਰਾਰ ਦਿੰਦਿਆਂ ਕਿਹਾ ਕਿ ਇਰਾਨੀ ਫ਼ੌਜ ਦੁਸ਼ਮਣਾਂ ਦੇ ਹੌਂਸਲੇ ਢਾਹੁਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਨਵੀਂ ਆਰਜ਼ੀ ਲੀਡਰਸ਼ਿਪ ਕੌਂਸਲ ਨੇ ਆਪਣੇ ਸੁਪਰੀਮ ਆਗੂ ਦੀ ਚੋਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਖਮੇਨੇਈ ਦੀ ਮੌਤ ਦਾ ਸਭ ਤੋਂ ਪਹਿਲਾਂ ਐਲਾਨ ਕਰਦਿਆਂ ਕਿਹਾ ਕਿ ਇਰਾਨੀ ਲੋਕਾਂ ਲਈ ਆਪਣੇ ਮੁਲਕ ਦੀ ਕਮਾਨ ਸੰਭਾਲਣ ਦਾ ਇਹ 'ਸਭ ਤੋਂ ਵੱਡਾ ਮੌਕਾ' ਹੈ। ਸਟੀਕ ਅਤੇ ਭਾਰੀ ਬੰਬਾਰੀ ਜਾਰੀ ਰਹੇਗੀ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ 'ਐਕਸ' 'ਤੇ ਫਾਰਸੀ 'ਚ ਜਾਰੀ ਸੁਨੇਹੇ 'ਚ ਇਰਾਨ ਦੇ ਲੋਕਾਂ ਨੂੰ ਕਿਹਾ ਕਿ ਉਹ ਜ਼ੁਲਮ ਦੀਆਂ ਬੇੜੀਆਂ ਤੋੜ ਕੇ ਸੜਕਾਂ 'ਤੇ ਉਤਰ ਕੇ ਸਰਕਾਰ ਦਾ ਤਖਤਾ ਪਲਟ ਕਰਨ।

ਅਮਰੀਕਾ ਨੇ 8 ਮਹੀਨਿਆਂ 'ਚ ਦੂਜੀ ਵਾਰ ਇਰਾਨ ਨੂੰ ਨਿਸ਼ਾਨਾ ਬਣਾਇਆ ਹੈ, ਜਦਕਿ ਟਰੰਪ ਪ੍ਰਸ਼ਾਸਨ ਇਰਾਨ ਨਾਲ ਉਸ ਦੇ ਪਰਮਾਣੂ ਪ੍ਰੋਗਰਾਮ ਬਾਰੇ ਗੱਲਬਾਤ ਕਰ ਰਿਹਾ ਸੀ। ਇਰਾਨ ਨੇ ਖਮੇਨੇਈ ਦੀ ਮੌਤ ਮਗਰੋਂ ਬਦਲਾ ਲੈਣ ਦਾ ਅਹਿਦ ਲਿਆ ਅਤੇ ਜਵਾਬੀ ਕਾਰਵਾਈ ਕਰਦਿਆਂ ਇਜ਼ਰਾਈਲ ਅਤੇ ਮੱਧ ਪੂਰਬੀ ਏਸ਼ਿਆਈ ਖ਼ਿੱਤੇ ਵਿਚ ਸਥਿਤ ਅਮਰੀਕੀ ਫ਼ੌਜੀ ਅੱਡਿਆਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਮੁੜ ਹਮਲੇ ਕੀਤੇ। ਮੱਧ ਇਜ਼ਰਾਈਲ ਦੇ ਬੇਤ ਸ਼ੇਮੇਸ਼ 'ਚ ਇਰਾਨ ਵੱਲੋਂ ਕੀਤੇ ਗਏ ਮਿਜ਼ਾਈਲ ਹਮਲੇ 'ਚ 10 ਵਿਅਕਤੀ ਮਾਰੇ ਗਏ। ਇਜ਼ਰਾਈਲ ਨੇ ਮਿਨਾਬ ਸ਼ਹਿਰ 'ਚ ਲੜਕੀਆਂ ਦੇ ਸਕੂਲ 'ਤੇ ਹਮਲੇ 'ਚ 165 ਤੋਂ ਵੱਧ ਮੌਤਾਂ ਹੋਣ ਬਾਰੇ ਕੋਈ ਜਾਣਕਾਰੀ ਹੋਣ ਤੋਂ



*ਇਰਾਨ ਦੇ ਸੁਪਰੀਮ ਆਗੂ ਆਇਤੁੱਲਾ ਖਮੇਨੇਈ (ਇਨਸੈੱਟ) ਦੀ ਹੱਤਿਆ ਮਗਰੋਂ ਤਹਿਰਾਨ 'ਚ ਜੁੜੇ ਲੋਕ ਰੋਸ ਪ੍ਰਗਟਾਉਂਦੇ ਹੋਏ।*

## ਇਰਾਨ 'ਚ ਆਰਜ਼ੀ ਲੀਡਰਸ਼ਿਪ ਕੌਂਸਲ ਦਾ ਗਠਨ

**ਦੁਬਈ:** ਆਇਤੁੱਲਾ ਖਮੇਨੇਈ ਦੀ ਮੌਤ ਮਗਰੋਂ ਇਰਾਨ ਨੇ ਆਰਜ਼ੀ ਲੀਡਰਸ਼ਿਪ ਕੌਂਸਲ ਦਾ ਗਠਨ ਕੀਤਾ ਹੈ, ਜੋ ਨਵੇਂ ਆਗੂ ਦੀ ਚੋਣ ਤੱਕ ਮੁਲਕ ਦੀ ਕਮਾਨ ਸੰਭਾਲੇਗੀ। ਕੌਂਸਲ 'ਚ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ, ਚੀਫ ਜਸਟਿਸ ਗੁਲਾਮ ਹੁਸੈਨ ਮੋਹਸੇਨੀ ਈਜੇਇ ਅਤੇ ਗਾਰਜੀਅਨ ਕੌਂਸਲ ਦੇ ਮੈਂਬਰ ਅਲੀਰੇਜ਼ਾ ਅਰਾਫੀ ਨੂੰ ਸ਼ਾਮਲ ਕੀਤਾ ਗਿਆ ਹੈ। ਅਰਾਫੀ ਨੂੰ ਖਮੇਨੇਈ ਨੇ 2019 'ਚ ਗਾਰਜੀਅਨ ਕੌਂਸਲ ਦਾ ਮੈਂਬਰ ਬਣਾਇਆ ਸੀ।

## ਪੂਤਿਨ, ਚੀਨ ਤੇ ਹਿਜ਼ਬੁੱਲਾ ਵੱਲੋਂ ਖਮੇਨੇਈ ਦੀ ਮੌਤ 'ਤੇ ਅਫ਼ਸੋਸ ਜ਼ਾਹਿਰ

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਅਤੇ ਹਿਜ਼ਬੁੱਲਾ ਆਗੂ ਨਈਮ ਕਾਸਿਮ ਨੇ ਇਰਾਨੀ ਆਗੂ ਆਇਤੁੱਲਾ ਖਮੇਨੇਈ ਦੀ ਮੌਤ 'ਤੇ ਅਫ਼ਸੋਸ ਪ੍ਰਗਟ ਕੀਤਾ ਹੈ। ਪੂਤਿਨ ਨੇ ਕਿਹਾ ਕਿ ਖਮੇਨੇਈ ਦੀ ਹੱਤਿਆ ਮਾਨਵੀ ਨੈਤਿਕਤਾ ਅਤੇ ਕੌਮਾਂਤਰੀ ਕਾਨੂੰਨ ਦੇ ਸਾਰੇ ਮਾਪਦੰਡਾਂ ਦੀ ਘੋਰ ਉਲੰਘਣਾ ਹੈ। ਉਨ੍ਹਾਂ ਆਪਣੇ ਇਰਾਨੀ ਹਮਰੁਤਬਾ ਨੂੰ ਅਫ਼ਸੋਸ ਸੁਨੇਹਾ ਭੇਜ ਕੇ ਕਿਹਾ ਕਿ ਖਮੇਨੇਈ ਨੂੰ ਉੱਘੇ ਰਾਜਸੀ ਆਗੂ ਵਜੋਂ ਯਾਦ ਕੀਤਾ ਜਾਵੇਗਾ, ਜਿਨ੍ਹਾਂ ਰੂਸ-ਇਰਾਨ ਸਬੰਧਾਂ ਨੂੰ ਵਧਾਉਣ 'ਚ ਸਹਾਇਤਾ ਕੀਤੀ ਸੀ।

# ਖਮੇਨੇਈ ਦੀ ਮੌਤ ਦੇ ਰੋਸ ਵਜੋਂ ਦੇਸ਼ ਭਰ 'ਚ ਮੁਜ਼ਾਹਰੇ

**ਸ੍ਰੀਨਗਰ/ਲਖਨਊ/ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ-ਇਜ਼ਰਾਈਲ ਦੇ ਹਮਲੇ 'ਚ ਇਰਾਨ ਦੇ ਸਰਵਉੱਚ ਆਗੂ ਆਇਤੁੱਲਾ ਅਲੀ ਖਮੇਨੇਈ ਦੀ ਮੌਤ 'ਤੇ ਦੇਸ਼ 'ਚ ਸ਼ਿਆ ਭਾਈਚਾਰੇ ਦੇ ਲੋਕਾਂ ਨੇ ਰੋਸ ਮੁਜ਼ਾਹਰੇ ਕੀਤੇ।

ਕਸ਼ਮੀਰ ਜਿੱਥੇ ਤਕਰੀਬਨ 15 ਲੱਖ ਸ਼ੀਆ ਰਹਿੰਦੇ ਹਨ, 'ਚ ਲਾਲ ਚੌਕ, ਸੈਦਾ ਕਦਲ, ਬਡਗਾਮ, ਬਾਂਦੀਪੋਰਾ, ਅਨੰਤਨਾਗ ਤੇ ਪੁਲਵਾਮਾ 'ਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ ਅਤੇ ਲੋਕਾਂ ਨੇ ਅਮਰੀਕਾ ਤੇ ਇਜ਼ਰਾਈਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਘਟਨਾਕ੍ਰਮ 'ਤੇ ਚਿੰਤਾ ਜ਼ਾਹਿਰ ਕਰਦਿਆਂ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਰਾਨ 'ਚ ਮੌਜੂਦ ਜੰਮੂ ਕਸ਼ਮੀਰ ਦੇ ਵਸਨੀਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੇਂਦਰੀ ਵਿਦੇਸ਼ ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ, ਕਸ਼ਮੀਰ 'ਚ ਮੁੱਖ ਧਾਰਮਿਕ ਆਗੂ ਮੀਰਵਾਈਜ਼ ਉਮਰ ਫਾਰੂਕ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਵੀ ਹਾਲਾਤ 'ਤੇ ਚਿੰਤਾ ਜ਼ਾਹਿਰ ਕੀਤੀ ਹੈ।

ਉੱਧਰ, ਉੱਤਰ ਪ੍ਰਦੇਸ਼ ਦੇ ਲਖਨਊ ਵਿਚ ਵੱਡੀ ਗਿਣਤੀ ਲੋਕ ਬੜਾ ਇਮਾਮਬਾੜਾ ਮਸਜਿਦ ਨੇੜੇ ਇਕੱਠੇ ਹੋਏ ਅਤੇ ਉਨ੍ਹਾਂ ਖਮੇਨੇਈ ਦੀ ਮੌਤ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ। ਆਲ ਇੰਡੀਆ ਸ਼ਿਆ ਪਰਸਨਲ ਲਾਅ ਬੋਰਡ ਦੇ ਜਨਰਲ ਸਕੱਤਰ ਮੌਲਾਨਾ ਯਸੂਬ ਅੱਬਾਸ ਨੇ ਐਲਾਨ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਪੁਤਲੇ ਸਾੜੇ ਜਾਣਗੇ। ਪੰਜਾਬ ਦੇ ਲੁਧਿਆਣਾ ਵਿਚ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਦੀ ਅਗਵਾਈ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ। ਇਸੇ ਦੌਰਾਨ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਖਮੇਨੇਈ ਨੂੰ ਮਾਰ ਮੁਕਾਏ ਜਾਣ ਦੀ ਆਲੋਚਨਾ ਕੀਤੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਤੇ ਅਮਰੀਕੀ ਰਾਸ਼ਟਰਪਤੀ ਟਰੰਪ ਸਾਹਮਣੇ 'ਗੋਡੇ ਟੇਕਣ' ਮਗਰੋਂ ਪ੍ਰਧਾਨ ਮੰਤਰੀ ਪ੍ਰਭਾਵਿਤ ਦੇਸ਼ਾਂ 'ਚ ਫਸੇ ਸਾਰੇ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਾਪਸੀ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

## ■ ਅਮਰੀਕਾ ਅਤੇ ਇਜ਼ਰਾਈਲ ਖਿਲਾਫ਼ ਨਾਅਰੇਬਾਜ਼ੀ



*ਇਰਾਨੀ ਆਗੂ ਆਇਤੁੱਲਾ ਖਮੇਨੇਈ ਦੀ ਹੱਤਿਆ ਖ਼ਿਲਾਫ਼ ਸ੍ਰੀਨਗਰ 'ਚ ਪ੍ਰਦਰਸ਼ਨ ਕਰਦੇ ਹੋਏ ਲੋਕ।*

# ਇਰਾਨੀ ਹਮਲਿਆਂ 'ਚ 6 ਅਮਰੀਕੀ ਫ਼ੌਜੀ ਹਲਾਕ

## ■ ਕੁਵੈਤ 'ਚ ਤਾਇਨਾਤ ਫ਼ੌਜੀਆਂ ਦੀ ਮੌਤ ਨਾਲ ਅਮਰੀਕਾ ਵਿਚ ਸੋਗ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਇਰਾਨ ਵਿਚਾਲੇ ਵਧਦੇ ਜੰਗੀ ਤਣਾਅ ਦੌਰਾਨ ਪਹਿਲੀ ਵਾਰ ਵੱਡੇ ਜਾਨੀ ਨੁਕਸਾਨ ਦੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਫ਼ੌਜ ਅਨੁਸਾਰ, ਇਰਾਨੀ ਹਮਲਿਆਂ ਦੌਰਾਨ 6 ਅਮਰੀਕੀ ਫ਼ੌਜੀ ਮਾਰੇ ਗਏ ਹਨ। ਮਾਰੇ ਗਏ ਫ਼ੌਜੀ ਕੁਵੈਤ ਵਿਚ ਤਾਇਨਾਤ ਇੱਕ ਲੌਜਿਸਟਿਕ ਯੂਨਿਟ ਦਾ ਹਿੱਸਾ ਸਨ।

ਅਮਰੀਕੀ ਸੈਂਟਰਲ ਕਮਾਂਡ ਨੇ ਇਸ ਦੀ ਪੁਸ਼ਟੀ ਕੀਤੀ ਹੈ, ਹਾਲਾਂਕਿ ਪਰਿਵਾਰਾਂ ਨੂੰ ਸੂਚਿਤ ਕਰਨ ਦੀ ਪ੍ਰਕਿਰਿਆ ਕਾਰਨ ਅਜੇ ਸੈਨਿਕਾਂ ਦੀ ਪਛਾਣ ਗੁਪਤ ਰੱਖੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਆਪਣੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਮੇਨੀ ਦੇ ਮਾਰੇ ਜਾਣ ਤੋਂ ਬਾਅਦ ਇਹ ਜਵਾਬੀ ਕਾਰਵਾਈ ਕੀਤੀ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ 'ਟਰੂਥ ਸੋਸ਼ਲ' ਪਲੇਟਫਾਰਮ 'ਤੇ ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਇਨ੍ਹਾਂ ਫ਼ੌਜੀਆਂ ਨੂੰ 'ਸੱਚੇ ਦੇਸ਼ ਭਗਤ' ਦੱਸਿਆ ਅਤੇ ਉਨ੍ਹਾਂ ਦੀ ਸ਼ਹਾਦਤ 'ਤੇ ਦੁੱਖ ਜ਼ਾਹਰ ਕੀਤਾ। ਟਰੰਪ ਨੇ ਚੇਤਾਵਨੀ ਦਿੱਤੀ ਕਿ ਇਹ ਜੰਗ ਅਜੇ ਕੁਝ ਹਫ਼ਤੇ ਹੋਰ ਚੱਲ ਸਕਦੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਅਮਰੀਕੀ ਫ਼ੌਜ ਨੂੰ ਹੋਰ ਜਾਨੀ ਨੁਕਸਾਨ ਝੱਲਣਾ ਪੈ ਸਕਦਾ ਹੈ। ਉਨ੍ਹਾਂ ਕਿਹਾ, "ਬਦਕਿਸਮਤੀ ਨਾਲ ਅਜਿਹੀਆਂ ਘਟਨਾਵਾਂ ਜੰਗ ਵਿਚ ਵਾਪਰਦੀਆਂ ਹਨ ਪਰ ਅਸੀਂ ਇਹ ਸਭ ਭਵਿੱਖ ਦੀ ਸੁਰੱਖਿਆ ਲਈ ਕਰ ਰਹੇ ਹਾਂ।" ਇਸ ਦੌਰਾਨ ਇਰਾਨੀ ਰੈਵੋਲਿਊਸ਼ਨਰੀ ਗਾਰਡ ਨੇ ਅਮਰੀਕੀ ਅਤੇ ਇਜ਼ਰਾਈਲੀ ਟਿਕਾਣਿਆਂ 'ਤੇ ਹੁਣ ਤੱਕ ਦਾ ਸਭ ਤੋਂ ਭਿਆਨਕ ਹਮਲਾ ਕਰਨ ਦੀ ਧਮਕੀ ਦਿੱਤੀ ਹੈ।



# ਮੱਧ-ਪੂਰਬ ਸੰਕਟ : ਪ੍ਰਧਾਨ ਮੰਤਰੀ ਮੋਦੀ ਵੱਲੋਂ ਯੂ.ਏ.ਈ. ਰਾਸ਼ਟਰਪਤੀ ਨਾਲ ਗੱਲਬਾਤ

**ਨਵੀਂ ਦਿੱਲੀ, (ਪੰਜਾਬ ਮੇਲ)-** ਮੱਧ-ਪੂਰਬ ਵਿਚ ਵਧਦੇ ਤਣਾਅ ਦੇ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਰਾਤ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਨਾਲ ਫੋਨ 'ਤੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਖਾੜੀ ਦੇਸ਼ 'ਤੇ ਹੋਏ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਇਸ ਮੁਸ਼ਕਿਲ ਘੜੀ ਵਿੱਚ ਯੂ.ਏ.ਈ. ਨਾਲ ਪੂਰੀ ਇਕਜੁੱਟਤਾ ਪ੍ਰਗਟਾਈ।

ਪ੍ਰਧਾਨ ਮੰਤਰੀ ਮੋਦੀ ਨੇ ਇਨ੍ਹਾਂ ਹਮਲਿਆਂ ਵਿਚ ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਸਰਕਾਰੀ ਅਧਿਕਾਰੀਆਂ ਦੀ ਪੁਸ਼ਟੀ ਅਨੁਸਾਰ, ਪਿਛਲੇ ਦੋ ਦਿਨਾਂ ਵਿਚ ਹੋਏ ਈਰਾਨੀ ਹਮਲਿਆਂ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਪ੍ਰਧਾਨ ਮੰਤਰੀ ਨੇ ਸਾਫ਼ ਕਿਹਾ ਕਿ ਭਾਰਤ ਇਸ ਔਖੇ ਸਮੇਂ ਵਿਚ ਆਪਣੇ 'ਭਰਾ' ਸ਼ੇਖ ਮੁਹੰਮਦ ਬਿਨ ਜ਼ਾਇਦ ਅਤੇ ਯੂ.ਏ.ਈ. ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਗੱਲਬਾਤ ਦੌਰਾਨ ਪੀ.ਐੱਮ. ਮੋਦੀ ਨੇ ਯੂ.ਏ.ਈ. ਵਿਚ ਰਹਿਣ ਵਾਲੇ ਲੱਖਾਂ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਰਾਸ਼ਟਰਪਤੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਇਨ੍ਹਾਂ ਹਮਲਿਆਂ ਵਿਚ ਕੁੱਲ 58 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿਚ ਇੱਕ ਭਾਰਤੀ ਨਾਗਰਿਕ ਵੀ ਸ਼ਾਮਲ ਹੈ।

ਪ੍ਰਧਾਨ ਮੰਤਰੀ ਨੇ 'ਐਕਸ' (ਟਵਿੱਟਰ) 'ਤੇ ਇੱਕ ਪੋਸਟ ਰਾਹੀਂ ਦੱਸਿਆ ਕਿ ਭਾਰਤ ਮੱਧ-ਪੂਰਬ ਵਿਚ ਤਣਾਅ ਘਟਾਉਣ, ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਬਣਾਈ ਰੱਖਣ ਦਾ ਪੂਰਾ ਸਮਰਥਨ ਕਰਦਾ ਹੈ। ਮੌਜੂਦਾ ਹਾਲਾਤਾਂ ਕਾਰਨ ਪੂਰੇ ਖੇਤਰ ਵਿਚ ਤਣਾਅ ਬਣਿਆ ਹੋਇਆ ਹੈ ਅਤੇ ਕਈ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ■ ਖਾੜੀ ਦੇਸ਼ 'ਤੇ ਹੋਏ ਹਮਲਿਆਂ ਦੀ ਕੀਤੀ ਨਿਖੇਧੀ

# ਮੱਧ ਪੂਰਬ ਸੰਕਟ ਦਾ ਅਸਰ: ਏਅਰ ਇੰਡੀਆ ਵੱਲੋਂ ਉਡਾਣਾਂ ਦੇ ਰੂਟਾਂ 'ਚ ਤਬਦੀਲੀ

**ਨਵੀਂ ਦਿੱਲੀ, (ਪੰਜਾਬ ਮੇਲ)-** ਮੱਧ ਪੂਰਬ ਵਿਚ ਵਧਦੇ ਤਣਾਅ ਅਤੇ ਈਰਾਨ-ਇਰਾਕ ਦੇ ਹਵਾਈ ਖੇਤਰ ਦੇ ਬੰਦ ਹੋਣ ਕਾਰਨ ਹਵਾਈ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਏਅਰ ਇੰਡੀਆ ਨੇ ਐਲਾਨ ਕੀਤਾ ਹੈ ਕਿ ਉਹ ਉੱਤਰੀ ਅਮਰੀਕਾ ਅਤੇ ਯੂਰਪ ਜਾਣ ਵਾਲੀਆਂ ਆਪਣੀਆਂ ਉਡਾਣਾਂ ਲਈ ਬਦਲਵੇਂ ਰਸਤਿਆਂ ਦੀ ਵਰਤੋਂ ਕਰੇਗੀ। ਇਸ ਦੇ ਨਾਲ ਹੀ ਏਅਰ ਇੰਡੀਆ ਨੇ ਅੰਮ੍ਰਿਤਸਰ-ਬਰਮਿੰਘਮ (ਏ.ਆਈ.117) ਅਤੇ ਬਰਮਿੰਘਮ-ਦਿੱਲੀ (ਏ.ਆਈ.114) ਸਮੇਤ 6 ਮਹੱਤਵਪੂਰਨ ਉਡਾਣਾਂ ਨੂੰ ਰੱਦ ਕਰ ਦਿੱਤਾ ਹੈ। ਸੂਤਰਾਂ ਅਨੁਸਾਰ, ਈਰਾਨ ਅਤੇ ਇਰਾਕ ਦੇ ਹਵਾਈ ਰਸਤੇ ਬੰਦ ਹੋਣ ਕਾਰਨ ਹੁਣ ਉਡਾਣਾਂ ਮਿਸਰ ਦੇ ਰਸਤੇ ਯੂਰਪ ਪਹੁੰਚਣਗੀਆਂ, ਜਿਸ ਨਾਲ ਉਡਾਣ ਦੇ ਸਮੇਂ ਵਿਚ 30 ਤੋਂ 40 ਮਿੰਟ ਦਾ ਵਾਧਾ ਹੋਵੇਗਾ। ਇਹ ਫਲਾਈਟਾਂ ਹੁਣ ਓਮਾਨ, ਸਾਊਦੀ ਅਰਬ ਦੇ ਦੱਖਣੀ ਹਿੱਸੇ ਅਤੇ ਮਿਸਰ ਦੇ ਹਵਾਈ ਖੇਤਰ ਦੀ ਵਰਤੋਂ ਕਰਨਗੀਆਂ। ਨਿਊਯਾਰਕ (ਜੇ.ਐੱਫ.ਕੇ.) ਅਤੇ ਨੇਵਾਰਕ (ਲਿਬਰਟੀ ਇੰਟਰਨੈਸ਼ਨਲ) ਜਾਣ ਵਾਲੀਆਂ ਉਡਾਣਾਂ ਹੁਣ ਇਟਲੀ ਦੇ ਰੋਮ (ਫਿਊਮਿਸੀਨੋ ਏਅਰਪੋਰਟ) ਵਿਖੇ ਤਕਨੀਕੀ ਪੜਾਅ ਲਈ ਰੁਕਣਗੀਆਂ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA

# ਵਗੀ ਪੁਰੇ ਦੀ 'ਵਾ ਪੰਜਾਬੇ



> ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜੱਥੇਬੰਦੀ ਉਗਰਾਹਾਂ ਵਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਬਾਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ।

ਇੱਕੋ ਸਾਲ ਰਹਿ ਗਿਆ ਪੰਜਾਬ ਦੇ ਹਾਕਮਾਂ ਦੀ ਮੁੜ ਚੋਣ ਲਈ। ਹੁਣੇ ਤੋਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ, ਉਨ੍ਹਾਂ ਪਰ ਤੋਲਣੇ ਸ਼ੁਰੂ ਕਰ ਲਏ ਹਨ। ਰਾਸ਼ਟਰੀ ਧਿਰਾਂ ਕਾਂਗਰਸ, ਭਾਜਪਾ, ਹਾਕਮ ਧਿਰ ਆਮ ਆਦਮੀ ਪਾਰਟੀ, ਖੇਤਰੀ ਧਿਰਾਂ-ਅਕਾਲੀ ਦਲ, ਬਸਪਾ ਅਤੇ ਖੱਬੀਆਂ ਧਿਰਾਂ ਸਮਾਂ ਰਹਿੰਦਿਆਂ ਹੀ ਸਰਗਰਮ ਦਿੱਸਣ ਲੱਗ ਪਈਆਂ ਹਨ। ਪੰਜਾਬ ਦੀ ਡੋਰ ਸੰਭਾਲਣ ਵਾਲੀ ਮਜ਼ਬੂਤ ਧਿਰ 'ਕਾਂਗਰਸ' ਦੇ ਨੇਤਾ ਰਾਹੁਲ ਗਾਂਧੀ ਨੇ ਬਰਨਾਲਾ 'ਚ ਚੋਣ ਬਿਗਲ ਵਜਾਉਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਤੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਦੇ ਹਿੱਤ ਅਮਰੀਕਾ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉੱਥੇ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ 'ਭਾਜਪਾ' ਦੀ "ਬੀ" ਟੀਮ ਵਜੋਂ ਕੰਮ ਕਰ ਰਹੀ ਹੈ।

ਨਰੇਂਦਰ ਮੋਦੀ ਕੁਝ ਦਿਨ ਪਹਿਲਾਂ ਜਲੰਧਰ ਲਾਗਲੇ ਡੇਰਾ ਬੱਲਾਂ ਪਧਾਰੇ। ਇੱਕ ਨਵੀਂ ਇਬਾਰਤ ਲਿਖ ਗਏ। ਇੱਕ ਸ਼ਕਤੀਸ਼ਾਲੀ ਧਿਰ ਨੂੰ ਆਪਣੇ ਹੱਕ 'ਚ ਕਰਨ ਲਈ ਕੁਝ ਇਹੋ ਜਿਹੇ "ਬਚਨ-ਵਿਲਾਸ" ਕਰ ਗਏ, ਜਿਨ੍ਹਾਂ ਨੇ "ਡਬਲ ਇੰਜਣ" ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੈ।

ਹਾਕਮ ਧਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਕੇਜਰੀਵਾਲ ਅਤੇ ਪੰਜਾਬ ਸਰਕਾਰ "ਯੁੱਧ ਨਸ਼ਿਆਂ ਵਿਰੁੱਧ" ਦੇ ਦੂਜੇ ਪੜਾਅ 'ਚ ਲੋਕਾਂ ਨੂੰ ਸ਼ਾਮਲ ਕਰਨ ਲਈ ਪੱਬਾਂ ਭਾਰ ਹੈ। ਖੇਤਰੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ, ਥਾਂ-ਥਾਂ ਪੁੱਜਕੇ ਆਪਣੇ "ਇਲਾਕਾ ਉਮੀਦਵਾਰਾਂ" ਹੁਣੇ ਤੋਂ ਐਲਾਨਣ ਲੱਗ ਪਏ ਹਨ। ਪਿਛਲੇ ਦਿਨੀਂ ਕਰਵਾਈਆਂ ਗਈਆਂ ਬਲਾਕ ਸੰਮਤੀ ਚੋਣਾਂ 'ਚ ਲੋਕਾਂ ਦੇ ਚੰਗੇ ਹੁੰਗਾਰੇ ਤੋਂ ਉਹ ਵਾਹਵਾ ਉਤਸ਼ਾਹਿਤ ਹਨ।

ਇਸੇ ਸਭ ਕੁਝ ਦਰਮਿਆਨ ਕੱਲ੍ਹ ਖ਼ਬਰ ਛਪੀ ਰਾਮਾਮੰਡੀ (ਬਠਿੰਡਾ) ਨੇੜਲੇ ਪਿੰਡ ਕਮਾਲੂ ਦੇ 20 ਵਰ੍ਹਿਆਂ ਦਾ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਗਿਆ। ਪਿੰਡ ਪ੍ਰੇਸ਼ਾਨ ਹੈ।

ਫਿਰੋਜ਼ਪੁਰ ਦੇ ਬਲਾਕ ਮਖੂ ਦੇ ਪਿੰਡ ਨਿਜ਼ਾਮਵਾਲਾ ਦਾ 25 ਸਾਲ ਦਾ ਨੌਜਵਾਨ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮਰ ਗਿਆ। ਮਰਨ ਵਾਲਾ ਪਿੱਛੇ ਪਤਨੀ, ਪੁੱਤਰ, ਦੋ ਪੁੱਤਰੀਆਂ ਛੱਡ ਗਿਆ। ਮਾਪੇ ਤੇ ਪੂਰਾ ਸਮਾਜ ਉਦਾਸ ਹੈ। ਹਾਲੇ ਦੋ ਕੁ ਦਿਨ ਪਹਿਲਾਂ ਪੰਜਾਬ ਪੁਲਿਸ ਦਾ ਇੱਕ ਸਿਪਾਹੀ ਤੇ ਇੱਕ ਹੋਮ ਗਾਰਡ ਗੋਲੀਆਂ ਨਾਲ ਬੈਠੇ-ਸੁੱਤੇ ਭੁੰਨ ਦਿੱਤੇ ਗਏ। ਨੌਜਵਾਨ ਕਰਨੈਲ ਸਿੰਘ ਦਾ ਇਸੇ ਘਟਨਾ ਦੇ ਸਿੱਟੇ ਵਜੋਂ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ।

ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜੱਥੇਬੰਦੀ ਉਗਰਾਹਾਂ ਵਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਬਾਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ। ਪੂਰੇ ਪੰਜਾਬ 'ਚ ਇਹੋ ਜਿਹਾ ਮਾਹੌਲ ਸਿਰਜਿਆ ਗਿਆ ਕਿ ਹਾਕਮ ਧਿਰ, ਪਰਜਾ ਤੋਂ ਉੱਪਰ ਹੈ, ਉਸ ਉੱਤੇ ਚੁੱਕੇ ਗਏ ਸਵਾਲ ਬਰਦਾਸ਼ਤ ਕਰਨ ਯੋਗ ਨਹੀਂ। ਸੂਬੇ 'ਚ ਕਿਸਾਨ ਅੰਦੋਲਨ ਕਰ ਰਹੇ ਹਨ, ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ। ਮੁਲਾਜ਼ਮਾਂ ਦੀਆਂ ਉਹ ਮੰਗਾਂ ਜਿਨ੍ਹਾਂ ਨੂੰ ਮੰਨਣ ਦਾ ਵਾਇਦਾ "ਆਮ ਆਦਮੀ ਪਾਰਟੀ" ਨੇ ਆਪਣੇ ਚੋਣ ਪ੍ਰਚਾਰ ਸਮੇਂ ਕੀਤਾ ਸੀ, ਉਸ ਤੋਂ ਮੁਕਰਿਆ ਜਾ ਰਿਹਾ ਹੈ।

ਗੱਲ ਦੂਰ ਦੀ ਕਿਉਂ ਕਰੀਏ, ਇੱਕ ਉਸ ਵਾਰ ਦੀ ਕਰ ਲੈਂਦੇ ਹਾਂ, ਜਦੋਂ ਅਕਾਲੀ-ਭਾਜਪਾ ਇਕੱਠੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਾਈ ਬੈਠੇ ਸਨ। ਗੱਲ ਉਸ ਵੇਲੇ ਦੀ ਵੀ ਕਰ ਲੈਂਦੇ ਹਾਂ, ਜਦੋਂ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣਿਆ ਰਿਹਾ ਅਤੇ ਗੱਲ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਕਰਨੀ ਬਣਦੀ ਹੈ। ਗੱਲ ਇਨ੍ਹਾਂ ਦੀਆਂ ਸ਼ਖ਼ਸ਼ੀਅਤਾਂ ਦੀ ਕਿਉਂ ਕਰੀਏ ਕਿ ਉਹ ਕੀ ਸਨ, ਕੀ ਹਨ, ਗੱਲ ਤਾਂ ਉਨ੍ਹਾਂ ਦੇ ਕਾਰਜਕਾਲ ਦੌਰਾਨ "ਪੰਜਾਬ" ਨੂੰ ਦਿੱਤੇ ਯੋਗਦਾਨ ਦੀ ਕਰਨੀ ਚਾਹੀਦੀ ਹੈ। ਉਸ ਪੰਜਾਬ ਦੀ ਜਿਹੜਾ ਆਜ਼ਾਦੀ ਤੋਂ ਬਾਅਦ ਲਗਾਤਾਰ ਕੋਹਿਆ ਗਿਆ, ਕੁੱਟਿਆ ਗਿਆ, ਭੰਨਿਆ ਗਿਆ ਅਤੇ ਜਿਸ ਦਾ ਪੋਟਾ-ਪੋਟਾ ਨਪੀੜਿਆ, ਲਿਤਾੜਿਆ ਗਿਆ ਅਤੇ ਜਿਸਦੇ ਬਾਸ਼ਿੰਦੇ ਇਨ੍ਹਾਂ ਵਰ੍ਹਿਆਂ 'ਚ ਦੇਸੋਂ ਪਰਦੇਸੀ ਹੋਏ, ਓਪਰੇ ਹੋਏ, ਪਰਾਏ ਕਰ ਦਿੱਤੇ ਗਏ ਅਤੇ ਜਿਨ੍ਹਾਂ ਪੰਜਾਬੀਆਂ ਇੱਥੇ ਰਹਿਕੇ ਹੱਕ-ਸੱਚ ਲਈ ਆਵਾਜ਼ ਉਠਾਈ, ਉਹ ਇਸ ਜਹਾਨ ਤੋਂ ਹੀ ਤੋਰ ਦਿੱਤੇ ਗਏ।

ਇਨ੍ਹਾਂ ਵਰ੍ਹਿਆਂ 'ਚ ਪੰਜਾਬ ਨੂੰ ਨਾ '47 ਭੁਲਿਆ, ਨਾ ਚੌਰਾਸੀ। ਨਾ ਪੰਜਾਬ ਨੂੰ ਗਰਮ ਲਹਿਰਾਂ 'ਚ ਬੇਦੋਸ਼ੇ ਮਾਰੇ ਗਏ ਨੌਜਵਾਨ ਭੁਲੇ, ਨਾ ਬੱਸਾਂ 'ਚੋਂ ਕੱਢ-ਕੱਢ ਕੇ ਮਾਰੇ ਗਏ ਬੇਕਸੂਰੇ। ਨਾ ਪੰਜਾਬ ਨੂੰ ਇਹ ਭੁੱਲਿਆ ਕਿ ਪੰਜਾਬ ਦੇ ਪਾਣੀ ਖੋਹੇ ਗਏ, ਅਤੇ ਨਾ ਹੀ ਭੁੱਲਿਆ ਕਿ 1966 'ਚ ਪੁਨਰਗਠਨ ਸਮੇਂ ਉਸ ਦੀ ਉਹ ਰਾਜਧਾਨੀ ਖੋਹ ਲਈ ਗਈ, ਜਿਹੜੀ ਪੰਜਾਬ ਦੇ ਪਿੰਡਾਂ ਨੂੰ ਉਜਾੜਕੇ ਬਣਾਈ ਗਈ। ਨਾ ਹੀ ਪੰਜਾਬ ਇਹ ਭੁੱਲ ਸਕਿਆ ਕਿ ਦਿੱਲੀ ਦੇ ਹਾਕਮ ਨਿਤ-ਦਿਹਾੜੇ, ਉਸ ਨਾਲ ਦੁਪਰਿਆਰਾ ਸਲੂਕ ਕਰਦੇ ਹਨ, ਬਾਵਜੂਦ ਇਸ ਗੱਲ ਦੇ ਕਿ ਉਹ ਦੇਸ਼ ਦਾ ਅੰਨਦਾਤਾ ਹੈ। ਬਾਵਜੂਦ ਇਸ ਗੱਲ ਦੇ ਕਿ ਹਰੀ ਕ੍ਰਾਂਤੀ ਨੇ ਉਸਦੀ ਉਪਜਾਊ ਧਰਤੀ ਖੋਹ ਲਈ, ਖੋਖਲੀ ਕਰ ਦਿੱਤੀ, ਜ਼ਹਿਰਾਂ ਨਾਲ ਭਰ ਦਿੱਤੀ ਤੇ ਸਿੱਟੇ ਵਜੋਂ ਪੰਜਾਬ ਦਾ ਪਾਣੀ ਮੁਕਾ ਦਿੱਤਾ। ਪੱਲੇ ਕੈਂਸਰ ਪਾ ਦਿੱਤਾ। ਖੁਦਕੁਸ਼ੀਆਂ ਕਰਨ ਵਾਲੇ ਜੀਵਨ ਦੇ ਰਾਹ ਪਾ ਦਿੱਤਾ।

ਪੰਜ ਦਰਿਆਵਾਂ ਦੀ ਧਰਤੀ, ਵੱਢ-ਟੁੱਕ ਕੇ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤੀ ਗਈ। ਕਿਸਾਨ ਮਜ਼ਦੂਰ ਔਖੇ ਰਾਹੀਂ ਪਾ ਦਿੱਤੇ ਗਏ। ਕਿਸਾਨਾਂ ਦੀਆਂ ਜ਼ਮੀਨਾਂ ਦੇ ਛੋਟੇ-ਛੋਟੇ ਟੁਕੜੇ ਹਥਿਆਉਣ ਲਈ ਵੀ ਪਹਿਲਾਂ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਫਿਰ ਮੌਜੂਦਾ ਸੂਬਾ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਨਵੀਆਂ ਤਰਕੀਬਾਂ ਕੱਢ ਮਾਰੀਆਂ। ਵੱਡੇ-ਵੱਡੇ ਮਾਰਗ ਪੰਜਾਬ ਦੀ ਛਾਤੀ ਚੀਰ ਕੇ ਬਣਾਏ ਜਾਣ ਲੱਗੇ ਹਨ। ਹਾਈਵੇ ਥਾਂ-ਥਾਂ ਬਣਾਕੇ ਕਿਸਾਨਾਂ ਦੀ ਜ਼ਮੀਨ ਕਿਧਰੇ ਟੋਟਿਆਂ 'ਚ ਵੰਡੀ ਜਾ ਰਹੀ ਹੈ ਅਤੇ ਕਿਧਰੇ ਹਾਈਵੇਜ਼ ਬਣਾਏ ਜਾ ਰਹੇ ਹਨ। ਪਰ ਇਨ੍ਹਾਂ ਹਾਈਵੇਜ਼ ਦਾ ਫ਼ਾਇਦਾ ਕਿਸਨੂੰ ਹੋਏਗਾ? ਕੀ ਪੰਜਾਬ ਨੂੰ? ਕੀ ਪੰਜਾਬੀਆਂ ਨੂੰ? ਜਾਂ ਫਿਰ ਕਾਰਪੋਰੇਟਾਂ ਨੂੰ, ਜੋ ਇਥੋਂ ਅਤੇ ਲਾਗਲੇ ਸੂਬਿਆਂ 'ਚੋਂ ਕੱਚਾ ਮਾਲ ਢੋਕੇ ਵੱਧ ਮੁਨਾਫ਼ਾ ਕਮਾਉਣਗੇ। ਤੇ ਕਿਸਾਨ ਜਿਨ੍ਹਾਂ ਦੀ ਜ਼ਮੀਨ ਖੋਈ ਜਾਣੀ ਹੈ, ਦਿਹਾੜੀਆਂ ਕਰਨ 'ਤੇ ਮਜਬੂਰ ਹੋ ਜਾਣਗੇ। ਕੀ ਇਸ ਨਾਲ ਪੰਜਾਬ ਖੁਸ਼ਹਾਲ ਹੋਏਗਾ? ਕੀ ਇਥੋਂ ਦੇ ਨੌਜਵਾਨਾਂ ਨੂੰ ਇਸ ਨਾਲ ਕੋਈ ਰੁਜ਼ਗਾਰ ਮਿਲੇਗਾ?

ਪੰਜਾਬ ਦੀ ਸਥਿਤੀ ਗੰਭੀਰ ਹੈ! ਨੌਜਵਾਨ ਹਰ ਹੀਲੇ ਸੂਬੇ 'ਚੋਂ ਭੱਜਣਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣਾ ਭਵਿੱਖ ਇੱਥੇ ਸਾਵਾਂ, ਸੁਖਾਵਾਂ ਨਹੀਂ ਦਿੱਸਦਾ। ਪੰਜਾਬ ਦੇ ਪਿੰਡ ਅਤੇ ਹੁਣ ਤਾਂ ਸ਼ਹਿਰਾਂ 'ਚ ਵੀ ਨਸ਼ਿਆਂ ਦਾ ਅਤਿਅੰਤ ਬੋਲਬਾਲਾ ਹੈ। ਵਿਦੇਸ਼ ਗਏ ਨੌਜਵਾਨਾਂ ਦੇ ਮਾਪੇ ਇਕੱਲਤਾ ਦਾ ਜੀਵਨ ਬਿਤਾ ਰਹੇ ਹਨ। ਵਿਦੇਸ਼ ਵਸਦੇ ਪੰਜਾਬੀ ਆਪਣੀ ਜ਼ਮੀਨ ਜਾਇਦਾਦ ਵੇਚਣ ਲਈ ਪੰਜਾਬ ਆਉਂਦੇ, ਇਹ ਕਹਿੰਦੇ ਸੁਣੀਂਦੇ ਹਨ ਕਿ ਉਨ੍ਹਾਂ ਦੀ ਔਲਾਦ ਨੇ ਪੰਜਾਬ ਨਹੀਂ ਪਰਤਣਾ, ਹੁਣ ਪੰਜਾਬ "ਰਹਿਣਯੋਗ" ਨਹੀਂ ਰਿਹਾ। ਆਪਣੀ ਜਨਮ ਭੂਮੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਇਹ ਪੰਜਾਬੀ ਆਖ਼ਿਰ ਸਾਡੇ ਹਾਕਮਾਂ, ਸਾਡੀਆਂ ਸਰਕਾਰਾਂ ਨੇ ਇੰਨੇ ਉਪਰਾਮ ਕਿਉਂ ਕਰ ਦਿੱਤੇ ਹਨ? ਕੀ ਦੋਸ਼ ਇਨ੍ਹਾਂ ਸਿਆਸਤਦਾਨਾਂ, ਹਾਕਮਾਂ ਦਾ ਨਹੀਂ ਹੈ, ਜਿਨ੍ਹਾਂ ਪੰਜਾਬ ਦੀ ਸੱਤਾ ਹਥਿਆਉਣ ਲਈ ਤਾਂ ਹਰ ਹੀਲਾ ਵਰਤਿਆ, ਪਰ ਇੱਥੇ ਅਮਨ ਕਾਨੂੰਨ ਦੀ ਸਥਿਤੀ ਸੁਖਾਵਾਂ ਕਰਨ, ਇੱਥੇ ਬੇਰੁਜ਼ਗਾਰੀ ਰੋਕਣ, ਇੱਥੇ ਦੇ ਵਾਤਾਵਰਨ ਨੂੰ ਸੁੰਦਰ ਪ੍ਰਦੂਸ਼ਣ ਰਹਿਤ ਬਣਾਉਣ ਲਈ ਢਿੱਡੋਂ ਯਤਨ ਨਹੀਂ ਕੀਤਾ। ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਦੇਸ਼ ਵਸਦੇ ਪੰਜਾਬੀ ਆਪਣੇ ਪੰਜਾਬ ਨੂੰ ਹਿੱਕ ਨਾਲ ਲਾਉਂਦੇ।

ਆਜ਼ਾਦੀ ਦੇ 78 ਵਰ੍ਹਿਆਂ ਬਾਅਦ ਪੰਜਾਬ ਅੱਜ ਵੀ ਵਿਕਾਸ ਪੱਖੋਂ ਊਣਾ ਹੈ। ਸਿੱਖਿਆ ਪੱਖੋਂ ਪਿੱਛੇ ਹੈ। ਉਦਯੋਗ ਵਿਚ ਤਾਂ ਇਸਦਾ ਥਾਂ ਹੀ ਕੋਈ ਨਹੀਂ। ਤੇ ਫੇਰ ਰੁਜ਼ਗਾਰ ਕਿੱਥੋਂ ਮਿਲੂ? ਆਮ ਸਿਹਤ ਸੁਵਿਧਾਵਾਂ, ਕਹਿਣ ਲਈ ਵੱਡੀਆਂ ਦਿਸ ਰਹੀਆਂ ਹੋਣਗੀਆਂ, ਪਰ ਕੀ ਇਹ ਆਮ ਆਦਮੀ ਦੀ ਪਹੁੰਚ 'ਚ ਹਨ?

ਕੀ ਸਿੱਖਿਆ, ਸਿਹਤ, ਵਾਤਾਵਰਨ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦੀ ਰਾਖੀ, ਉਦਯੋਗਿਕ ਵਿਕਾਸ ਲਈ ਪਿਛਲੀਆਂ ਤਿੰਨ ਸਰਕਾਰਾਂ ਦੇ ਉੱਦਮ ਉਪਰਾਲੇ ਜਾਂ ਕੋਸ਼ਿਸ਼ਾਂ ਸਾਰਥਕ ਸਨ। ਬਾਦਲ ਦੀ ਅਗਵਾਈ ਵਾਲੀ (2012-17) ਦੀ ਸਰਕਾਰ ਕੇਂਦਰ ਸਰਕਾਰ 'ਚ ਭਾਜਪਾ ਸਰਕਾਰ ਹੋਣ ਦੇ ਬਾਵਜੂਦ 'ਨਾ ਕੋਈ ਵੱਡਾ ਪ੍ਰਾਜੈਕਟ' ਪੰਜਾਬ ਲਿਆ ਸਕੀ ਅਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੁਆ ਸਕੀ। ਭਾਸ਼ਾ ਦੇ ਆਧਾਰ ਉੱਤੇ ਬਣੇ ਸੂਬੇ ਪੰਜਾਬ ਲਈ ਸੰਘਰਸ਼ ਕਰਨ ਵਾਲੀ ਪਾਰਟੀ ਪੰਜਾਬੀ ਨੂੰ ਵੀ ਦਫ਼ਤਰਾਂ, ਅਦਾਲਤਾਂ 'ਚ ਲਾਗੂ ਨਾ ਕਰ ਸਕੀ। ਦਰਿਆਈ ਪਾਣੀਆਂ ਦਾ ਮਸਲਾ ਦਿੱਲੀ ਹਾਕਮਾਂ ਤੋਂ ਹੱਲ ਨਾ ਕਰਵਾ ਸਕੀ। ਨਸ਼ਿਆਂ ਦਾ ਚਲਣ ਇਸ ਸਰਕਾਰ ਵੇਲੇ ਵਧਿਆ। ਨੌਜਵਾਨਾਂ 'ਚ ਨਿਰਾਸ਼ਤਾ ਵਧੀ। ਸੂਬਾ ਕਰਜ਼ਾਈ ਹੋਇਆ ਅਤੇ ਨਸ਼ਿਆਂ ਤੋਂ ਮੁਕਤੀ ਕੁਝ ਦਿਨਾਂ 'ਚ ਦੇਣ ਦੇ ਨਾਹਰੇ ਦੇ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੀ ਸਰਕਾਰ (2017-2022) ਪੰਜੇ ਵਰ੍ਹੇ ਨਸ਼ਾ ਮੁਕਤ ਪੰਜਾਬ, ਦਾ ਨਾਹਰਾ ਦਿੰਦੀ ਰਹੀ। ਗੱਲੀਂ ਬਾਤੀ ਭਾਜਪਾ ਦੀ ਕੇਂਦਰ ਸਰਕਾਰ ਨਾਲ ਲੜਦੀ ਰਹੀ, ਅਸੰਬਲੀ 'ਚ ਮਤੇ ਵੀ ਪਾਉਂਦੀ ਰਹੀ, ਪਰ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦਾ ਮਸਲਾ ਹੱਲ ਕਰ ਸਕੀ, ਨਾ ਪੰਜਾਬ ਦੇ ਪਾਣੀਆਂ ਦਾ। ਨੌਜਵਾਨਾਂ ਦੀ ਬੇਰੁਜ਼ਗਾਰੀ, ਨਸ਼ਿਆਂ ਦੀ ਦਲਦਲ 'ਚ ਫਸਣ ਅਤੇ ਵਿਦੇਸ਼ਾਂ ਵੱਲ ਭੱਜਣ ਦਾ ਰੁਝਾਨ ਉਨ੍ਹਾਂ ਦੇ ਸਮੇਂ ਚਰਮ ਸੀਮਾਂ 'ਤੇ ਪੁੱਜਿਆ।

ਮੌਜੂਦਾ ਸਰਕਾਰ (2022 ਤੋਂ ਹੁਣ ਤੱਕ) ਇਨ੍ਹਾਂ ਮਸਲਿਆਂ 'ਚ ਵੱਡੇ ਨਾਹਰੇ ਲਾਉਂਦੀ ਰਹੀ। ਨਸ਼ਾ ਮੁਕਤੀ ਲਈ ਵੱਡੇ ਪ੍ਰਾਜੈਕਟ ਉਲੀਕਦੀ ਰਹੀ, ਪਰ ਹੱਥ ਪੱਲੇ ਕੀ ਪਿਆ? ਵਿਸ਼ਲੇਸ਼ਣ ਦਾ ਵਿਸ਼ਾ ਹੈ। ਪੰਜਾਬ ਸਿਰ ਕਰਜ਼ਾ ਵਧਿਆ ਹੈ। ਬੇਰੁਜ਼ਗਾਰੀ ਦੀ ਦਰ ਨਹੀਓਂ ਘੱਟੀ। ਜ਼ਮੀਨੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਕਮੀ ਹੁਣ ਵੀ ਅਖਰਦੀ ਹੈ ਅਤੇ ਸਭ ਤੋਂ ਅੱਖੜ ਰਿਹਾ ਹੈ, ਚੁੱਭ ਰਿਹਾ ਹੈ ਸਿਆਸਤਦਾਨਾਂ ਦਾ ਵਿਵਹਾਰ। ਇੱਕ-ਦੂਜੇ ਪ੍ਰਤੀ ਸ਼ਰੀਕੇਬਾਜ਼ੀ ਵਾਲਾ ਵਰਤਾਓ ਨੈਤਿਕ ਕਦਰਾਂ-ਕੀਮਤਾਂ ਉਲੰਘਕੇ ਬੋਲੇ ਗਏ ਭੈੜੇ, ਭੜਕਾਊ, ਬੋਲ! ਸਿਆਸਤ ਵਿਚ "ਚੱਕ ਦਿਆਂਗੇ, ਮਿੱਧ ਦਿਆਂਗੇ" ਵਰਗੇ ਬੋਲ ਕੀ ਸੱਚਮੁੱਚ ਸਿਆਸਤ ਹੈ ਜਾਂ ਹੰਕਾਰੀ ਬੋਲ?

ਪੰਜਾਬ 'ਚ ਸਿਆਸਤਦਾਨ, ਇੱਕ-ਦੂਜੇ ਵਿਰੁੱਧ ਜਿਸ ਕਿਸਮ ਦੀ ਅਭੱਦਰ ਭਾਸ਼ਾ ਬੋਲਦੇ ਹਨ, ਉਹ ਸਿਆਣਿਆਂ ਵਾਲੀ ਭਾਸ਼ਾ ਨਹੀਂ, ਜਿਸ ਕਿਸਮ ਦੀ ਨੀਵੇਂ ਦਰਜੇ ਦੀ ਉਹ ਸਿਆਸਤ ਕਰਦੇ ਹਨ, ਉਹ ਸੱਚਮੁਚ ਸਹਿਣਯੋਗ ਨਹੀਂ। ਪਾਰਟੀਆਂ ਚੋਣਾਂ ਲੜਨ, ਆਪਣਾ ਚੋਣ ਪ੍ਰੋਗਰਾਮ ਦੇਣ! ਸਿਆਸਤੀ ਧਿਰਾਂ ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਖੇਤੀ, ਕਿਸਾਨਾਂ, ਮਜ਼ਦੂਰਾਂ ਦੀ ਗੱਲ ਕਰਨ, ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪ੍ਰੋਗਰਾਮ ਦੇਣ। ਪੰਜਾਬ 'ਚ ਚੰਗੇ ਸ਼ਾਸਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਮੁਕਤੀ ਦੀ ਗੱਲ ਕਰਨ ਜੋ ਹੁਣ ਸਾਡੀ ਨਸ-ਨਸ 'ਚ ਦੌੜ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਸਮੂਹਿਕ ਵਿਕਾਸ ਦੀ ਗੱਲ ਕਰਨ, ਪੰਜਾਬ 'ਚੋਂ ਧੜੇਬੰਦੀ ਖ਼ਤਮ ਕਰਕੇ ਆਪਸੀ ਸਹਿਹੋਂਦ ਬਣਾਉਣ ਦੀ ਬਾਤ ਪਾਉਣ। ਪੰਜਾਬ 'ਚ ਖੇਤੀ ਉਦਯੋਗ ਲਿਆਉਣ ਦਾ ਖਾਕਾ ਤਿਆਰ ਕਰਨ। ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਦੇ ਵਿਕਾਸ ਲਈ, ਡਿਜ਼ੀਟਲ ਸਹੂਲਤਾਂ ਦੇ ਵਿਕਾਸ ਲਈ ਪ੍ਰੋਗਰਾਮ ਉਲੀਕਣ ਅਤੇ ਸਾਂਝੇ ਪਲੇਟਫਾਰਮ 'ਤੇ ਚਰਚਾ ਕਰਨ।

ਕਿਉਂ ਨਾ ਚਰਚਾ ਕਰਨ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਖੋਹੇ ਗਏ ਹੱਕਾਂ ਦੀ ਇੱਕ-ਜੁੱਟ ਹੋਕੇ, ਇਸ ਨਾਲ ਹੋ ਰਹੇ ਵਿਤਕਰਿਆਂ ਦੀ, ਭਾਵੇਂ ਉਹ ਕੇਂਦਰ 'ਚ ਰਾਜ ਕਰਨ ਵਾਲੀ ਪਾਰਟੀ ਦੇ ਸਰਗਰਮ ਮੈਂਬਰ ਹੀ ਕਿਉਂ ਨਾ ਹੋਣ?

ਪੰਜਾਬ ਦੇ ਭੱਦਰਪੁਰਸ਼ ਸਿਆਸਤਦਾਨੋ, ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। ਪੰਜਾਬ ਦੇ ਲੋਕ ਹਰ ਉਸ ਨਵੀਂ ਚੀਜ਼ ਨੂੰ ਜੀਅ ਆਇਆਂ ਆਖਦੇ ਹਨ, ਜਿਹੜੀ ਉਨ੍ਹਾਂ ਦੇ ਮਨ ਨੂੰ ਭਾਉਂਦੀ ਹੈ। ਪਰ ਹਰ ਉਸ ਚੀਜ਼ ਨੂੰ ਫਿਟਕਾਰ ਦਿੰਦੇ ਹਨ, ਜਿਹੜੇ ਇਸ ਸੂਬੇ ਦੇ ਬਾਸ਼ਿੰਦਿਆਂ 'ਚ ਪਾੜ ਪਾਉਂਦੀ ਹੈ, ਭਾਈਚਾਰਕ ਸਾਂਝ ਨੂੰ ਪਿੰਜਦੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਖ਼ਿਲਾਫ ਹੈ।

ਭਾਈ, ਨਹੀਂਓ ਚੰਗੇ ਹਾਲਾਤ ਪੰਜਾਬ ਦੇ। ਸੇਵਾ ਭਾਵਨਾ ਵਾਲੇ ਸਿਆਸਤਦਾਨ, ਬੁੱਧੀਜੀਵੀ ਸਿਆਣੇ ਹਾਲਾਤਾਂ ਨੂੰ ਸਮਝਣਗੇ, ਤਾਹੀਓਂ ਪੁਰੇ ਦੀ ਵਗਦੀ ਗਰਮ ਹਵਾ ਰੁਕੇਗੀ। ਪੱਛੋਂ ਦੀਆਂ ਠੰਢੀਆਂ ਹਵਾਵਾਂ ਆਉਣਗੀਆਂ। ਪੰਜਾਬ 'ਚ ਮੁੜ ਖੁਸ਼ਹਾਲੀ ਆਏਗੀ। ਵੇਲਾ ਭੈੜੀ ਸਿਆਸਤ ਦਾ ਨਹੀਂ, ਪੰਜਾਬ ਨੂੰ ਸੰਭਾਲਣ ਲਈ ਇੱਕ-ਮੁੱਠ ਹੋ ਕੇ ਯਤਨ ਕਰਨ ਦਾ ਹੈ। ਕਲਮਾਂ ਵਾਲਿਓ, ਰਤਾ ਆਪਣੀ ਕਲਮ ਦੇ ਬੋਲ, ਲੋਕਾਂ ਦੇ ਬੋਲਾਂ ਵਰਗੇ ਬਣਨ ਲਈ ਤੁਸੀਂ ਵੀ ਤਾਂ ਸੁਪਨਈ ਨੀਂਦ 'ਚੋਂ ਬਾਹਰ ਆਓ!

# ਪੰਜਾਬ ਵਿਚ ਐੱਸ.ਆਈ.ਆਰ. ਦੀ ਪ੍ਰਕਿਰਿਆ ਆਰੰਭ ਹੁੰਦੇ ਸਾਰ ਖੜ੍ਹੇ ਹੋਣ ਲੱਗੇ ਸਵਾਲਾਂ ਦੇ ਢੇਰ

- ਜਤਿੰਦਰ ਪਨੂੰ
ਪੰਜਾਬ ਮੇਲ USA




**ਬਿਹਾਰ ਵਿੱਚ ਜਦੋਂ ਇਹ ਕੁਝ ਕੀਤਾ ਜਾਣ ਲੱਗਾ ਤਾਂ ਇਸ ਬਾਰੇ ਬਹੁਤ ਸਾਰੀਆਂ ਪਟੀਸ਼ਨ ਸੁਪਰੀਮ ਕੋਰਟ ਵਿੱਚ ਪਹੁੰਚੀਆਂ ਸਨ, ਜਿਨ੍ਹਾਂ ਵਿੱਚੋਂ ਕੁਝ ਉੱਤੇ ਸੁਣਵਾਈ ਹੋਈ ਤੇ ਕੁਝ ਹੋਰ ਅਣਗੌਲੀਆਂ ਹੋਣ ਦੀਆਂ ਖਬਰਾਂ ਮਿਲੀਆਂ ਸਨ। ਇਸ ਐੱਸ.ਆਈ.ਆਰ. ਵਾਲੀ ਸਾਰੀ ਪ੍ਰਕਿਰਿਆ ਦੀ ਕਮਾਨ ਉਸ ਚੋਣ ਕਮਿਸ਼ਨ ਦੇ ਹੱਥ ਹੈ, ਜਿਹੜਾ ਖੁਦ ਵਿਵਾਦਾਂ ਵਿੱਚ ਹੈ ਅਤੇ ਵਿਵਾਦ ਬਿਹਾਰ ਦੀਆਂ ਚੋਣਾਂ ਅਤੇ ਐੱਸ.ਆਈ.ਆਰ. ਸ਼ੁਰੂ ਹੋਣ ਨਾਲ ਨਹੀਂ ਉੱਭਰੇ, ਉਸ ਵਕਤ ਉੱਭਰ ਆਏ ਸਨ, ਜਦੋਂ ਚੋਣ ਕਮਿਸ਼ਨ ਦੇ ਮੌਜੂਦਾ ਤਿੰਨਾਂ ਵਿੱਚੋਂ ਦੋ ਕਮਿਸ਼ਨਰਾਂ ਲਈ ਨਿਯੁਕਤੀ ਹੋਈ ਸੀ।**

ਐੱਸ.ਆਈ.ਆਰ. ਵਾਲੇ ਜਿਸ ਪ੍ਰੇਤ ਦੀਆਂ ਗੱਲਾਂ ਅਸੀਂ ਬੀਤੇ ਕਈ ਮਹੀਨਿਆਂ ਤੋਂ ਕਰਦੇ ਆਏ ਸਾਂ, ਉਹ ਪੰਜਾਬ ਵਿੱਚ ਵੀ ਇਸੇ ਹਫਤੇ ਆ ਪੁੱਜਾ ਤੇ ਆਪਣੇ ਭਾਜੜ-ਪਾਊ ਰੰਗ ਵਿਖਾਉਣ ਲੱਗਾ ਹੈ। ਇੰਟੈਂਸਿਵ ਰੀਵੀਜ਼ਨ ਆਫ ਵੋਟਰਜ਼ (ਐੱਸ.ਆਈ.ਆਰ.) ਇਸ ਤੋਂ ਪਹਿਲਾਂ ਕਈ ਰਾਜਾਂ ਵਿੱਚ ਲੋਕਾਂ ਨੂੰ ਤਰੇਲੀਆਂ ਲਿਆ ਚੁੱਕਾ ਹੈ। ਸਭ ਤੋਂ ਪਹਿਲਾਂ ਇਸ ਦਾ ਰੌਲਾ ਬਿਹਾਰ ਤੋਂ ਸ਼ੁਰੂ ਹੋਇਆ ਤੇ ਓਦੋਂ ਸ਼ੁਰੂ ਹੋਇਆ ਸੀ, ਜਦੋਂ ਓਥੇ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਿੱਚ ਕੁਝ ਹਫਤੇ ਰਹਿੰਦੇ ਸਨ। ਜਦੋਂ ਅਚਾਨਕ ਇਹ ਸਰਗਰਮੀ ਸ਼ੁਰੂ ਹੋਈ, ਤਾਂ ਪਹਿਲਾਂ ਆਮ ਲੋਕ ਸਮਝਦੇ ਰਹੇ ਕਿ ਪਿਛਲੀਆਂ ਸਭ ਚੋਣਾਂ ਮੌਕੇ ਜਿਵੇਂ ਉਨ੍ਹਾਂ ਲੋਕਾਂ ਨੂੰ ਵੋਟ ਬਣਾਉਣ ਦਾ ਇੱਕ ਮੌਕਾ ਦਿੱਤਾ ਜਾਂਦਾ ਸੀ, ਜਿਨ੍ਹਾਂ ਦੀਆਂ ਬਣੀਆਂ ਨਹੀਂ ਸਨ ਹੁੰਦੀਆਂ ਅਤੇ ਇਸ ਦੌਰਾਨ ਮਰ ਗਏ ਜਾਂ ਕਿਸੇ ਹੋਰ ਥਾਂ ਚਲੇ ਲੋਕਾਂ ਦੀਆਂ ਵੋਟਾਂ ਕੱਟ ਦੇਣ ਦਾ ਕੰਮ ਵੀ ਹੁੰਦਾ ਸੀ, ਐਤਕੀਂ ਫਿਰ ਓਦਾਂ ਹੀ ਹੋਵੇਗਾ। ਮਗਰੋਂ ਸਮਝ ਪਿਆ ਕਿ ਇਹ ਓਹੋ ਜਿਹਾ ਨਹੀਂ, ਅਸਲੋਂ ਨਵਾਂ ਚੱਕਰ ਹੈ, ਜਿਸ ਵਿੱਚ ਹਰ ਕਿਸੇ ਨੂੰ ਪਹਿਲਾਂ ਇਹ ਦੱਸਣਾ ਪੈਣਾ ਹੈ ਕਿ ਉਹ ਸਾਲ 2003 ਤੋਂ ਪਹਿਲਾਂ ਦਾ ਵੋਟਰ ਹੈ ਜਾਂ ਬਾਅਦ ਵਿਚ ਉਸ ਦੀ ਵੋਟ ਬਣੀ ਸੀ ਅਤੇ ਜੇ 2003 ਤੋਂ ਪਹਿਲਾਂ ਦਾ ਵੋਟਰ ਹੈ, ਤਾਂ ਸਾਬਤ ਕਰਨਾ ਪੈਣਾ ਹੈ ਕਿ ਓਦੋਂ ਕਿਸ ਹਲਕੇ ਦੇ ਕਿਸ ਬੂਥ ਉੱਤੇ ਵੋਟ ਹੁੰਦੀ ਸੀ! ਇਹ ਸਾਬਤ ਕਰਨ ਲਈ ਜਿੰਨੀ ਕਿਸਮ ਦੇ ਕਾਗਜ਼ੀ ਸਬੂਤ ਮੰਗਣੇ ਓਥੇ ਸ਼ੁਰੂ ਕੀਤੇ ਗਏ ਤੇ ਅੱਜਕੱਲ੍ਹ ਪੰਜਾਬ ਵਿੱਚ ਮੰਗੇ ਜਾਣ ਲੱਗੇ ਹਨ, ਉਹ ਕਿਸੇ ਵੀ ਸਾਧਾਰਨ ਵਿਅਕਤੀ ਲਈ ਨੀਂਦ ਉਡਾਉਣ ਵਾਲੇ ਹੋ ਸਕਦੇ ਹਨ।

ਬਿਹਾਰ ਵਿੱਚ ਜਦੋਂ ਇਹ ਕੁਝ ਕੀਤਾ ਜਾਣ ਲੱਗਾ ਤਾਂ ਇਸ ਬਾਰੇ ਬਹੁਤ ਸਾਰੀਆਂ ਪਟੀਸ਼ਨ ਸੁਪਰੀਮ ਕੋਰਟ ਵਿੱਚ ਪਹੁੰਚੀਆਂ ਸਨ, ਜਿਨ੍ਹਾਂ ਵਿੱਚੋਂ ਕੁਝ ਉੱਤੇ ਸੁਣਵਾਈ ਹੋਈ ਤੇ ਕੁਝ ਹੋਰ ਅਣਗੌਲੀਆਂ ਹੋਣ ਦੀਆਂ ਖਬਰਾਂ ਮਿਲੀਆਂ ਸਨ। ਇਸ ਐੱਸ.ਆਈ.ਆਰ. ਵਾਲੀ ਸਾਰੀ ਪ੍ਰਕਿਰਿਆ ਦੀ ਕਮਾਨ ਉਸ ਚੋਣ ਕਮਿਸ਼ਨ ਦੇ ਹੱਥ ਹੈ, ਜਿਹੜਾ ਖੁਦ ਵਿਵਾਦਾਂ ਵਿੱਚ ਹੈ ਅਤੇ ਵਿਵਾਦ ਬਿਹਾਰ ਦੀਆਂ ਚੋਣਾਂ ਅਤੇ ਐੱਸ.ਆਈ.ਆਰ. ਸ਼ੁਰੂ ਹੋਣ ਨਾਲ ਨਹੀਂ ਉੱਭਰੇ, ਉਸ ਵਕਤ ਉੱਭਰ ਆਏ ਸਨ, ਜਦੋਂ ਚੋਣ ਕਮਿਸ਼ਨ ਦੇ ਮੌਜੂਦਾ ਤਿੰਨਾਂ ਵਿੱਚੋਂ ਦੋ ਕਮਿਸ਼ਨਰਾਂ ਲਈ ਨਿਯੁਕਤੀ ਹੋਈ ਸੀ। ਪਹਿਲਾਂ ਉਨ੍ਹਾਂ ਵਿੱਚੋਂ ਇੱਕ ਜਣਾ ਰਿਟਾਇਰ ਹੋ ਗਿਆ, ਫਿਰ ਇੱਕ ਕਮਿਸ਼ਨਰ ਅਸਤੀਫਾ ਦੇ ਕੇ ਅਚਾਨਕ ਘਰ ਨੂੰ ਚਲਾ ਗਿਆ ਤਾਂ ਕੇਂਦਰ ਸਰਕਾਰ ਨੇ ਦੋ ਖਾਲੀ ਸੀਟਾਂ ਭਰਨ ਲਈ ਏਨੀ ਦੇਰ ਕੀਤੀ ਕਿ ਬਿਹਾਰ ਦੀਆਂ ਚੋਣਾਂ ਸਿਰ ਉੱਤੇ ਆ ਗਈਆਂ। ਉਸ ਪਿੱਛੋਂ ਅਚਾਨਕ ਕਾਹਲੀ ਵਿਚ ਇਹ ਨਿਯੁਕਤੀਆਂ ਕੀਤੀਆਂ ਅਤੇ ਇਨ੍ਹਾਂ ਨੂੰ ਕਿਸੇ ਅਦਾਲਤ ਵਿੱਚ ਚੁਣੌਤੀ ਦਿੱਤੇ ਜਾਣ ਤੋਂ ਪਹਿਲਾਂ ਬਿਹਾਰ ਦੀ ਚੋਣ ਪ੍ਰਕਿਰਿਆ ਦਾ ਐਲਾਨ ਹੋ ਗਿਆ ਅਤੇ ਜਦੋਂ ਚੋਣ ਪ੍ਰਕਿਰਿਆ ਸ਼ੁਰੂ ਹੋ ਜਾਵੇ ਤਾਂ ਚੋਣ ਕਮਿਸ਼ਨ ਦੇ ਵਿਰੁੱਧ ਕਿਸੇ ਚੁਣੌਤੀ ਨੂੰ ਅਦਾਲਤ ਵੱਲੋਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਫਿਰ ਸਰਕਾਰ ਨੇ ਚੋਣ ਕਮਿਸ਼ਨ ਦੇ ਮੌਜੂਦਾ ਮੈਂਬਰਾਂ ਦੀਆਂ ਤਾਕਤਾਂ ਏਨੀਆਂ ਵਧਾ ਦਿੱਤੀਆਂ, ਜਿੰਨੀਆਂ ਅੱਗੇ ਕਦੇ ਨਹੀਂ ਸਨ ਹੁੰਦੀਆਂ ਅਤੇ ਉਨ੍ਹਾਂ ਨੂੰ ਮਨਮਰਜ਼ੀ ਕਰਨ ਦਾ ਖੁੱਲ੍ਹਾ ਮੌਕਾ ਦੇ ਦਿੱਤਾ। ਉਸ ਹਾਲਤ ਵਿੱਚ ਚੋਣ ਕਮਿਸ਼ਨ ਦੇ ਵਿਹਾਰ ਤੇ ਮੁੱਖ ਚੋਣ ਕਮਿਸ਼ਨਰ ਦੇ ਵਿਹਾਰ ਬਾਰੇ ਬਹੁਤ ਸਾਰੀਆਂ ਕਹਾਣੀਆਂ ਚਰਚਾ ਵਿੱਚ ਆਈਆਂ ਸਨ। ਕਿਸੇ ਸਿਆਸੀ ਆਗੂ ਵਾਂਗ ਮੁੱਖ ਚੋਣ ਕਮਿਸ਼ਨਰ ਇਹ ਕਹਿਣ ਲੱਗ ਪਿਆ ਕਿ ਭਾਰਤ ਵਿੱਚ ਕਿਸੇ ਵੀ ਘੁਸਪੈਠੀਏ ਦੀ ਵੋਟ ਨਹੀਂ ਰਹਿਣ ਦਿੱਤੀ ਜਾਵੇਗੀ, ਪਰ ਜਦੋਂ ਲੱਖਾਂ ਲੋਕਾਂ ਦੀਆਂ ਵੋਟਾਂ ਕੱਟੇ ਜਾਣ ਮਗਰੋਂ ਪ੍ਰੈੱਸ ਕਾਨਫਰੰਸ ਵਿੱਚ ਪੁੱਛਿਆ ਗਿਆ ਕਿ ਕੱਟੇ ਗਏ ਨਵਾਂ ਵਿੱਚੋਂ ਘੁਸਪੈਠੀਏ ਹੋਣ ਦੇ ਸ਼ੱਕ ਹੇਠ ਕਿੰਨੇ ਲੋਕਾਂ ਦੇ ਨਾਂਅ ਕੱਟਣੇ ਪਏ ਹਨ, ਤਾਂ ਇਹ ਕਹਿ ਕੇ ਤੁਰ ਗਿਆ ਕਿ ਉਸ ਦੀ ਫਲਾਈਟ ਦਾ ਵਕਤ ਹੋ ਗਿਆ ਹੈ।

ਜਿਹੜਾ ਕੁਝ ਬਿਹਾਰ ਵਿੱਚ ਹੋਇਆ ਸੀ, ਫਿਰ ਉਹੋ ਸਭ ਕੁਝ ਪੱਛਮੀ ਬੰਗਾਲ, ਕੇਰਲਾ, ਆਸਾਮ, ਤਾਮਿਲ ਨਾਡੂ ਅਤੇ ਕੁਝ ਹੋਰ ਰਾਜਾਂ ਵਿੱਚ ਹੋਣ ਲੱਗ ਪਿਆ। ਆਸਾਮ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸਰਕਾਰ ਓਥੇ ਭਾਜਪਾ ਦੀ ਆਪਣੀ ਹੈ, ਪਰ ਬਾਕੀ ਰਾਜਾਂ ਵਿੱਚ ਵਿਵਾਦ ਉੱਠਣ ਲੱਗ ਪਏ। ਇਹੋ ਕੁਝ ਇਸ ਵੇਲੇ ਪੰਜਾਬ ਦੇ ਲੋਕਾਂ ਨਾਲ ਹੋਣ ਲੱਗ ਪਿਆ ਹੈ। ਬੂਥ ਲੈਵਲ ਅਫਸਰ (ਬੀ.ਐੱਲ.ਓ.) ਫੋਨ ਕਰ ਕੇ ਇਹ ਗੱਲ ਪੁੱਛਦੇ ਹਨ ਕਿ ਤੁਸੀਂ 2003 ਤੋਂ ਪਹਿਲਾਂ ਕਿੱਥੇ ਰਹਿੰਦੇ ਸੀ? ਅਗਲਾ ਕਹਿੰਦਾ ਹੈ ਕਿ 2003 ਨੂੰ ਤਾਂ ਤੇਈ ਸਾਲ ਬਣਦੇ ਹਨ, ਉਹ ਬੀਤੇ ਚਾਲੀ ਸਾਲਾਂ ਤੋਂ ਏਸੇ ਘਰ ਵਿੱਚ ਰਹਿ ਰਿਹਾ ਹੈ ਤਾਂ ਬੀ.ਐੱਲ.ਓ. ਕਹਿੰਦਾ ਹੈ ਕਿ 2003 ਦੀ ਵੋਟਰ ਸੂਚੀ ਵਿੱਚ ਤੁਹਾਡੀ ਵੋਟ ਨਹੀਂ ਲੱਭ ਰਹੀ, ਤੁਸੀਂ ਕੋਈ ਸਬੂਤ ਪੇਸ਼ ਕਰੋ ਕਿ ਉਸ ਸਾਲ ਜਾਂ ਓਦੋਂ ਪਹਿਲਾਂ ਤੁਹਾਡੀ ਵੋਟ ਇਸ ਐਡਰੈੱਸ ਉੱਤੇ ਹੁੰਦੀ ਸੀ? ਏਨੇ ਸਾਲ ਪਹਿਲਾਂ ਦਾ ਕੋਈ ਸਬੂਤ ਪੇਸ਼ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਉਸ ਸਾਲ ਦੀ ਕੋਈ ਵੋਟਰ ਲਿਸਟ ਉਸ ਚੋਣ ਦੇ ਕਿਸੇ ਉਮੀਦਵਾਰ ਦੇ ਘਰ ਵੀ ਸ਼ਾਇਦ ਨਾ ਹੋਵੇ ਅਤੇ ਆਮ ਲੋਕਾਂ ਕੋਲ ਲਿਸਟਾਂ ਹੁੰਦੀਆਂ ਹੀ ਨਹੀਂ, ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਵੱਖ-ਵੱਖ ਪਾਰਟੀਆਂ ਦੇ ਏਜੰਟ ਜਾਂ ਬੀ.ਐੱਲ.ਓ. ਆਣ ਕੇ ਪਰਚੀਆਂ ਦੇ ਜਾਂਦੇ ਅਤੇ ਅਗਲੇ ਦਿਨ ਵੋਟਾਂ ਪਾਉਣ ਵੇਲੇ ਉਹ ਪਰਚੀਆਂ ਪੋਲਿੰਗ ਬੂਥ ਵਿਚਲਾ ਸਟਾਫ ਓਥੇ ਆਪਣੇ ਕੋਲ ਰਖਵਾਈ ਜਾਂਦਾ ਹੈ, ਵਾਪਸ ਨਹੀਂ ਦਿੰਦਾ। ਫਰਜ਼ ਕਰੋ ਕਿ ਵੋਟਾਂ ਦੇ ਦਿਨ ਓਥੇ ਪੋਲਿੰਗ ਬੂਥ ਦੇ ਸਟਾਫ ਨੂੰ ਉਹ ਪਰਚੀ ਲੈਣੀ ਭੁੱਲ ਗਈ ਹੋਵੇ ਅਤੇ ਵੋਟਰ ਆਪਣੇ ਨਾਲ ਘਰ ਵੀ ਲੈ ਜਾਵੇ ਤਾਂ ਉਸ ਨੂੰ ਬੇਲੋੜੀ ਸਮਝ ਕੇ ਸੁੱਟ ਦੇਂਦਾ ਸੀ, ਕਿਉਂਕਿ ਸੰਭਾਲ ਕੇ ਰੱਖਣ ਦਾ ਕੋਈ ਕਾਰਨ ਅੱਜ ਤੱਕ ਬਣਦਾ ਨਹੀਂ ਸੀ।

ਇਹੋ ਨਹੀਂ, ਕਈ ਲੋਕ ਬੀਤੇ ਸਾਲੀਂ ਨੌਕਰੀ ਜਾਂ ਰੁਜ਼ਗਾਰ ਦੇ ਕਿਸੇ ਹੋਰ ਵਸੀਲੇ ਦੇ ਚੱਕਰ ਵਿੱਚ ਇੱਕ ਤੋਂ ਦੂਸਰੇ ਰਾਜ ਵਿੱਚ ਰਿਹਾਇਸ਼ ਬਦਲ ਗਏ ਹੋ ਸਕਦੇ ਹਨ ਅਤੇ ਏਦਾਂ ਆਮ ਹੁੰਦਾ ਹੈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਜਾਵੇਗਾ ਕਿ 2003 ਵਿੱਚ ਉਨ੍ਹਾਂ ਦੀ ਵੋਟ ਬਣੀ ਸੀ ਕਿ ਨਹੀਂ ਜਾਂ ਬਣੀ ਸੀ ਤਾਂ ਕਿੱਥੇ ਬਣੀ ਸੀ ਤੇ ਉਹ ਸਾਬਤ ਕਰਨ ਵਾਸਤੇ ਸਬੂਤ ਲਿਆਉਣ ਨੂੰ ਕਿਹਾ ਜਾਵੇਗਾ ਤਾਂ ਆਮ ਆਦਮੀ ਨੌਕਰੀ ਤੋਂ ਛੁੱਟੀ ਜਾਂ ਕਾਰੋਬਾਰ ਸੰਭਾਲਣ ਦਾ ਕੰਮ ਛੱਡ ਕੇ ਉਸ ਪੁਰਾਣੇ ਰਾਜ ਦੇ ਪੁਰਾਣੇ ਪਿੰਡ ਜਾਂ ਸ਼ਹਿਰ ਤੋਂ ਆਪਣੀ ਵੋਟ ਲੱਭਣ ਜਾਵੇਗਾ, ਜਿਹੜੀ ਓਥੋਂ ਵਾਲਿਆਂ ਨੂੰ ਵੀ ਨਹੀਂ ਲੱਭਦੀ। ਧੀਆਂ ਵਿਆਹ ਵੇਲੇ ਸਹੁਰੇ ਘਰ ਜਾਣ ਤਾਂ ਓਥੇ ਵੋਟ ਨਵੀਂ ਬਣ ਜਾਂਦੀ ਤੇ ਪਿੱਛੇ ਪੇਕੇ ਘਰ ਵਾਲੀ ਕੱਟੀ ਜਾਂਦੀ ਹੈ। ਉਨ੍ਹਾਂ ਨੂੰ ਜਦੋਂ ਪੇਕਿਆਂ ਵਾਲੀ ਵੋਟ ਸਾਬਤ ਕਰਨ ਨੂੰ ਕਿਹਾ ਤਾਂ ਉਹ ਵੋਟਾਂ ਲੱਭਣ ਲਈ ਮੁੜ-ਮੁੜ ਗੇੜੇ ਲਾਉਣੇ ਪੈਣਗੇ ਤੇ ਸਹੁਰੇ ਘਰ ਵਿੱਚ ਕਲੇਸ਼ ਪਵੇਗਾ ਕਿ ਵੋਟ ਬਹਾਨੇ ਨਾਲ ਪੇਕਿਆਂ ਵੱਲ ਤੁਰੀ ਰਹਿੰਦੀ ਹੈ। ਇਸ ਚੱਕਰ ਵਿੱਚ ਜਿਹੜਾ ਖਰਚਾ ਤੇ ਰਾਹਾਂ ਦੀ ਖੱਜਲ-ਖੁਆਰੀ ਹੁੰਦੀ ਹੈ, ਚੋਣ ਕਮਿਸ਼ਨ ਨੂੰ ਇਸ ਦਾ ਕੋਈ ਫਿਕਰ ਨਹੀਂ ਹੋਵੇਗਾ, ਉਨ੍ਹਾਂ ਲਈ ਇਹੋ ਗੱਲ ਜ਼ਰੂਰੀ ਹੈ ਕਿ 2003 ਦੇ ਸਾਲ ਵਾਲੀ ਵੋਟ ਬਣੀ ਹੋਈ ਕਿਸੇ ਥਾਂ ਵੋਟਰ ਸਾਬਤ ਕਰੇ, ਜਿੱਦਾਂ ਵੀ ਹੁੰਦੀ ਹੈ, ਕਰੇ ਅਤੇ ਸਾਬਤ ਨਹੀਂ ਕਰ ਸਕਦਾ ਤਾਂ ਇਸ ਨਾਕਾਮੀ ਪਿੱਛੋਂ ਪੈਣ ਵਾਲੇ ਕਈ ਨਵੇਂ ਚੱਕਰ ਭੁਗਤਣ ਲਈ ਤਿਆਰ ਰਹੇ। ਬੈਠੇ-ਬਿਠਾਇਆਂ ਇਸ ਮੁਸੀਬਤ ਦੀ ਬਿੱਜ ਲੋਕਾਂ ਦੇ ਸਿਰ ਕਿਉਂ ਪਾਈ ਗਈ ਹੈ, ਇਹ ਗੱਲ ਆਮ ਲੋਕ ਕਦੇ ਨਹੀਂ ਜਾਣ ਸਕਦੇ।

ਜਿਹੜੇ ਲੋਕ ਕਿਸੇ ਦੂਜੇ ਰਾਜ ਵਿੱਚ ਚਲੇ ਗਏ, ਉਨ੍ਹਾਂ ਵਿੱਚ ਵਿਆਹ ਕਰਵਾ ਕੇ ਗਈਆਂ ਲੜਕੀਆਂ ਤੇ ਕਾਰੋਬਾਰ ਜਾਂ ਰੁਜ਼ਗਾਰ ਲਈ ਜਾਣ ਵਾਲੇ ਲੋਕ ਵੀ ਹਨ ਤੇ ਪੰਜਾਬ ਛੱਡ ਕੇ ਪੱਕੇ ਵਸੇਬੇ ਲਈ ਪਰਵਾਸ ਕਰਨ ਵਾਲੇ ਲੋਕ ਵੀ ਹਨ, ਉਨ੍ਹਾਂ ਲਈ ਇਹ ਖੇਡ ਹੋਰ ਪੁਆੜੇ ਪਾਉਣ ਵਾਲੀ ਹੈ। ਏਦਾਂ ਦਾ ਪਰਵਾਸ ਕਰ ਚੁੱਕੇ ਪਰਵਾਰ ਦੀ ਇੱਕ ਧੀ ਲਈ ਬੀਤੇ ਦਿਨੀਂ ਜਦੋਂ ਮੈਂ ਇੱਕ ਜ਼ਿਲ੍ਹੇ ਦੇ ਚੋਣ ਦਫਤਰ ਨੂੰ ਫੋਨ ਕੀਤਾ ਤਾਂ ਓਥੋਂ ਸੰਬੰਧਤ ਅਫਸਰ ਨੇ ਦੱਸਿਆ ਕਿ ਏਦਾਂ ਦੇ ਕੰਮ ਵਾਸਤੇ ਫੋਨ ਕਰਨ ਵਾਲੇ ਤੁਸੀਂ ਪਹਿਲੇ ਨਹੀਂ, ਰੋਜ਼ ਦਰਜਨਾਂ ਦੇ ਹਿਸਾਬ ਨਾਲ ਫੋਨ ਆਉਂਦੇ ਤੇ ਸਾਰਿਆਂ ਦੀ ਇੱਕੋ ਮੰਗ ਇਹੋ ਹੁੰਦੀ ਹੈ ਕਿ 2003 ਤੋਂ ਪਹਿਲੀ ਕੋਈ ਵੋਟ ਸੂਚੀ ਚਾਹੀਦੀ ਹੈ। ਉਸ ਨੇ ਦੱਸਿਆ ਕਿ ਕਈ ਪਰਵਾਰਾਂ ਦੇ ਲੋਕ ਦਿੱਲੀ ਜਾਂ ਓਦੋਂ ਵੀ ਪਰੇ ਕਿਸੇ ਰਾਜ ਵਿੱਚ ਵਿਆਹੀ ਆਪਣੀ ਧੀ, ਜਿਸ ਨੇ ਕਈ ਵਾਰ ਕੋਈ ਬੱਚਾ ਚੁੱਕਿਆ ਹੁੰਦਾ ਹੈ, ਨੂੰ ਲੈ ਕੇ ਆਉਂਦੇ ਹਨ ਤਾਂ ਅਸੀਂ ਲੋਕ ਵੀ ਦੁਖੀ ਹੁੰਦੇ ਹਾਂ, ਪਰ ਕਈ ਵਾਰ ਉਨ੍ਹਾਂ ਦਾ ਦੱਸਿਆ ਪਤਾ ਵੇਖਣ ਪਿੱਛੋਂ ਵੀ ਵੋਟ ਨਹੀਂ ਮਿਲਦੀ। ਇਸ ਦਾ ਕਾਰਨ ਇਹ ਹੈ ਕਿ ਪਹਿਲਾਂ ਉਹ ਵੋਟ ਜਿਸ ਕਾਲੋਨੀ ਜਾਂ ਪਿੰਡ ਵਿੱਚ ਸੀ, ਉਸ ਦਾ ਨਾਂਅ ਬਦਲ ਗਿਆ ਹੋ ਸਕਦਾ ਹੈ ਅਤੇ ਨਾਂਅ ਬੇਸ਼ੱਕ ਨਾ ਬਦਲਿਆ ਹੋਵੇ, ਕਈ ਵਾਰੀ ਉਹ ਚੋਣ ਹਲਕਾ ਬਦਲ ਜਾਂਦਾ ਹੈ ਅਤੇ ਅੱਜ ਵਾਲੀਆਂ ਲਿਸਟਾਂ ਤੋਂ ਉਸ ਵਕਤ ਵਾਲੇ ਚੋਣ ਹਲਕੇ ਦਾ ਕੋਈ ਸੰਕੇਤ ਲੱਭਣ ਸੌਖਾ ਨਹੀਂ ਹੁੰਦਾ। ਨਤੀਜੇ ਵਜੋਂ ਕਈ ਵਾਰ ਏਦਾਂ ਦੇ ਪਰਵਾਰਾਂ ਨੂੰ ਕਈ ਗੇੜੇ ਲਾਉਣੇ ਪੈਂਦੇ ਹਨ ਤਾਂ ਬਾਹਰ ਇਹ ਪ੍ਰਚਾਰ ਹੋਈ ਜਾਂਦਾ ਹੈ ਕਿ ਦਫਤਰ ਵਾਲੇ ਕੁਝ ਕਰਦੇ ਨਹੀਂ, ਸ਼ਾਇਦ ਕੁਝ ਚੜ੍ਹਾਵਾ ਭਾਲਦੇ ਹਨ, ਜਦ ਕਿ ਇਹੋ ਜਿਹੀ ਗੱਲ ਨਹੀਂ ਹੁੰਦੀ ਤੇ ਮਾਮਲਾ ਉਸ ਸਾਲ ਅਤੇ ਅੱਜ ਦੇ ਸਮੇਂ ਦੀ ਵੋਟਾਂ ਬਣਾਉਣ ਦੀ ਪ੍ਰਕਿਰਿਆ ਅਤੇ ਹਲਕਾਬੰਦੀ ਬਦਲ ਗਈ ਕਾਰਨ ਬੇਹੱਦ ਉਲਝਿਆ ਹੁੰਦਾ ਹੈ।

ਕੁਝ ਗੱਲਾਂ ਏਦਾਂ ਦੀਆਂ ਅਣਕਿਆਸੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ। ਪਿਛਲੇ ਦਿਨੀਂ ਸਾਨੂੰ ਚੰਡੀਗੜ੍ਹ ਦੀ ਸੁਖਨਾ ਲੇਕ ਉੱਤੇ ਇੱਕ ਨੌਜਵਾਨ ਮਿਲ ਗਿਆ। ਕੁਝ ਮਿੰਟ ਦੀ ਜਾਣ-ਪਛਾਣ ਦੇ ਬਾਅਦ ਜਦੋਂ ਅਸੀਂ ਪੁੱਛਿਆ ਕਿ ਕਿੱਥੋਂ ਦਾ ਹੈ ਤਾਂ ਕਹਿਣ ਲੱਗਾ : ਅੱਜਕੱਲ੍ਹ ਤਾਂ ਕਿਤੋਂ ਦਾ ਵੀ ਨਹੀਂ। ਅਸੀਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਪੰਜਾਹ ਸਾਲਾਂ ਦੇ ਨੇੜੇ ਉਮਰ ਹੈ, ਬਚਪਨ ਵਿੱਚ ਮਾਂ-ਬਾਪ ਪੰਜਾਬ ਤੋਂ ਉੱਠੇ ਤੇ ਦੱਖਣ ਦੇ ਇੱਕ ਰਾਜ ਵਿੱਚ ਚਲੇ ਗਏ ਸਨ।

ਉਸ ਦੀ ਪਹਿਲੀ ਵੋਟ ਓਥੇ ਜਾ ਕੇ ਬਣੀ ਸੀ। ਪਿੱਛੋਂ ਬਾਪੂ ਮਰ ਗਿਆ ਤੇ ਮਾਂ ਸਾਧਾਰਨ ਔਰਤ ਹੈ, ਜਿਸ ਸ਼ਹਿਰ ਤੋਂ ਪਰਵਾਰ ਗਿਆ ਸੀ, ਉਸ ਦੇ ਮੁਹੱਲੇ ਅਤੇ ਗਲੀ ਤੱਕ ਬਾਰੇ ਖਾਸ ਕੁਝ ਨਹੀਂ ਜਾਣਦੀ। ਏਨੇ ਸਾਲਾਂ ਪਿੱਛੋਂ ਉਸ ਮੁਹੱਲੇ ਨੂੰ ਲੱਭਣਾ ਵੀ ਮੁਸ਼ਕਲ ਹੈ ਅਤੇ ਓਥੋਂ ਦੇ ਲੋਕ ਵੀ ਸਾਡੇ ਪਰਵਾਰ ਬਾਰੇ ਭੁੱਲ ਚੁੱਕੇ ਹਨ। ਸਾਨੂੰ ਚੋਣ ਕਮਿਸ਼ਨ ਦੇ ਬੀ.ਐੱਲ.ਓ. ਪੁੱਛਦੇ ਹਨ ਕਿ ਪੰਜਾਬ ਦੇ ਕਿਹੜੇ ਹਲਕੇ ਦੇ ਕਿਹੜੇ ਬੂਥ ਉੱਤੇ ਸਾਡੀਆਂ ਵੋਟਾਂ ਹੁੰਦੀਆਂ ਸਨ ਤੇ ਸਾਨੂੰ ਮਾਂ-ਪੁੱਤਰ ਨੂੰ ਪਤਾ ਨਹੀਂ ਲੱਗਦਾ। ਉਸ ਦਾ ਕਹਿਣਾ ਸੀ ਕਿ ਉਹ ਦੂਸਰੀ ਵਾਰ ਆਇਆ ਹੈ, ਪਰ ਜਦੋਂ ਮੁਹੱਲਾ ਨਹੀਂ ਲੱਭਦਾ ਤਾਂ ਵੋਟ ਵਾਲਾ ਸਬੂਤ ਕਿੱਥੋਂ ਲੱਭ ਕੇ ਪੇਸ਼ ਕਰ ਸਕੇਗਾ? ਪਤਾ ਨਹੀਂ ਉਸ ਵਾਂਗ ਕਿੰਨੇ ਹੋਰ ਪਰਵਾਰਾਂ ਦੇ ਲੋਕ ਏਸੇ ਤਰ੍ਹਾਂ ਧੱਕੇ ਖਾਣ ਲਈ ਦੂਰ ਦੇ ਰਾਜਾਂ ਤੋਂ ਪੰਜਾਬ ਅਤੇ ਪੰਜਾਬ ਤੋਂ ਦੂਰ-ਦੁਰਾਡੇ ਇਲਾਕਿਆਂ ਤੱਕ ਦੀ ਖੇਹ ਛਾਨਣ ਵਾਸਤੇ ਤੁਰੇ ਫਿਰਦੇ ਹੋਣਗੇ ਅਤੇ ਜਵਾਬ ਵਿੱਚ ਉਨ੍ਹਾਂ ਨੂੰ ਕੁਝ ਲੱਭਦਾ ਨਹੀਂ ਹੋਵੇਗਾ। ਉਨ੍ਹਾਂ ਦਾ ਦੁੱਖ ਕੌਣ ਸਮਝੇਗਾ ?

ਪੰਜਾਬ ਵਿੱਚ ਇਹ ਪ੍ਰਕਿਰਿਆ ਅਜੇ ਪਿਛਲੇ ਦਿਨੀਂ ਸ਼ੁਰੂ ਕੀਤੀ ਗਈ ਤੇ ਪਹਿਲੇ ਗੇੜ ਵਿੱਚ ਹੀ ਪਤਾ ਨਹੀਂ ਕਿੰਨੇ ਲੋਕ ਇਸ ਦੇ ਸਤਾਏ ਹੋਏ ਰਾਤਾਂ ਦੀ ਨੀਂਦ ਤੇ ਦਿਨ ਦਾ ਚੈਨ ਗੁਆਈ ਬੈਠੇ ਹਨ। ਅਗਲੇ ਦਿਨੀਂ ਚੋਣ ਕਮਿਸ਼ਨ ਦੇ ਸਟਾਫ ਨੇ ਜਦੋਂ ਉਨ੍ਹਾਂ ਦੀ 2003 ਤੋਂ ਪਹਿਲਾਂ ਵਾਲੀ ਰਿਹਾਇਸ਼ ਤੇ ਉਸ ਵੇਲੇ ਬਣਾਈ ਵੋਟ ਸਾਬਤ ਕਰਨ ਲਈ ਸਖਤੀ ਕਰਨੀ ਸ਼ੁਰੂ ਕੀਤੀ, ਤਾਂ ਇਸ ਮੁਸੀਬਤ ਦੇ ਪੱਧਰ ਦਾ ਅਸਲੀ ਅਹਿਸਾਸ ਓਦੋਂ ਹੋਵੇਗਾ।

ਬਹੁਤ ਸਾਰੇ ਲੋਕ ਅਜੇ ਤੱਕ ਇਹ ਸਮਝੀ ਫਿਰਦੇ ਹਨ ਕਿ ਕੁਝ ਨਹੀਂ ਹੋਣ ਲੱਗਾ। ਕਬੂਤਰ ਅੱਖਾਂ ਮੀਟ ਲਵੇ ਤਾਂ ਬਿੱਲੀ ਮੁੜ ਨਹੀਂ ਜਾਂਦੀ ਹੁੰਦੀ। ਜਿੱਦਾਂ ਦੀ ਮੁਸ਼ਕਲ ਅੱਜ ਤੱਕ ਅਸੀਂ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਆਈ ਵੇਖ ਕੇ ਅਣਗੌਲੀ ਕਰਦੇ ਰਹੇ ਸਾਂ, ਉਸ ਦੀ ਆਮਦ ਨਾਲ ਜਿੰਦਾਂ ਦੀ ਹਲਚਲ ਜਿਹੀ ਮਹਿਸੂਸ ਹੋਣ ਲੱਗੀ ਹੈ, ਇਸ ਪਿੱਛੋਂ ਅਗਲੇ ਸਾਲ ਆਪਣੇ ਪੰਜਾਬ ਦੇ ਭਵਿੱਖ ਲਈ ਵੋਟ ਪਾਉਣ ਦਾ ਸਮਾਂ ਉਡੀਕਣ ਦੀ ਥਾਂ ਲੋਕਾਂ ਨੂੰ ਆਪਣਾ ਭਾਰਤੀ ਹੋਣਾ ਸਾਬਤ ਕਰਨ ਦੇ ਅਰਥ ਵੀ ਸਮਝ ਪੈਣ ਲੱਗ ਸਕਦੇ ਹਨ।

# ਏਸ਼ੀਆ ਦੁਨੀਆਂ ਭਰ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੈ।

-ਡਾ. ਸਤਿਆਵਾਨ 'ਸੌਰਭ'
ਪੀ.ਐੱਚ.ਡੀ.
ਭਿਵਾਨੀ, ਹਰਿਆਣਾ
94665-26148,
01255281381
ਪੰਜਾਬ ਮੇਲ USA



ਏਸ਼ੀਆ ਦਾ ਭੂ-ਰਾਜਨੀਤਿਕ ਦ੍ਰਿਸ਼ ਸਦੀਆਂ ਤੋਂ ਟਕਰਾਅ, ਦਖਲਅੰਦਾਜ਼ੀ ਅਤੇ ਸਾਜ਼ਿਸ਼ਾਂ ਨਾਲ ਭਰਿਆ ਰਿਹਾ ਹੈ। ਇਹ ਮਹਾਂਦੀਪ ਨਾ ਸਿਰਫ਼ ਆਬਾਦੀ ਅਤੇ ਸੱਭਿਆਚਾਰ ਦਾ ਕੇਂਦਰ ਹੈ, ਸਗੋਂ ਕੁਦਰਤੀ ਸਰੋਤਾਂ ਦੇ ਮਾਮਲੇ ਵਿਚ ਵੀ ਦੁਨੀਆਂ ਦਾ ਸਭ ਤੋਂ ਅਮੀਰ ਖੇਤਰ ਮੰਨਿਆ ਜਾਂਦਾ ਹੈ। ਫਿਰ ਵੀ, ਵਿਅੰਗਾਤਮਕ ਤੌਰ 'ਤੇ, ਇਹੀ ਏਸ਼ੀਆ ਵਾਰ-ਵਾਰ ਯੁੱਧ, ਅਸਥਿਰਤਾ ਅਤੇ ਗਰੀਬੀ ਦੀਆਂ ਅੱਗਾਂ ਵਿਚ ਡੁੱਬਿਆ ਰਿਹਾ ਹੈ। ਭਾਵੇਂ ਇਹ ਈਰਾਨ-ਪਾਕਿਸਤਾਨ ਸਰਹੱਦ 'ਤੇ ਵਧਦਾ ਤਣਾਅ ਹੋਵੇ ਜਾਂ ਕੰਬੋਡੀਆ ਅਤੇ ਥਾਈਲੈਂਡ ਵਿਚਕਾਰ ਸਰਹੱਦੀ ਟਕਰਾਅ, ਇਹ ਘਟਨਾਵਾਂ ਸਿਰਫ਼ ਸੰਜੋਗ ਨਹੀਂ ਜਾਪਦੀਆਂ। ਇਨ੍ਹਾਂ ਦੇ ਪਿੱਛੇ, ਇੱਕ ਵਿਆਪਕ ਵਿਸ਼ਵਵਿਆਪੀ ਰਣਨੀਤੀ ਕੰਮ ਕਰ ਰਹੀ ਜਾਪਦੀ ਹੈ, ਜਿਸ ਵਿਚ ਬਾਹਰੀ ਸ਼ਕਤੀਆਂ ਏਸ਼ੀਆ ਨੂੰ ਅਸ਼ਾਂਤੀ ਵਿਚ ਰੱਖ ਕੇ ਆਪਣੇ ਹਿੱਤਾਂ ਦੀ ਪੈਰਵੀ ਕਰਦੀਆਂ ਹਨ। ਏਸ਼ੀਆ ਨੂੰ ਸੜਨ ਦਿਓ ਅਤੇ ਵਿਕਸਿਤ ਦੇਸ਼ਾਂ ਦੇ ਖਜ਼ਾਨੇ ਭਰ ਜਾਣ - ਇਹ ਇਸ ਰਾਜਨੀਤੀ ਦਾ ਨੰਗਾ ਸੱਚ ਹੈ।

ਗਲੋਬਲ ਸਾਊਥ ਦੇ ਦੇਸ਼ ਸਰੋਤਾਂ ਨਾਲ ਭਰਪੂਰ ਹਨ ਪਰ ਫੈਸਲਾ ਲੈਣ ਦੀ ਸ਼ਕਤੀ ਦੀ ਘਾਟ ਹੈ। ਤੇਲ, ਗੈਸ, ਕੋਲਾ, ਦੁਰਲੱਭ ਖਣਿਜ, ਉਪਜਾਊ ਜ਼ਮੀਨ ਅਤੇ ਨੌਜਵਾਨ ਆਬਾਦੀ ਹੋਣ ਦੇ ਬਾਵਜੂਦ - ਇਹ ਦੇਸ਼ ਕਰਜ਼ੇ, ਬੇਰੁਜ਼ਗਾਰੀ ਅਤੇ ਅਸਥਿਰਤਾ ਵਿਚ ਫਸੇ ਹੋਏ ਹਨ। ਇਸਦਾ ਮੂਲ ਕਾਰਨ ਸਿਰਫ਼ ਅੰਦਰੂਨੀ ਕਮਜ਼ੋਰੀਆਂ ਨਹੀਂ ਹਨ, ਸਗੋਂ ਉਹ ਵਿਸ਼ਵ ਪ੍ਰਣਾਲੀ ਹੈ, ਜੋ ਉਨ੍ਹਾਂ ਨੂੰ ਦਹਾਕਿਆਂ ਤੱਕ ਨਿਰਭਰ ਰੱਖਣ ਲਈ ਤਿਆਰ ਕੀਤੀ ਗਈ ਹੈ। ਵਿਕਸਿਤ ਦੇਸ਼ਾਂ ਨੇ ਬਸਤੀਵਾਦੀ ਸਮੇਂ ਦੌਰਾਨ ਜੋ ਲੁੱਟ ਸ਼ੁਰੂ ਕੀਤੀ ਸੀ, ਉਹ ਅੱਜ ਵੀ ਨਵੇਂ ਰੂਪਾਂ ਵਿਚ ਜਾਰੀ ਹੈ - ਕਦੇ ਮੁਕਤ ਵਪਾਰ ਦੇ ਨਾਮ 'ਤੇ, ਕਦੇ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਆੜ ਵਿਚ।

ਈਰਾਨ-ਪਾਕਿਸਤਾਨ ਤਣਾਅ ਇਸਦੀ ਤਾਜ਼ਾ ਉਦਾਹਰਣ ਹੈ। ਈਰਾਨ 'ਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਪਾਬੰਦੀਆਂ ਨੇ ਇਸਦੀ ਆਰਥਿਕਤਾ ਨੂੰ ਕਮਜ਼ੋਰ ਕਰ ਦਿੱਤਾ ਹੈ, ਜਦੋਂ ਕਿ ਪਾਕਿਸਤਾਨ ਵਿਦੇਸ਼ੀ ਕਰਜ਼ੇ ਅਤੇ ਆਰਥਿਕ ਦਬਾਅ ਹੇਠ ਜੀਅ ਰਿਹਾ ਹੈ। ਸਿੱਟੇ ਵਜੋਂ, ਵਧਦਾ ਸਰਹੱਦੀ ਤਣਾਅ ਹੁਣ ਸਿਰਫ਼ ਇੱਕ ਸਥਾਨਕ ਮੁੱਦਾ ਨਹੀਂ ਰਿਹਾ। ਬਲੋਚਿਸਤਾਨ ਵਰਗੇ ਸੰਵੇਦਨਸ਼ੀਲ ਖੇਤਰਾਂ ਵਿਚ ਅਸਥਿਰਤਾ ਦੋਵਾਂ ਦੇਸ਼ਾਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕਰ ਸਕਦੀ ਹੈ। ਜੇਕਰ ਇਹ ਤਣਾਅ ਵਧਦਾ ਹੈ, ਤਾਂ ਦੱਖਣੀ ਏਸ਼ੀਆ ਅਤੇ ਪੱਛਮੀ ਏਸ਼ੀਆ ਵਿਚ ਊਰਜਾ ਮਾਰਗਾਂ ਵਿਚ ਵਿਘਨ ਪਵੇਗਾ। ਤੇਲ ਅਤੇ ਗੈਸ ਦੀਆਂ ਕੀਮਤਾਂ ਵਧਣਗੀਆਂ, ਜਿਸਦਾ ਸਿੱਧਾ ਫਾਇਦਾ ਉਨ੍ਹਾਂ ਸ਼ਕਤੀਆਂ ਨੂੰ ਹੋਵੇਗਾ, ਜੋ ਵਿਸ਼ਵ ਬਾਜ਼ਾਰਾਂ ਨੂੰ ਨਿਯੰਤਰਿਤ ਕਰਦੀਆਂ ਹਨ। ਜਦੋਂਕਿ ਯੁੱਧ ਏਸ਼ੀਆ ਵਿਚ ਹੋ ਸਕਦਾ ਹੈ, ਮੁਨਾਫ਼ਾ ਕਿਤੇ ਹੋਰ ਹੋਵੇਗਾ।

ਇਤਿਹਾਸ ਗਵਾਹ ਹੈ ਕਿ ਬਾਹਰੀ ਤਾਕਤਾਂ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਸਥਾਨਕ ਟਕਰਾਵਾਂ ਨੂੰ ਭੜਕਾਉਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕਰਦੀਆਂ ਰਹੀਆਂ ਹਨ। ਕਈ ਵਾਰ ਉਹ ਵਿਚੋਲੇ ਵਜੋਂ ਕੰਮ ਕਰਦੇ ਹਨ, ਅਤੇ ਕਈ ਵਾਰ ਉਹ ਫੌਜੀ ਸਹਾਇਤਾ ਅਤੇ ਸੁਰੱਖਿਆ ਦੀ ਆੜ ਵਿਚ ਆਪਣੇ ਆਧਾਰ ਸਥਾਪਤ ਕਰਦੇ ਹਨ। ਅਫਗਾਨਿਸਤਾਨ ਇੱਕ ਪ੍ਰਮੁੱਖ ਉਦਾਹਰਣ ਹੈ, ਜਿੱਥੇ ਦਹਾਕਿਆਂ ਤੱਕ ਯੁੱਧ ਹੋਇਆ, ਸਮਾਜ ਟੁੱਟ ਗਿਆ, ਅਤੇ ਅੰਤ ਵਿਚ ਉਹੀ ਦੇਸ਼ ਜਿਸਦੀ ਉਹ "ਮਦਦ" ਕਰਨ ਦਾ ਦਾਅਵਾ ਕਰਦੇ ਸਨ, ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ। ਏਸ਼ੀਆ ਦੇ ਹੋਰ ਹਿੱਸਿਆਂ ਵਿਚ ਵੀ ਇਸੇ ਤਰ੍ਹਾਂ ਦੀਆਂ ਸਥਿਤੀਆਂ ਦੁਹਰਾਈਆਂ ਜਾ ਰਹੀਆਂ ਹਨ।

ਦੱਖਣ-ਪੂਰਬੀ ਏਸ਼ੀਆ ਵਿਚ ਕੰਬੋਡੀਆ-ਥਾਈਲੈਂਡ ਵਿਵਾਦ ਇਸੇ ਰਣਨੀਤੀ ਦਾ ਹਿੱਸਾ ਜਾਪਦਾ ਹੈ। ਸਰਹੱਦੀ ਖੇਤਰ ਵਿਚ ਮੰਦਰਾਂ ਅਤੇ ਇਤਿਹਾਸਕ ਸਥਾਨਾਂ 'ਤੇ ਤਣਾਅ ਕੋਈ ਨਵਾਂ ਨਹੀਂ ਹੈ, ਪਰ ਹਾਲ ਹੀ ਦੇ ਸਾਲਾਂ ਵਿਚ ਉਨ੍ਹਾਂ ਦੁਆਰਾ ਕੀਤੇ ਗਏ ਫੌਜੀ ਪ੍ਰਭਾਵ ਚਿੰਤਾਜਨਕ ਹਨ। ਇਸ ਖੇਤਰ ਨੂੰ ਦੁਰਲੱਭ ਖਣਿਜਾਂ ਨਾਲ ਭਰਪੂਰ ਮੰਨਿਆ ਜਾਂਦਾ ਹੈ, ਜਿਸਦੀ ਮੰਗ ਨਵੀਂ ਤਕਨਾਲੋਜੀ ਅਤੇ ਊਰਜਾ ਤਬਦੀਲੀ ਦੇ ਯੁੱਗ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਦੋਂ ਦੋ ਗੁਆਂਢੀ ਦੇਸ਼ ਟਕਰਾਅ ਵਿਚ ਸ਼ਾਮਲ ਹੁੰਦੇ ਹਨ, ਤਾਂ ਬਾਹਰੀ ਸ਼ਕਤੀਆਂ ਲਈ ਦਖਲ ਦੇਣਾ ਆਸਾਨ ਹੋ ਜਾਂਦਾ ਹੈ। ਫੌਜੀ ਸਹਾਇਤਾ, ਨਿਵੇਸ਼ ਅਤੇ ਕਰਜ਼ਿਆਂ ਦੇ ਬਦਲੇ ਸਰੋਤਾਂ ਤੱਕ ਪਹੁੰਚ ਪ੍ਰਾਪਤ ਕੀਤੀ ਜਾਂਦੀ ਹੈ। ਅੰਤ ਵਿਚ, ਸਥਾਨਕ ਆਬਾਦੀ ਨੂੰ ਨੁਕਸਾਨ ਹੁੰਦਾ ਹੈ - ਵਾਤਾਵਰਣ ਵਿਨਾਸ਼, ਵਿਸਥਾਪਨ ਅਤੇ ਆਰਥਿਕ ਅਸਮਾਨਤਾ ਦੇ ਰੂਪ ਵਿਚ।

ਗਲੋਬਲ ਸਾਊਥ ਵਿਚ ਇਹ ਸਥਿਤੀ ਅਚਾਨਕ ਪੈਦਾ ਨਹੀਂ ਹੋਈ। 20ਵੀਂ ਸਦੀ ਦੇ ਮੱਧ ਤੋਂ, ਵਿਕਸਿਤ ਦੇਸ਼ਾਂ ਨੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਨੂੰ ਕੱਚੇ ਮਾਲ ਦੇ ਸਰੋਤ ਅਤੇ ਤਿਆਰ ਵਸਤੂਆਂ ਲਈ ਇੱਕ ਬਾਜ਼ਾਰ ਵਜੋਂ ਵਰਤਿਆ ਹੈ। ਬਸਤੀਵਾਦੀ ਰਾਜ ਖਤਮ ਹੋ ਗਿਆ, ਪਰ ਆਰਥਿਕ ਢਾਂਚਾ ਬਦਲਿਆ ਨਹੀਂ ਰਿਹਾ। ਅੱਜ ਵੀ, ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਕਰਜ਼ੇ ਪ੍ਰਦਾਨ ਕਰਦੀਆਂ ਹਨ, ਪਰ ਬਦਲੇ ਵਿਚ, ਉਹ ਅਜਿਹੀਆਂ ਸ਼ਰਤਾਂ ਲਗਾਉਂਦੀਆਂ ਹਨ, ਜੋ ਇਨ੍ਹਾਂ ਦੇਸ਼ਾਂ ਨੂੰ ਉਨ੍ਹਾਂ ਦੀ ਨੀਤੀਗਤ ਆਜ਼ਾਦੀ ਤੋਂ ਵਾਂਝਾ ਕਰਦੀਆਂ ਹਨ। ਸਰੋਤਾਂ ਦਾ ਨਿੱਜੀਕਰਨ, ਸਬਸਿਡੀਆਂ ਵਿਚ ਕਮੀ ਅਤੇ ਆਯਾਤ ਨਿਰਭਰਤਾ - ਇਹ ਸਾਰੇ ਇੱਕੋ ਜਾਲ ਦਾ ਹਿੱਸਾ ਹਨ।

ਇਸ ਪ੍ਰਣਾਲੀ ਦੇ ਅੰਦਰ ਅੰਦਰੂਨੀ ਕਮਜ਼ੋਰੀਆਂ ਵੀ ਘੱਟ ਜ਼ਿੰਮੇਵਾਰ ਨਹੀਂ ਹਨ। ਭ੍ਰਿਸ਼ਟਾਚਾਰ, ਸੱਤਾ ਸੰਘਰਸ਼, ਨਸਲੀ ਅਤੇ ਧਾਰਮਿਕ ਵੰਡ ਇਨ੍ਹਾਂ ਦੇਸ਼ਾਂ ਨੂੰ ਅੰਦਰੋਂ ਖੋਰਾ ਲਗਾਉਂਦੇ ਹਨ। ਜਦੋਂ ਸਮਾਜ ਵੰਡੇ ਜਾਂਦੇ ਹਨ, ਤਾਂ ਬਾਹਰੀ ਦਖਲਅੰਦਾਜ਼ੀ ਆਸਾਨ ਹੋ ਜਾਂਦੀ ਹੈ। ਸੱਤਾ ਵਿਚ ਬੈਠੇ ਲੋਕ ਥੋੜ੍ਹੇ ਸਮੇਂ ਦੇ ਲਾਭ ਲਈ ਲੰਬੇ ਸਮੇਂ ਦੇ ਰਾਸ਼ਟਰੀ ਹਿੱਤਾਂ ਨਾਲ ਸਮਝੌਤਾ ਕਰਦੇ ਹਨ। ਲੋਕਾਂ ਦੀ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ, ਅਤੇ ਫੈਸਲੇ ਕੁਝ ਚੋਣਵੇਂ ਲੋਕਾਂ ਤੱਕ ਸੀਮਤ ਹੁੰਦੇ ਹਨ।

ਫਿਰ ਵੀ, ਇਹ ਮੰਨਣਾ ਇੱਕ ਵੱਡੀ ਗਲਤੀ ਹੋਵੇਗੀ ਕਿ ਗਲੋਬਲ ਸਾਊਥ ਬੇਵੱਸ ਹੈ। ਹੱਲ ਮੌਜੂਦ ਹਨ, ਬਸ਼ਰਤੇ ਇੱਛਾ ਸ਼ਕਤੀ ਹੋਵੇ। ਪਹਿਲਾ ਕਦਮ ਖੇਤਰੀ ਏਕਤਾ ਹੈ। ਏਸ਼ੀਆਈ ਦੇਸ਼ਾਂ ਨੂੰ ਆਪਣੇ ਵਿਵਾਦਾਂ ਨੂੰ ਗੱਲਬਾਤ ਅਤੇ ਸਹਿਯੋਗ ਰਾਹੀਂ ਹੱਲ ਕਰਨਾ ਚਾਹੀਦਾ ਹੈ। ਭਾਵੇਂ ਇਹ ਸਰਹੱਦੀ ਵਿਵਾਦ ਹੋਣ ਜਾਂ ਸਰੋਤਾਂ ਦੀ ਵੰਡ - ਹੱਲ ਜੰਗ ਵਿਚ ਨਹੀਂ, ਸਗੋਂ ਸਾਂਝੀ ਸਮਝ ਵਿਚ ਹੈ। ਜਦੋਂ ਗੁਆਂਢੀ ਦੇਸ਼ ਇਕੱਠੇ ਖੜ੍ਹੇ ਹੁੰਦੇ ਹਨ, ਤਾਂ ਬਾਹਰੀ ਤਾਕਤਾਂ ਲਈ ਗੁੰਜਾਇਸ਼ ਆਪਣੇ ਆਪ ਘੱਟ ਜਾਵੇਗੀ।

ਇੱਕ ਹੋਰ ਮਹੱਤਵਪੂਰਨ ਪਹਿਲੂ ਆਰਥਿਕ ਸਵੈ-ਨਿਰਭਰਤਾ ਹੈ। ਸਰੋਤਾਂ 'ਤੇ ਅਸਲ ਨਿਯੰਤਰਣ ਉਦੋਂ ਹੀ ਸੰਭਵ ਹੈ, ਜਦੋਂ ਸਥਾਨਕ ਉਦਯੋਗ ਅਤੇ ਜਨਤਕ ਖੇਤਰ ਮਜ਼ਬੂਤ ਹੋਣ। ਸਿਰਫ਼ ਕੱਚੇ ਮਾਲ ਨੂੰ ਨਿਰਯਾਤ ਕਰਨ ਦੀ ਬਜਾਏ ਮੁੱਲ ਜੋੜਨ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਤਕਨਾਲੋਜੀ ਦਾ ਤਬਾਦਲਾ ਜ਼ਰੂਰੀ ਹੈ, ਪਰ ਦੇਸ਼ ਦੇ ਅੰਦਰ ਉਤਪਾਦਨ ਸਮਰੱਥਾ ਵਿਕਸਿਤ ਕੀਤੀ ਜਾਣੀ ਚਾਹੀਦੀ ਹੈ। ਸਵੈ-ਨਿਰਭਰਤਾ ਦਾ ਮਤਲਬ ਦੁਨੀਆਂ ਤੋਂ ਕੱਟਣਾ ਨਹੀਂ ਹੈ, ਸਗੋਂ ਬਰਾਬਰੀ ਦੇ ਆਧਾਰ 'ਤੇ ਜੁੜਨਾ ਹੈ।

ਵਾਤਾਵਰਣ ਨਿਆਂ ਵੀ ਇਸ ਸੰਘਰਸ਼ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਊਰਜਾ ਤਬਦੀਲੀ ਦੇ ਨਾਮ 'ਤੇ ਕੀਤੀ ਜਾ ਰਹੀ ਵਧਦੀ ਮਾਈਨਿੰਗ ਦਾ ਖਮਿਆਜ਼ਾ ਆਦਿਵਾਸੀ ਅਤੇ ਪੇਂਡੂ ਭਾਈਚਾਰੇ ਭੁਗਤ ਰਹੇ ਹਨ। ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਉਹ ਹਨ, ਜਿਨ੍ਹਾਂ ਨੇ ਇਸ ਵਿਚ ਸਭ ਤੋਂ ਘੱਟ ਯੋਗਦਾਨ ਪਾਇਆ ਹੈ। ਇਸ ਲਈ, ਵਿਸ਼ਵ ਪੱਧਰ 'ਤੇ ਬਰਾਬਰ ਭਾਗੀਦਾਰੀ ਅਤੇ ਜਵਾਬਦੇਹੀ ਦੀ ਮੰਗ ਕਰਨਾ ਜ਼ਰੂਰੀ ਹੈ।

ਸਮਾਜਿਕ ਪੱਧਰ 'ਤੇ ਵੀ ਬਦਲਾਅ ਜ਼ਰੂਰੀ ਹੈ। ਸਿੱਖਿਆ ਪ੍ਰਣਾਲੀ ਨੂੰ ਸਿਰਫ਼ ਤਕਨੀਕੀ ਗਿਆਨ ਹੀ ਨਹੀਂ, ਸਗੋਂ ਇਤਿਹਾਸ, ਰਾਜਨੀਤੀ ਅਤੇ ਵਿਸ਼ਵ ਅਰਥਵਿਵਸਥਾ ਦੀ ਸਮਝ ਵੀ ਵਿਕਸਤ ਕਰਨੀ ਚਾਹੀਦੀ ਹੈ। ਸਮਾਜ ਨੂੰ ਪ੍ਰਚਾਰ ਅਤੇ ਗਲਤ ਜਾਣਕਾਰੀ ਤੋਂ ਬਚਾਉਣ ਲਈ ਮੀਡੀਆ ਅਤੇ ਸੂਚਨਾ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਨੌਜਵਾਨ ਪੀੜ੍ਹੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਥਾਨਕ ਸਮੱਸਿਆਵਾਂ ਅਕਸਰ ਵਿਸ਼ਵਵਿਆਪੀ ਢਾਂਚੇ ਨਾਲ ਜੁੜੀਆਂ ਹੁੰਦੀਆਂ ਹਨ।

ਅੰਤ ਵਿਚ, ਏਸ਼ੀਆ ਦਾ ਭਵਿੱਖ ਇਸਦੇ ਆਪਣੇ ਹੱਥਾਂ ਵਿਚ ਹੈ। ਜੇਕਰ ਇਹ ਮਹਾਂਦੀਪ ਸੰਘਰਸ਼ ਅਤੇ ਅਸਥਿਰਤਾ ਵਿਚ ਉਲਝਿਆ ਰਿਹਾ, ਤਾਂ ਇਸਦਾ ਪ੍ਰਭਾਵ ਪੂਰੀ ਦੁਨੀਆਂ 'ਤੇ ਪਵੇਗਾ। ਪਰ ਜੇਕਰ ਏਸ਼ੀਆ ਇੱਕਜੁੱਟ ਹੋ ਜਾਂਦਾ ਹੈ ਅਤੇ ਆਪਣੇ ਸਰੋਤਾਂ, ਆਪਣੀਆਂ ਨੀਤੀਆਂ ਅਤੇ ਆਪਣੇ ਸਮਾਜਾਂ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਲੈਂਦਾ ਹੈ, ਤਾਂ ਵਿਸ਼ਵ ਸ਼ਕਤੀ ਦਾ ਸੰਤੁਲਨ ਬਦਲ ਸਕਦਾ ਹੈ। ਇਹ ਸਿਰਫ਼ ਪ੍ਰਤੀਕਿਰਿਆ ਦਾ ਸਮਾਂ ਨਹੀਂ ਹੈ, ਸਗੋਂ ਆਤਮ-ਨਿਰੀਖਣ ਅਤੇ ਠੋਸ ਕਾਰਵਾਈ ਦਾ ਸਮਾਂ ਹੈ।

ਏਸ਼ੀਆ ਨੂੰ ਹੁਣ ਕਿਸੇ ਹੋਰ ਦਾ ਜੰਗੀ ਮੈਦਾਨ ਬਣਨ ਤੋਂ ਇਨਕਾਰ ਕਰਨਾ ਚਾਹੀਦਾ ਹੈ। ਸਰੋਤ ਸਾਡੇ ਹਨ, ਲੋਕ ਸਾਡੇ ਹਨ ਅਤੇ ਭਵਿੱਖ ਸਾਡਾ ਹੋਣਾ ਚਾਹੀਦਾ ਹੈ। ਗਲੋਬਲ ਸਾਊਥ ਨੂੰ ਨਿਆਂ ਦੀ ਲੋੜ ਹੈ, ਤਰਸ ਦੀ ਨਹੀਂ; ਸਤਿਕਾਰ ਦੀ, ਦਖਲਅੰਦਾਜ਼ੀ ਦੀ ਨਹੀਂ। ਇਹ ਸੰਘਰਸ਼ ਦੀ ਅਸਲ ਦਿਸ਼ਾ ਹੈ, ਅਤੇ ਇਹ ਇੱਕ ਨਿਆਂਪੂਰਨ ਵਿਸ਼ਵ ਵਿਵਸਥਾ ਦੀ ਨੀਂਹ ਬਣ ਸਕਦਾ ਹੈ।




ਈਰਾਨ-ਪਾਕਿਸਤਾਨ ਤਣਾਅ ਇਸਦੀ ਤਾਜ਼ਾ ਉਦਾਹਰਣ ਹੈ। ਈਰਾਨ 'ਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਪਾਬੰਦੀਆਂ ਨੇ ਇਸਦੀ ਆਰਥਿਕਤਾ ਨੂੰ ਕਮਜ਼ੋਰ ਕਰ ਦਿੱਤਾ ਹੈ, ਜਦੋਂ ਕਿ ਪਾਕਿਸਤਾਨ ਵਿਦੇਸ਼ੀ ਕਰਜ਼ੇ ਅਤੇ ਆਰਥਿਕ ਦਬਾਅ ਹੇਠ ਜੀਅ ਰਿਹਾ ਹੈ। ਸਿੱਟੇ ਵਜੋਂ, ਵਧਦਾ ਸਰਹੱਦੀ ਤਣਾਅ ਹੁਣ ਸਿਰਫ਼ ਇੱਕ ਸਥਾਨਕ ਮੁੱਦਾ ਨਹੀਂ ਰਿਹਾ। ਬਲੋਚਿਸਤਾਨ ਵਰਗੇ ਸੰਵੇਦਨਸ਼ੀਲ ਖੇਤਰਾਂ ਵਿਚ ਅਸਥਿਰਤਾ ਦੋਵਾਂ ਦੇਸ਼ਾਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕਰ ਸਕਦੀ ਹੈ। ਜੇਕਰ ਇਹ ਤਣਾਅ ਵਧਦਾ ਹੈ, ਤਾਂ ਦੱਖਣੀ ਏਸ਼ੀਆ ਅਤੇ ਪੱਛਮੀ ਏਸ਼ੀਆ ਵਿਚ ਊਰਜਾ ਮਾਰਗਾਂ ਵਿਚ ਵਿਘਨ ਪਵੇਗਾ। ਤੇਲ ਅਤੇ ਗੈਸ ਦੀਆਂ ਕੀਮਤਾਂ ਵਧਣਗੀਆਂ, ਜਿਸਦਾ ਸਿੱਧਾ ਫਾਇਦਾ ਉਨ੍ਹਾਂ ਸ਼ਕਤੀਆਂ ਨੂੰ ਹੋਵੇਗਾ, ਜੋ ਵਿਸ਼ਵ ਬਾਜ਼ਾਰਾਂ ਨੂੰ ਨਿਯੰਤਰਿਤ ਕਰਦੀਆਂ ਹਨ। ਜਦੋਂਕਿ ਯੁੱਧ ਏਸ਼ੀਆ ਵਿਚ ਹੋ ਸਕਦਾ ਹੈ, ਮੁਨਾਫ਼ਾ ਕਿਤੇ ਹੋਰ ਹੋਵੇਗਾ।

# ਅਕਾਲੀ ਲੀਡਰਸ਼ਿਪ ਗੱਦੀ ਹਥਿਆਉਣ ਲਈ ਭਾਜਪਾ ਨਾਲ ਸਮਝੌਤਾ ਕਰਨ ਲਈ ਲਿੱਲਕੜੀਆਂ ਕੱਢ ਰਹੀ ਹੈ !


ਜੰਗ ਸਿੰਘ ਮਰਸੱਡ
ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ : +1-415-603-7380
ਪੰਜਾਬ ਮੇਲ USA




ਅੱਜ ਕੌਣ ਨਹੀਂ ਜਾਣਦਾ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ 80% ਤੋਂ ਵਧੇਰੇ ਕੁਰਬਾਨੀਆਂ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਦਿੱਤੀਆਂ ਹਨ ਪਰ ਸਭ ਤੋਂ ਵੱਧ ਧੱਕਾ ਤੇ ਬੇਇਨਸਾਫੀ ਵੀ ਕਾਂਗਰਸ ਨੇ ਪੰਜਾਬ ਤੇ ਸਿੱਖਾਂ ਨਾਲ ਹੀ ਕੀਤੀ ਹੈ। ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸ਼੍ਰੀ ਵੱਲਭ ਭਾਈ ਪਟੇਲ ਨੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਹੋਣ ਦਾ ਸਰਕਾਰੀ ਪ੍ਰਮਾਣ ਪੱਤਰ ਜਾਰੀ ਕਰਕੇ ਇਹ ਵੀ ਕਿਹਾ ਗਿਆ ਸੀ ਕਿ ਸਿੱਖ ਜਰਾਇਮ ਪੇਸ਼ਾ ਕੌਮ ਹੈ, ਇਸ ਕਰਕੇ ਇਸ ਕੌਮ 'ਤੇ ਕਰੜੀ ਨਿਗਾਹ ਰੱਖੀ ਜਾਵੇ। ਬੱਸ ਇਸ ਤੋਂ ਹੀ ਆਜ਼ਾਦ ਭਾਰਤ ਵਿਚ ਸਿੱਖਾਂ ਬਾਰੇ ਕਾਂਗਰਸ ਸਰਕਾਰ ਦਾ ਰਵੱਈਆ ਸਪੱਸ਼ਟ ਹੋ ਗਿਆ ਸੀ ਕਿ ਭਵਿੱਖ ਵਿਚ ਇਸ ਪਾਰਟੀ ਦਾ ਵਤੀਰਾ ਸਿੱਖਾਂ ਤੇ ਪੰਜਾਬੀਆ ਨਾਲ ਕਿਹੋ ਜਿਹਾ ਹੋਵੇਗਾ? ਜਿਸ ਦਾ ਸਿੱਖਰ 1984 ਵਿਚ ਹੋ ਨਿੱਬੜਿਆ, ਜਦੋਂ ਭਾਜਪਾ ਦੇ ਆਗੂ ਸ਼੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ 'ਤੇ ਇੰਨਾ ਦਬਾਅ ਪਾਇਆ ਕਿ ਉਸ ਨੂੰ ਸਿੱਖਾਂ ਦੇ ਸਭ ਤੋਂ ਮੁਕੱਦਸ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਫੌਜ ਰਾਹੀਂ ਟੈਂਕਾਂ ਨਾਲ ਹਮਲਾ ਕਰਨ ਲਈ ਮਜਬੂਰ ਕਰਕੇ ਉਸ ਕੋਲੋਂ ਨਾ ਚਾਹੁੰਦਿਆਂ ਹੋਇਆਂ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਵਾ ਦਿੱਤਾ। ਉਪਰੰਤ ਪੁਲਿਸ ਤੇ ਫੌਜ ਨੇ ਜਿਸ ਤਰ੍ਹਾਂ ਦਾ ਦਮਨ ਤੇ ਤਸ਼ੱਦਦ ਸਿੱਖ ਨੌਜੁਆਨੀ 'ਤੇ ਲਗਭਗ ਦਸ ਵਰ੍ਹੇ ਤੱਕ ਕੀਤਾ ਜਾਂਦਾ ਰਿਹਾ, ਜਿਹੜਾ ਏਨਾ ਦਰਦਨਾਕ ਹੋ ਕੇ ਨਿਕਲਿਆ ਕਿ ਸਰਹੱਦੀ ਪਿੰਡਾਂ ਵਿਚ ਵੀਹ ਵਰ੍ਹੇ ਤੱਕ ਨੌਜੁਆਨਾਂ ਦੀਆਂ ਬਰਾਤਾਂ ਨਹੀਂ ਸਨ ਢੁੱਕ ਸਕੀਆਂ। ਇਸ ਸਮੇਂ ਦੇਸ਼ ਵਿਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਜਿਸ ਨੂੰ ਆਰ.ਐੱਸ.ਐੱਸ. ਚਲਾ ਰਹੀ ਦੱਸੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਇਹ ਲਗਾਤਾਰ ਆ ਰਿਹਾ ਹੈ ਕਿ ਮੁੜ ਸਿੱਖ ਵਿਰੋਧੀ ਤਾਕਤਾਂ ਵਲੋਂ ਸਿੱਖ ਨੌਜੁਆਨੀ ਦਾ ਬੜੇ ਵੱਖਰੇ-ਵੱਖਰੇ ਨਾਟਕੀ ਢੰਗ ਨਾਲ ਘਾਣ ਕਰਨਾ ਸ਼ੁਰੂ ਕਰ ਦਿੱਤਾ ਹੈ, ਜੋ ਸਿੱਖ ਕੌਮ ਲਈ ਬੜੇ ਵੱਡੇ ਖਤਰੇ ਦਾ ਸੰਕੇਤ ਹੈ। ਦੁੱਖ ਤੇ ਹੈਰਾਨਗੀ ਦੀ ਗੱਲ ਇਹ ਹੈ ਕਿ ਸਾਡੀ ਸੁਆਰਥੀ ਤੇ ਲੁਟੇਰੇ ਅਕਾਲੀ ਦਲ ਦੀ ਅਖੌਤੀ ਬਾਦਲ ਲੀਡਰਸ਼ਿਪ ਜਿਹੜੀ ਹਰ ਸਮੇਂ ਸ੍ਰੀ ਅਕਾਲ ਤਖਤ ਨੂੰ ਮਹਾਨ ਹੈ ਕਹਿਣ ਦਾ ਰੱਟ ਲਗਾਉਂਦੀ ਰਹਿੰਦੀ ਰਹੀ ਹੈ, ਉਹ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਤੋਂ ਮੁਨਕਰ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਅਸਤੀਫਾ ਨਾ ਦੇ ਕੇ ਗੱਦੀ ਨਾਲ ਚਿੰਬੜੀ ਹੋਈ ਹੈ, ਜਦੋਂਕਿ ਸ੍ਰੀ ਅਕਾਲ ਤਖਤ ਵਲੋਂ ਸਪੱਸ਼ਟ ਹਦਾਇਤ ਵਿਚ ਕਿਹਾ ਗਿਆ ਸੀ ਕਿ ਸਿੱਖ ਕੌਮ ਦੀ ਮੌਜੂਦਾ ਲੀਡਰਸ਼ਿਪ ਸਿੱਖ ਪੰਥ ਵਿਚੋਂ ਆਪਣਾ ਵਕਾਰ ਗੁਆ ਚੁੱਕੀ ਹੈ। ਇਸ ਦੇ ਆਗੂਆਂ ਨੂੰ ਤੁਰੰਤ ਅਸਤੀਫਾ ਦੇ ਕੇ ਨਿਸ਼ਚਿਤ ਸਮੇਂ ਵਿਚ ਨਵੀਂ ਚੋਣ ਕਰਾਉਣੀ ਚਾਹੀਦੀ ਹੈ। ਸਿੱਖ ਕੌਮ ਇਸ ਵਰਤਾਰੇ ਨੂੰ ਮੂਕ ਦਰਸ਼ਕ ਬਣ ਕੇ ਵੇਖਦੀ ਆ ਰਹੀ ਹੈ, ਕਿਵੇਂ ਸ. ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਅਸਤੀਫਾ ਨਾ ਦੇ ਕੇ ਵਿਕਾਊ ਪ੍ਰੈੱਸ ਤੇ ਲੁਟੇਰੇ ਕਿਸਮ ਦੇ ਸਿੱਖ ਆਗੂਆਂ ਨੂੰ ਧੰਨ ਦਾ ਲਾਲਚ ਦੇ ਕੇ ਸੋਸ਼ਲ ਮੀਡੀਆ 'ਤੇ ਝੂਠਾ ਪ੍ਰਚਾਰ ਕਰਦਾ ਆ ਰਿਹਾ ਹੈ ਕਿ ਸਿੱਖ ਕੌਮ ਨੇ ਮੁੜ ਬਾਦਲਾਂ 'ਤੇ ਭਰੋਸਾ ਕਰਨਾ ਸ਼ੁਰੂ ਕਰ ਦਿੱਤਾ ਹੈ, ਜਦੋਂਕਿ ਹਕੀਕਤ ਵਿਚ ਸੋਸ਼ਲ ਮੀਡੀਆ 'ਤੇ ਸਿੱਖ ਕੌਮ ਦੀ ਨੌਜੁਆਨੀ ਵਲੋਂ ਦਿੱਤੇ ਗਏ ਪ੍ਰਭਾਵ ਸਪੱਸ਼ਟ ਕਰ ਰਹੇ ਹਨ ਕਿ ਬਾਦਲ ਪ੍ਰੈੱਸ ਵਲੋਂ ਸਿੱਖਰਾਂ ਦਾ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ, ਜਦੋਂਕਿ ਹਕੀਕਤ ਇਹ ਹੈ ਕਿ ਸਿੱਖ ਕੌਮ ਭਵਿੱਖ ਵਿਚ ਕਦੇ ਵੀ ਬਾਦਲ ਲੀਡਰਸ਼ਿਪ ਜਿਸ ਨੇ ਭਾਜਪਾ ਨਾਲ ਰੱਲ ਕੇ ਸਿੱਖ ਕੌਮ ਤੇ ਪੰਜਾਬ ਦਾ ਘਾਣ ਕੀਤਾ ਹੈ, ਇਸ ਬਾਦਲ ਅਕਾਲੀ ਦਲ 'ਤੇ ਵਿਸ਼ਵਾਸ ਕਰਕੇ ਇਸ ਨੂੰ ਕਦੇ ਵੀ ਮੂੰਹ ਲਗਾਉਣ ਨੂੰ ਤਿਆਰ ਨਹੀਂ। ਪੰਜਾਬ ਵਿਚ ਰੋਜ਼ਾਨਾ ਸਿੱਖ ਨੌਜੁਆਨੀ ਨੂੰ ਮਾਰਿਆ ਕੋਹਿਆ ਜਾ ਰਿਹਾ ਹੈ। ਦੁੱਖ ਇਸ ਗੱਲ ਦਾ ਹੈ ਕਿ ਕਿਸੇ ਵੀ ਅਕਾਲੀ ਦਲ ਨੇ ਇਸ ਹੋ ਰਹੇ ਅਨਿਆਏ ਵਿਰੁੱਧ ਆਵਾਜ਼ ਬੁਲੰਦ ਨਹੀਂ ਕੀਤੀ। ਮੈਨੂੰ ਇਹ ਲਿਖਦਿਆਂ ਬੜੀ ਸ਼ਰਮ ਆ ਰਹੀ ਹੈ ਕਿ ਸਾਰੇ ਅਕਾਲੀ ਦਲ ਕੀ ਸ੍ਰੀ ਅੰਮ੍ਰਿਤਸਰ ਅਕਾਲੀ ਦਲ (ਸ. ਮਾਨ), ਕੀ ਨਵਾਂ ਮੁੜ ਸਥਾਪਤ ਕੀਤਾ ਅਕਾਲੀ ਦਲ, ਬਾਦਲਾਂ ਦਾ ਅਕਾਲੀ ਦਲ ਤਾਂ ਪਹਿਲਾਂ ਹੀ ਭਾਜਪਾ ਦਾ ਪਿੱਠੂ ਹੈ, ਜਿਸ ਨੇ ਬਾਦਲਾਂ ਨੂੰ ਪੁੱਠੇ ਰਸਤੇ ਪਾ ਕੇ ਪੰਜਾਬ ਤੇ ਸਿੱਖਾਂ ਦੇ ਧਰਮ ਦਾ ਘਾਣ ਕਰਾਉਂਦਾ ਰਿਹਾ ਹੈ, ਉਸ ਨੇ ਤਾਂ ਸਿੱਖਾਂ ਦੇ ਹੱਕ ਵਿਚ ਕੀ ਬੋਲਣਾ ਹੈ? ਹਾਂ ਜੇਕਰ ਮਾੜੀ ਜਿਹੀ ਗੱਲ ਕੀਤੀ ਹੈ, ਤਾਂ ਉਹ ਸ. ਅੰਮ੍ਰਿਤਪਾਲ ਸਿੰਘ ਦਾ ਅਕਾਲੀ ਦਲ ਹੈ। ਬਾਕੀ ਸਾਰੇ ਅਕਾਲੀ ਦਲ ਸਿਰਫ ਮੂਕ ਦਰਸ਼ਕ ਬਣ ਕੇ ਸਿੱਖ ਨੌਜੁਆਨੀ ਦੇ ਹੋ ਰਹੇ ਘਾਣ ਨੂੰ ਵੇਖਦੇ ਨਹੀਂ ਆ ਰਹੇ ਹਨ, ਉਨ੍ਹਾਂ ਦਾ ਧਿਆਨ ਸਿਰਫ ਤੇ ਸਿਰਫ ਪੰਜਾਬ ਦੀ ਰਾਜ ਸੱਤਾ ਨੂੰ ਮੁੜ ਹਥਿਆਉਣ ਲਈ ਭਾਜਪਾ ਨਾਲ ਸਮਝੌਤਾ ਕਰਨ ਲਈ ਗਿੜਗਿੜਾਇਆ ਜ਼ਰੂਰ ਜਾ ਰਿਹਾ ਹੈ। ਜਿਸ ਤੋਂ ਇਨ੍ਹਾਂ ਸਭ ਦੀ ਪੰਜਾਬ ਦੇ ਕਿੰਨੇ ਕੁ ਹਿਤੈਸ਼ੀ ਹੋਣ ਦੀ ਝੱਲਕ ਜ਼ਰੂਰ ਸਪੱਸ਼ਟ ਨਜਰੀਂ ਪੈਂਦੀ ਹੈ। ਸਿੱਖ ਜਗਤ ਭਲੀਭਾਂਤ ਇਹ ਵੀ ਜਾਣਦਾ ਹੈ ਕਿ ਦੇਸ਼ ਵਿਚ ਕਾਂਗਰਸ ਤੋਂ ਬਾਅਦ ਰਾਜ ਕਰ ਰਹੀ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਖਾਸਾ ਤਾਂ ਘੱਟ ਗਿਣਤੀਆਂ, ਦਲਿਤਾਂ ਪ੍ਰਤੀ ਬੜਾ ਦਮਨਕਾਰੀ ਹੀ ਨਹੀਂ, ਬਲਕਿ ਸਿਖਰਾਂ ਦਾ ਸੰਕੀਰਨ ਵੀ ਹੈ। ਇਹ ਸਾਰੇ ਹੀ ਮੰਨੂਵਾਦੀ ਸਿਧਾਂਤ ਨੂੰ ਦੇਸ਼ ਵਿਚ ਲਾਗੂ ਕਰਨਾ ਚਾਹੁੰਦੇ ਹਨ। ਇਸੇ ਨੀਤੀ ਤਹਿਤ ਇਨ੍ਹਾਂ ਨੇ ਮੁਸਲਮਾਨਾਂ ਦੀ ਧਾਰਾ 370 ਤੇ 35 ਏ ਖਤਮ ਕੀਤੀ। ਫਿਰ ਦਹਿਸ਼ਤ ਦੇ ਸਾਏ ਹੇਠ ਉਨ੍ਹਾਂ ਦੇ ਸੂਬੇ ਜੰਮੂ ਕਸ਼ਮੀਰ ਦਾ ਨਾਂ ਦੇਸ਼ ਦੇ ਨਕਸ਼ੇ ਤੋਂ ਖਤਮ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਤੇ ਆਰ.ਐੱਸ.ਐੱਸ. ਇਹ ਹਰ ਹਰਬਾ ਖਰਬਾ ਵਰਤ ਕੇ ਪੰਜਾਬ ਤੇ ਸਿੱਖਾਂ ਨੂੰ ਹੀ ਦਬਾਉਣਾ ਨਹੀਂ ਚਾਹੁੰਦੀ, ਬਲਕਿ ਹਰ ਵਿੰਗੇ-ਟੇਢੇ ਢੰਗ ਨਾਲ ਪੰਜਾਬ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ, ਤਾਂ ਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਏ ਜਾਣ ਦਾ ਸੁਪਨਾ ਪੂਰਾ ਕੀਤਾ ਜਾ ਸਕੇ। ਆਰ.ਐੱਸ.ਐੱਸ. ਦੇ ਆਗੂ ਸ਼੍ਰੀ ਮੋਹਨ ਭਾਗਵਤ ਵਲੋਂ ਪੰਜਾਬ ਦੇ ਚੱਕਰ ਲਗਾਏ ਜਾ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਪੰਜਾਬ ਦੇ ਸਾਰੇ ਬਾਬਿਆਂ ਨਾਲ ਸੰਪਰਕ ਸਾਧੇ ਜਾ ਰਹੇ ਹਨ। ਭਾਜਪਾ ਨੂੰ ਮੁਸਲਮਾਨ ਤੇ ਸਿੱਖ ਹਿੰਦੂ ਰਾਸ਼ਟਰ ਬਣਾਉਣ ਦੇ ਵਿਰੋਧੀ ਨਜ਼ਰ ਆਉਂਦੇ ਹਨ। ਮੁਸਲਮਾਨਾਂ ਨੂੰ ਉਹ ਪਹਿਲਾਂ ਹੀ ਸਬਕ ਸਿੱਖਾ ਚੁੱਕਣ ਕਾਰਨ ਉਨ੍ਹਾਂ ਦੇ ਦਿਲ ਖੁੱਲ੍ਹ ਗਏ ਸਨ। ਇਸੇ ਚੌੜ ਵਿਚ ਉਨ੍ਹਾਂ ਨੇ ਤਿੰਨ ਕਿਸਾਨ ਵਿਰੋਧੀ ਬਿੱਲ ਲਿਆ ਕੇ ਸਿੱਖਾਂ ਨੂੰ ਦਬਾਉਣਾ ਚਾਹੁੰਦੇ ਸਨ। ਕਿਸਾਨੀ ਸੰਘਰਸ਼ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਵੇਖ ਲਿਆ ਕਿ ਪੰਜਾਬ ਤੇ ਹਰਿਆਣਾ ਦੇ ਜੁਝਾਰੂ ਕਿਸਾਨਾਂ ਨੇ ਸਾਰੇ ਦੇਸ਼ ਦੇ ਕਿਸਾਨਾਂ ਨੂੰ ਲਾਮਬੰਦ ਕਰਕੇ ਸਵਾ ਸਾਲ ਦਿੱਲੀ ਦੀਆ ਬਰੂਹਾਂ 'ਤੇ ਲਾਮਿਸਾਲ ਸੰਘਰਸ਼ ਕਰਕੇ ਮੋਦੀ ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਉਸ ਦੇ ਮੂੰਹ ਵਿਚੋਂ ਕਹੀ ਗੱਲ ਕਦੇ ਵਾਪਿਸ ਨਹੀਂ ਹੁੰਦੀ, ਉਸੇ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕੋਲੋਂ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਬਿੱਲ ਬਿਨਾ ਸ਼ਰਤ ਵਾਪਸ ਕਰਾ ਕੇ ਉਸ ਨੂੰ ਚਿੱਤ ਨਹੀਂ ਸੀ ਕੀਤਾ, ਬਲਕਿ ਸੰਸਾਰ ਦਾ ਨਵਾਂ ਇਤਿਹਾਸ ਵੀ ਚਿਤਰਿਆ ਸੀ। ਭਾਜਪਾ ਤੇ ਆਰ.ਐੱਸ.ਐੱਸ. ਨੇ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਪੰਜਾਬ ਤੇ ਸਿੱਖਾਂ ਨੂੰ ਜਬਰ ਨਾਲ ਦਬਾਇਆ ਨਹੀਂ ਜਾ ਸਕਦਾ। ਇਸ ਲਈ ਇੰਝ ਪ੍ਰਤੀਤ ਹੋ ਰਿਹਾ ਹੈ, ਜਿਵੇਂ ਉਸ ਨੇ ਨਵਾਂ ਪੈਂਤੜਾ ਅਪਣਾ ਲਿਆ ਹੈ ਕਿ ਸਿੱਧੇ ਰੂਪ ਵਿਚ ਪੰਜਾਬ ਨਾਲ ਟੱਕਰ ਨਾ ਲਵੋ। ਉਸ ਨੇ ਹੁਣ ਨਵੀਂ ਤਕਨੀਕ ਨਾਲ ਪਿਛਲੇ ਸਮੇਂ ਤੋਂ ਸਿੱਖ ਨੌਜੁਆਨੀ ਦਾ ਘਾਣ ਕਰਨਾ ਸ਼ੁਰੂ ਕੀਤਾ ਹੈ। ਪਿਛਲੀਆਂ ਵਾਪਰੀਆਂ ਘਟਨਾਵਾਂ 'ਤੇ ਜ਼ਰਾ ਝਾਤ ਮਾਰੋ। ਇਨ੍ਹਾਂ ਘਟਨਾਵਾਂ ਵਿਚ ਮਰਨ ਵਾਲੇ ਵੀ ਸਿੱਖ ਹਨ ਤੇ ਮਾਰਨ ਵਾਲੇ ਵੀ ਸਿੱਖ ਹੀ ਹਨ, ਭਾਵ ਦੋਹੇਂ ਤਰਫੀ ਜੇ ਖਾਤਮਾ ਹੋ ਰਿਹਾ ਹੈ, ਤਾਂ ਉਹ 'ਸਿੱਖਾਂ' ਦਾ ਹੀ ਹੋਇਆ। ਜਿਵੇਂ 1984 ਤੋਂ 1995 ਤੱਕ ਹੁੰਦਾ ਰਿਹਾ ਹੈ। ਇਸ ਵਰਤਾਰੇ ਨੂੰ ਸਿੱਖ ਸਿੱਖ ਕੌਮ ਤੇ ਲੀਡਰਸ਼ਿਪ ਨੂੰ ਸਮਝਣ ਦੀ ਜ਼ਰੂਰਤ ਹੈ। ਇਹ ਸਮਾਂ ਪੰਜਾਬ ਦੀ ਰਾਜ ਗੱਦੀ ਨੂੰ ਹੀ ਸਿਰਫ ਹਥਿਆਉਣ ਦਾ ਨਹੀਂ, ਬਲਕਿ ਸਿੱਖ ਕੌਮ ਨੂੰ ਬਚਾਉਣ ਦਾ ਵੀ ਹੈ। ਜੇਕਰ ਸਿੱਖ ਕੌਮ ਬੱਚ ਜਾਵੇਗੀ, ਤਾਂ ਪੰਜਾਬ ਦੀ ਰਾਜ ਗੱਦੀ ਵੀ ਮਿਲਦੀ ਰਹੇਗੀ। ਸਮੁੱਚਾ ਸਿੱਖ ਜਗਤ ਬੜੀ ਨੀਝ ਨਾਲ ਵੇਖ ਰਿਹਾ ਹੈ ਕਿ ਸਾਡੇ ਅਕਾਲੀ ਲੀਡਰ ਕੀ ਕੜ੍ਹੀ ਘੋਲ ਰਹੇ ਹਨ? ਇਸ ਸਮੇਂ ਉਨ੍ਹਾਂ ਦੀ ਸਭ ਤੋਂ ਵੱਡੀ ਤੇ ਸਿਰਮੌਰ ਜ਼ਿੰਮੇਵਾਰੀ ਸਿੱਖ ਕੌਮ ਨੂੰ ਬਚਾਉਣਾ ਹੈ, ਨਾ ਕਿ ਗੱਦੀ ਪ੍ਰਾਪਤ ਕਰਨ ਲਈ ਭਾਜਪਾ ਨਾਲ ਸਮਝੌਤਾ ਕਰਨ ਲਈ ਉਸ ਅੱਗੇ ਲਿੱਲਕੜੀਆਂ ਕੱਢਣ ਦਾ!! ਸਿੱਖ ਕੌਮ ਬੜੇ ਨਾਜ਼ੁਕ ਦੌਰ ਵਿਚੋਂ ਲੰਘਦੀ ਆ ਰਹੀ ਹੈ, ਉਸ ਕੋਲ ਕੁਰਬਾਨੀ ਕਰਨ ਵਾਲੀ ਤੇ ਨਿਰਸੁਅਰਥ ਅਕਾਲੀ ਲੀਡਰਸ਼ਿਪ ਦੀ ਵੱਡੀ ਘਾਟ ਹੈ। ਸਿੱਖ ਜਗਤ ਦੇ ਸਮੂਹ ਚਿੰਤਕਾਂ ਨੂੰ ਬੜੇ ਚਿਰ ਤੋਂ ਧਾਰਿਆ ਮੋਨ ਵਰਤ ਹੁਣ ਤੋੜਣਾ ਪੈਣਾ ਹੈ। ਇਸ ਲਈ ਉਨ੍ਹਾਂ ਨੂੰ ਇਕ ਸੂਝਵਾਨ ਸਿੱਖ ਆਗੂਆਂ ਦੀ ਇਕ ਕਮੇਟੀ ਬਣਾਉਣ ਦੀ ਜ਼ਰੂਰਤ ਹੈ। ਜੋ ਅਕਾਲੀ ਦਲਾਂ ਦੇ ਸਾਰੇ ਦਲਾਂ ਦੇ ਈਮਾਨਦਾਰ ਤੇ ਸਿਆਣੇ ਲੀਡਰਾਂ ਨੂੰ ਇੱਕਠੇ ਕਰਕੇ 1920 ਵਰਗਾ ਸਰਬ ਪ੍ਰਵਾਨਿਤ ਸੱਚੀ ਤੇ ਸੁੱਚੀ ਦਿੱਖ ਵਾਲਾ ਅਕਾਲੀ ਦਲ ਸਥਾਪਤ ਕਰਨ। ਇਸ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਹੋ ਸਕਣਾ!! ਇਹ ਹੁਣ ਸਿੱਖ ਜਗਤ ਦੇ ਚਿੰਤਕਾਂ ਨੇ ਵੇਖਣਾ ਹੈ ਕਿ ਉਨ੍ਹਾਂ ਨੇ ਵੀ ਹਾਲੇ ਤੱਕ ਮੂਕ ਦਰਸ਼ਕ ਬਣ ਕੇ ਸਭ ਕੁਝ ਵੇਖਦੇ ਰਹਿਣਾ ਜਾਂ ਕਿ ਸਿੱਖ ਕੌਮ ਨੂੰ ਬਚਾਉਣਾ ਹੈ। ਜੇਕਰ ਨਿਰਸੁਆਰਥ ਅਕਾਲੀ ਦਲ ਬਣ ਗਿਆ, ਤਾਂ ਸਮਝੋ ਫਿਰ ਪੰਜਾਬ ਵੀ ਬੱਚ ਗਿਆ ਤੇ ਉਸ ਦੀ ਨੌਜੁਆਨੀ ਵੀ ਸਾਂਭੀ ਗਈ।


ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸ਼੍ਰੀ ਵੱਲਭ ਭਾਈ ਪਟੇਲ ਨੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਹੋਣ ਦਾ ਸਰਕਾਰੀ ਪ੍ਰਮਾਣ ਪੱਤਰ ਜਾਰੀ ਕਰਕੇ ਇਹ ਵੀ ਕਿਹਾ ਗਿਆ ਸੀ ਕਿ ਸਿੱਖ ਜਰਾਇਮ ਪੇਸ਼ਾ ਕੌਮ ਹੈ, ਇਸ ਕਰਕੇ ਇਸ ਕੌਮ 'ਤੇ ਕਰੜੀ ਨਿਗਾਹ ਰੱਖੀ ਜਾਵੇ। ਬੱਸ ਇਸ ਤੋਂ ਹੀ ਆਜ਼ਾਦ ਭਾਰਤ ਵਿਚ ਸਿੱਖਾਂ ਬਾਰੇ ਕਾਂਗਰਸ ਸਰਕਾਰ ਦਾ ਰਵੱਈਆ ਸਪੱਸ਼ਟ ਹੋ ਗਿਆ ਸੀ ਕਿ ਭਵਿੱਖ ਵਿਚ ਇਸ ਪਾਰਟੀ ਦਾ ਵਤੀਰਾ ਸਿੱਖਾਂ ਤੇ ਪੰਜਾਬੀਆ ਨਾਲ ਕਿਹੋ ਜਿਹਾ ਹੋਵੇਗਾ? ਜਿਸ ਦਾ ਸਿੱਖਰ 1984 ਵਿਚ ਹੋ ਨਿੱਬੜਿਆ, ਜਦੋਂ ਭਾਜਪਾ ਦੇ ਆਗੂ ਸ਼੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ 'ਤੇ ਇੰਨਾ ਦਬਾਅ ਪਾਇਆ ਕਿ ਉਸ ਨੂੰ ਸਿੱਖਾਂ ਦੇ ਸਭ ਤੋਂ ਮੁਕੱਦਸ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਫੌਜ ਰਾਹੀਂ ਟੈਂਕਾਂ ਨਾਲ ਹਮਲਾ ਕਰਨ ਲਈ ਮਜਬੂਰ ਕਰਕੇ ਉਸ ਕੋਲੋਂ ਨਾ ਚਾਹੁੰਦਿਆਂ ਹੋਇਆਂ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਵਾ ਦਿੱਤਾ।




# ਔਰਤਾਂ ਨੂੰ ਸਵੈ ਪਹਿਚਾਣ ਲਈ ਕਿਸੇ ਸ਼ੌਕ/ਹੁਨਰ ਦੀ ਪ੍ਰਪੱਕਤਾ ਦੀ ਲੋੜ

- ਜਸਵਿੰਦਰ ਸਿੰਘ ਰੁਪਾਲ
0019375739812 (ਅਮਰੀਕਾ),
ਵਟਸਐਪ : +91-94175-33060
ਪੰਜਾਬ ਮੇਲ USA





ਅੰਤਰਰਾਸ਼ਟਰੀ ਔਰਤ ਦਿਵਸ 'ਤੇ ਹਰ ਵਿਅਕਤੀ, ਹਰ ਸੰਸਥਾ, ਸਰਕਾਰਾਂ ਅਤੇ ਔਰਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਔਰਤ ਦੀ ਅਜੋਕੀ ਦਸ਼ਾ ਅਤੇ ਦਿਸ਼ਾ ਤੇ ਵਿਚਾਰ ਕਰਦੀਆਂ ਹਨ। ਔਰਤ ਲਈ ਅਧਿਕਾਰਾਂ ਦੀ ਗੱਲ ਹੁੰਦੀ ਹੈ, ਸੁਰੱਖਿਆ ਦੀ ਗੱਲ ਹੁੰਦੀ ਹੈ, ਸਤਿਕਾਰ ਦੀ ਗੱਲ ਤੁਰਦੀ ਹੈ, ਆਰਥਿਕ ਬਰਾਬਰੀ ਦੀ ਰੁਜ਼ਗਾਰ ਦੀ ਗੱਲ ਤੁਰਦੀ ਹੈ। ਇਹ ਸਭ ਬਾਹਰੋਂ ਕੀਤੇ ਜਾਣ ਵਾਲੇ ਕੰਮ ਹਨ। ਇਨ੍ਹਾਂ ਸਭਨਾਂ ਦੀ ਲੋੜ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਨੂੰ ਅਤੇ ਸਮਾਜ ਨੂੰ ਔਰਤ ਨੂੰ ਆਰਥਿਕ ਬਰਾਬਰੀ ਅਤੇ ਸਮਾਜਿਕ ਬਰਾਬਰੀ ਦੇਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਅਤੇ ਇਹ ਯਤਨ ਸਿਰਫ ਗੱਲੀਂ ਬਾਤੀਂ ਨਹੀਂ, ਸਗੋਂ ਮਨ, ਬਚਨ ਅਤੇ ਕਰਮ ਰਾਹੀਂ ਅਸਲ ਅਰਥਾਂ ਵਿਚ ਲਾਗੂ ਕਰਨੇ ਚਾਹੀਦੇ ਹਨ। ਅਸੀਂ ਅੱਜ ਔਰਤ ਨੂੰ ਕੇਂਦਰ ਵਿਚ ਰੱਖ ਕੇ ਸਿਰਫ ਉਨ੍ਹਾਂ ਨੁਕਤਿਆਂ 'ਤੇ ਵਿਚਾਰ ਕਰਾਂਗੇ, ਜਿਹੜੇ ਉਸ ਦੇ ਖੁਦ ਦੇ ਕਰਨ ਵਾਲੇ ਹੋਣ। ਜਿਨ੍ਹਾਂ ਲਈ ਜ਼ਿਆਦਾ ਕਰਕੇ ਉਹ ਆਪ ਜਿੰਮੇਵਾਰ ਹੋਵੇ।

ਬਿਨਾਂ ਕੋਈ ਲੰਮੀ ਬਹਿਸ ਵਿਚ ਪੈਂਦਿਆ ਸਾਨੂੰ ਇਹ ਮੰਨਣ ਵਿਚ ਕੋਈ ਇਤਰਾਜ ਨਹੀਂ ਕਿ ਸਾਡੇ ਦੇਸ਼ ਵਿਚ ਅਜੇ ਮਰਦ-ਪ੍ਰਧਾਨ ਬਿਰਤੀ ਜੜ੍ਹੋਂ ਨਹੀਂ ਗਈ। ਸਰਕਾਰਾਂ ਦੇ, ਔਰਤ ਜਥੇਬੰਦੀਆਂ ਦੇ, ਵਿਦਵਾਨਾਂ ਦੇ ਯਤਨਾਂ ਨਾਲ ਇਸ ਬਿਰਤੀ ਨੂੰ ਕੁਝ ਠੱਲ੍ਹ ਜ਼ਰੂਰ ਪਈ ਹੈ, ਪਰ ਹਰ ਵਿਅਕਤੀ ਅਜੇ ਧੁਰ ਅੰਦਰੋਂ ਸਮਾਨਤਾ ਦਾ ਅਧਿਕਾਰ ਦੇਣ ਲਈ ਪੂਰਾ ਤਿਆਰ ਨਹੀਂ ਹੋਇਆ। ਔਰਤ 'ਤੇ ਹੋ ਰਹੇ ਜ਼ੁਲਮ, ਧੱਕੇ, ਵਧੀਕੀਆਂ ਵੀ ਕੁਝ ਹੱਦ ਤੱਕ ਅਜੇ ਵੀ ਜਾਰੀ ਹਨ। ਭਾਵੇਂ ਹਰ ਇਕ ਥਾਂ ਮਰਦ ਹੀ ਜ਼ਿੰਮੇਵਾਰ ਨਹੀਂ ਹੁੰਦਾ, ਪਰ ਫੇਰ ਵੀ ਉਸ ਨੂੰ ਪੂਰਾ ਬੇਕਸੂਰ ਵੀ ਨਹੀਂ ਕਿਹਾ ਜਾ ਸਕਦਾ। ਜੋ ਕੰਮ ਸਰਕਾਰਾਂ ਦੇ ਕਰਨ ਵਾਲੇ ਹਨ, ਸਮਾਜ ਦੇ ਜਾਂ ਮਰਦਾਂ ਦੇ ਕਰਨ ਵਾਲੇ ਹਨ, ਉਨ੍ਹਾਂ ਨੂੰ ਇੱਕ ਪਾਸੇ ਰੱਖ ਕੇ ਅਸੀਂ ਅੱਜ ਸਿਰਫ ਔਰਤ 'ਤੇ ਕੇਂਦਰਿਤ ਹੋ ਰਹੇ ਹਾਂ, ਅਤੇ ਉਨ੍ਹਾਂ ਨੁਕਤਿਆਂ ਵੱਲ ਧਿਆਨ ਦਿਵਾਉਣ ਦਾ ਯਤਨ ਕਰਦੇ ਹਾਂ, ਜਿਹੜੇ ਉਹ ਥੋੜ੍ਹੇ ਬਹੁਤ ਯਤਨਾਂ ਨਾਲ ਆਪ ਕਰ ਸਕਦੀ ਹੈ। ਜੋ ਕੰਮ ਉਸ ਨੂੰ ਆਪਣਾ ਸਵੈਮਾਣ ਬਣਾਉਣ ਲਈ ਖੁਦ ਕਰਨ ਲਈ ਉੱਦਮ ਕਰਦੇ ਰਹਿਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ਗੱਲ ਸਿੱਖਿਆ ਦੀ। ਇਹ ਤਸੱਲੀ ਵਾਲੀ ਗੱਲ ਹੈ ਕਿ ਪਹਿਲਾਂ ਦੇ ਮੁਕਾਬਲੇ ਲੜਕੀਆਂ ਦੀ ਸਿੱਖਿਆ ਵਿਚ ਕਾਫੀ ਸੁਧਾਰ ਆਇਆ ਹੈ। ਜਿੰਨੀ ਕੁ ਕਸਰ ਹੈ, ਉਸ ਨੂੰ ਪੂਰਾ ਕਰਨ ਲਈ ਲੜਕੀਆਂ ਨੂੰ ਪੱਤਰ-ਵਿਹਾਰ ਸਿੱਖਿਆ, ਆਨਲਾਈਨ ਸਿੱਖਿਆ ਆਦਿ ਵਰਗੇ ਤਰੀਕੀਆ ਰਾਹੀਂ ਹੋਰ ਪੜ੍ਹਨ ਲਈ ਮਾਪਿਆਂ 'ਤੇ ਜ਼ੋਰ ਪਾਉਣਾ ਚਾਹੀਦਾ ਹੈ, ਤਾਂ ਕਿ ਜਿਹੜੇ ਮਾਪੇ ਆਰਥਿਕ ਜਾਂ ਸਮਾਜਿਕ ਕਾਰਨਾਂ ਕਰਕੇ ਲੜਕੀ ਨੂੰ ਰੈਗੂਲਰ ਸਿੱਖਿਆ ਲੈਣ ਲਈ ਸ਼ਹਿਰ ਜਾਂ ਦੂਰ ਭੇਜਣ 'ਚ ਸਹਿਮਤ ਨਹੀਂ, ਉਹ ਵੀ ਘਰ ਬੈਠਿਆਂ ਪੜ੍ਹਾਉਣ ਲਈ ਸਹਿਮਤ ਹੋ ਸਕਦੇ ਹਨ। ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਸਿੱਖਿਆ ਲਈ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰ ਜੇ ਸਿੱਖਿਆ ਕਿਸੇ ਕਾਰਨ ਨਹੀਂ ਪ੍ਰਾਪਤ ਕਰ ਸਕੇ, ਨਿਰਾਸ਼ ਹੋਣ ਦੀ ਲੋੜ ਨਹੀਂ। ਬਹੁਤ ਕੁਝ ਐਸਾ ਹੈ, ਜਿਸ ਦੇ ਲਈ ਰਸਮੀ ਸਿੱਖਿਆ ਦੀ ਜ਼ਰੂਰਤ ਨਹੀਂ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਰੁਜ਼ਗਾਰ ਪ੍ਰਾਪਤ ਕਰਨਾ ਬਹੁਤ ਵੱਡਾ ਅਤੇ ਮਹੱਤਵਪੂਰਨ ਪੱਖ ਹੈ। ਔਰਤ ਦੀ ਆਰਥਿਕ ਆਜ਼ਾਦੀ ਦਾ ਆਧਾਰ ਹੈ, ਜਿਸ ਨੇ ਉਸ ਵਿਚ ਵਿਸ਼ਵਾਸ ਵੀ ਭਰਨਾ ਹੈ ਅਤੇ ਆਪਣੇ ਹੱਕ ਲੈਣ ਲਈ ਉਸਨੂੰ ਜਾਗ੍ਰਿਤ ਵੀ ਕਰਨਾ ਹੈ। ਪਰ ਨੌਕਰੀ ਜਾਂ ਰੁਜ਼ਗਾਰ ਪ੍ਰਾਪਤੀ ਉਸ ਦੇ ਆਪਣੇ ਹੱਥ ਵਿਚ ਨਹੀਂ। ਉਸਨੂੰ ਚਾਹੀਦਾ ਹੈ ਕਿ ਉਹ ਸਿਰਫ ਨੌਕਰੀ ਤੱਕ ਹੀ ਆਪਣੇ ਆਪ ਨੂੰ ਸੀਮਿਤ ਨਾ ਕਰੇ। ਸਵੈ ਰੁਜ਼ਗਾਰ ਦੇ ਬੇਅੰਤ ਮੌਕੇ ਹਨ। ਹੋਰ ਕਿੰਨੇ ਹੀ ਖੇਤਰ ਹਨ, ਜਿਨ੍ਹਾਂ ਰਾਹੀਂ ਉਹ ਸਿਰਫ ਆਪਣੇ ਦਿਮਾਗ ਦੀ ਸੁਚੱਜੀ ਵਰਤੋਂ ਕਰਕੇ ਹੋਰ ਧਨ ਕਮਾਉਣ ਦੇ ਤਰੀਕੇ ਲੱਭ ਸਕਦੀ ਹੈ। ਆਪਣੇ ਵਰਗੀਆਂ ਹੋਰ ਔਰਤਾਂ ਨੂੰ ਜੋੜ ਕੇ ਆਪ ਕੋਈ ਛੋਟੀ ਮੋਟੀ ਸੰਸਥਾ/ਕੰਪਨੀ ਖੋਲ੍ਹ ਕੇ ਕੰਮ ਕਰ ਸਕਦੀ ਹੈ। ਲੋੜ ਸਿਰਫ ਕੁਝ ਕਰਨ ਦੀ, ਕਰ ਦਿਖਾਉਣ ਦੀ ਲਗਨ ਦੀ ਹੈ।

ਹੁਣ ਤੱਕ ਔਰਤ, ਖਾਸ ਕਰਕੇ, ਭਾਰਤੀ ਔਰਤ ਨੇ ਆਪਣੇ ਸਮੇਂ ਦਾ ਜ਼ਿਆਦਾ ਹਿੱਸਾ ਰਸੋਈ ਵਿਚ, ਘਰੇਲੂ ਕੰਮਾਂ ਵਿਚ ਅਤੇ ਬੱਚਿਆਂ ਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਸਾਂਭ ਸੰਭਾਲ ਵਿਚ ਹੀ ਲਗਾਇਆ ਹੈ। (ਕੰਮ ਕਰਨ ਵਾਲੀਆਂ ਔਰਤਾਂ ਤੋਂ ਬਿਨਾਂ), ਪਰ ਇਸ ਸਭ ਵਿਚ ਉਸ ਨੂੰ ਕਿੰਨਾ ਕੁ ਮਾਣ-ਸਨਮਾਨ ਅਤੇ ਪਹਿਚਾਣ ਮਿਲੀ ਹੈ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਸਮਝਦੇ ਹਨ ਕਿ ਇਹ ਤਾਂ ਉਸਦਾ ਫਰਜ਼ ਹੈ। ਇਸ ਫਰਜ਼ ਪੂਰਤੀ ਲਈ ਉਸ ਨੂੰ ਬਾਕੀ ਸਮਾਜ ਤਾਂ ਕੀ, ਉਸ ਤੋਂ ਇਹ ਸੇਵਾਵਾਂ ਪ੍ਰਾਪਤ ਕਰਨ ਵਾਲੇ ਪਰਿਵਾਰ ਦੇ ਮੈਂਬਰ ਵੀ ਉਸਦੀ ਪ੍ਰਸ਼ੰਸਾ ਨਹੀਂ ਕਰਦੇ। ਸਗੋਂ ਕਿਤੇ ਮਾੜੀ ਮੋਟੀ ਹੋਈ ਗਲਤੀ ਨੂੰ ਚਿਤਾਰਨਾ ਕਦੇ ਨਹੀਂ ਭੁੱਲਦੇ। ਇਸ ਸਭ ਦਾ ਅਸਰ ਇਹ ਹੁੰਦਾ ਹੈ ਕਿ ਔਰਤ ਖੁਦ ਵੀ ਆਪਣੀ ਪਹਿਚਾਣ ਭੁੱਲ ਜਾਂਦੀ ਹੈ। ਉਹ ਕਿਸੇ ਦੀ ਪਤਨੀ ਹੈ, ਕਿਸੇ ਦੀ ਨੂੰਹ, ਧੀ, ਭੈਣ, ਮਾਂ ਹੈ, ਪਰ ਆਪ ਉਹ ਕੀ ਹੈ? ਕਿੱਥੇ ਹੈ, ਉਸਦਾ ਆਪਣਾ ਨਿੱਜ?

> **ਹੁਣ ਤੱਕ ਔਰਤ, ਖਾਸ ਕਰਕੇ, ਭਾਰਤੀ ਔਰਤ ਨੇ ਆਪਣੇ ਸਮੇਂ ਦਾ ਜ਼ਿਆਦਾ ਹਿੱਸਾ ਰਸੋਈ ਵਿਚ, ਘਰੇਲੂ ਕੰਮਾਂ ਵਿਚ ਅਤੇ ਬੱਚਿਆਂ ਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਸਾਂਭ ਸੰਭਾਲ ਵਿਚ ਹੀ ਲਗਾਇਆ ਹੈ। (ਕੰਮ ਕਰਨ ਵਾਲੀਆਂ ਔਰਤਾਂ ਤੋਂ ਬਿਨਾਂ), ਪਰ ਇਸ ਸਭ ਵਿਚ ਉਸ ਨੂੰ ਕਿੰਨਾ ਕੁ ਮਾਣ-ਸਨਮਾਨ ਅਤੇ ਪਹਿਚਾਣ ਮਿਲੀ ਹੈ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਸਮਝਦੇ ਹਨ ਕਿ ਇਹ ਤਾਂ ਉਸਦਾ ਫਰਜ਼ ਹੈ।**

99% ਔਰਤਾਂ ਨੇ ਆਪਣੇ ਆਪ ਨੂੰ ਸੋਹਣਾ ਅਤੇ ਜਵਾਨ ਲੱਗਣ ਲਈ ਜ਼ਰੂਰ ਕੋਸ਼ਿਸ਼ ਕੀਤੀ ਹੈ ਅਤੇ ਕਰਦੀਆਂ ਵੀ ਰਹਿੰਦੀਆਂ ਹਨ। ਪਰ ਅਸਿੱਧੇ ਤੌਰ 'ਤੇ ਇਹ ਵੀ ਉਸਦੇ ਆਪਣੇ ਲਈ ਨਹੀਂ ਹੈ। ਮਰਦ ਨੇ ਇੱਕ ਇਸੇ ਦੀ ਹੀ ਪ੍ਰਸ਼ੰਸਾ ਕੀਤੀ ਹੋਣ ਕਰਕੇ ਔਰਤ ਨੇ ਆਪਣੇ ਆਪ ਨੂੰ ਇਸ ਇੱਕ ਬਿਰਤੀ ਵਿਚ ਪੂਰਾ ਜਜ਼ਬ ਕਰ ਦਿੱਤਾ ਹੈ ਅਤੇ ਆਪਣੀ ਸਾਰੀ ਊਰਜਾ ਆਪਣੇ ਆਪ ਨੂੰ ਹੋਰ ਸੋਹਣਾ ਦਿਖਾਉਣ ਵਿਚ ਲਗਾ ਦਿੱਤਾ ਹੈ। ਇਸੇ ਲਈ ਅੱਜ ਬਿਊਟੀ ਪਾਰਲਰ ਹਰ ਛੋਟੇ ਤੋਂ ਛੋਟੇ ਪਿੰਡ 'ਚ ਵੀ ਖੁੱਲ੍ਹ ਗਏ ਹਨ। ਕਾਸਮੈਟਿਕਸ ਇੰਡਸਟਰੀ ਦਾ ਅਰਬਾਂ ਖਰਬਾਂ ਦਾ ਵਪਾਰ ਇਸ ਸੋਹਣੇ ਲੱਗਣ ਦੀ ਦੌੜ 'ਚੋਂ ਨਿਕਲਿਆ ਹੈ। ਪਰ ਕੀ ਇਸ ਨਾਲ ਉਹ ਆਪਣੀ ਪਹਿਚਾਣ ਬਣਾ ਸਕੀ ਹੈ? ਕੀ ਉਸ ਦੇ ਸਵੈ ਮਾਣ ਵਿਚ ਵਾਧਾ ਹੋਇਆ ਹੈ?

ਲੋੜ ਹੈ ਉਸ ਨੂੰ ਆਪਣੀਆਂ ਅੰਦਰੂਨੀ ਸ਼ਕਤੀਆਂ ਅਤੇ ਸਮਰਥਾਵਾਂ ਨੂੰ ਪਹਿਚਾਨਣ ਅਤੇ ਉਨ੍ਹਾਂ ਦਾ ਵਿਕਾਸ ਕਰਨ ਦੀ। ਕਿਉਂਕਿ ਸੁਹੱਪਣ ਅਤੇ ਜਵਾਨੀ ਹਮੇਸ਼ਾ ਕਾਇਮ ਨਹੀਂ ਰੱਖੀਆਂ ਜਾ ਸਕਦੀਆਂ। ਸਮੇਂ ਦੀ ਤਬਦੀਲੀ ਨਾਲ ਇਸ ਗ੍ਰਾਫ ਦਾ ਹੇਠਾਂ ਨੂੰ ਜਾਣਾ ਯਕੀਨੀ ਹੈ। ਪਰ ਜੇ ਉਨ੍ਹਾਂ ਆਪਣੀ ਅੰਦਰੂਨੀ ਸੁੰਦਰਤਾ ਅਤੇ ਹੁਨਰ ਨੂੰ ਪਹਿਚਾਣ ਕੇ ਉਸਨੂੰ ਵਿਕਸਿਤ ਕੀਤਾ, ਤਾਂ ਇਹ ਸਦਾ ਰਹਿਣ ਵਾਲਾ ਗਹਿਣਾ ਹੈ। ਜ਼ਰਾ ਨਜ਼ਰ ਮਾਰ ਕੇ ਵੇਖਣਾ ਕਿੰਨੀਆਂ ਕੁ ਔਰਤਾਂ ਹਨ, ਜਿਹੜੀਆਂ ਕਿਸੇ ਕਲਾ ਨੂੰ ਸ਼ੌਕ ਨਾਲ ਨਿਭਾਉਂਦੀਆਂ ਹਨ। ਕਿੰਨੀਆਂ ਨੇ ਜੋ ਕਲਾਕਾਰ ਹਨ, ਲੇਖਕ ਹਨ, ਸੰਗੀਤਕਾਰ ਹਨ? ਭਾਵੇਂ ਸ਼ੌਕ ਨੂੰ ਕਿੱਤਾ ਵੀ ਬਣਾਇਆ ਜਾ ਸਕਦਾ ਹੈ, ਪਰ ਸਿਰਜਣਾਤਮਕਤਾ ਅਤੇ ਸੁਹਜ ਤਾਂ ਪਹਿਲਾਂ ਸ਼ੌਕ ਅਤੇ ਲਗਨ ਵਿਚੋਂ ਹੀ ਨਿਕਲਣੀ ਹੈ। ਨੱਚਣਾ ਅਤੇ ਗਾਉਣਾ ਖਾਸ ਕਰਕੇ ਔਰਤਾਂ ਦਾ ਖੇਤਰ ਰਿਹਾ ਹੈ, ਪਰ ਅੱਜ ਦੇਖੋ ਤਾਂ ਕਿੰਨੀਆਂ ਔਰਤਾਂ ਨੂੰ ਕਿੰਨੇ ਗੀਤ ਯਾਦ ਹਨ? ਕਿਸੇ ਵਿਆਹ ਸ਼ਾਦੀ ਤੇ ਉਹ ਖੁਦ ਬੋਲੀਆਂ ਪਾ ਕੇ ਨੱਚ ਵੀ ਨਹੀਂ ਸਕਦੀਆਂ। ਗੀਤ ਡੀ.ਜੇ. ਵਿਚ ਚੱਲੇਗਾ ਤੇ ਉਹ ਆਪਣੇ ਕੱਪੜਿਆਂ ਅਤੇ ਗਹਿਣਿਆਂ ਰਾਹੀਂ ਸਿਰਫ ਆਪਣੇ ਸਰੀਰ ਦੀ ਨੁਮਾਇਸ਼ ਕਰਨ ਲਈ ਨੱਚਣ ਦੀ ਕੋਸ਼ਿਸ਼ ਕਰ ਰਹੀਆਂ ਹੁੰਦੀਆਂ ਹਨ। ਮੈਂ ਮੁਆਫੀ ਚਾਹਾਂਗਾ, ਜੇ ਮੇਰੇ ਸ਼ਬਦਾਂ ਵਿਚ ਕਿਸੇ ਨੂੰ ਜ਼ਰਾ ਰੁੱਖਾਪਣ ਨਜ਼ਰ ਆਇਆ ਹੋਵੇ, ਪਰ ਮੇਰੀ ਭਾਵਨਾ ਨੂੰ ਸਮਝਣ ਦਾ ਯਤਨ ਕਰਨਾ।

ਕਿੰਨੀਆਂ ਹੀ ਕਲਾਵਾਂ ਅਤੇ ਹੁਨਰ ਹੋ ਸਕਦੇ ਹਨ, ਜਿਨ੍ਹਾਂ ਵਿਚ ਔਰਤ ਮਾਹਰ ਹੋ ਸਕਦੀ ਹੈ। ਪੁਰਾਣੇ ਸਮੇਂ ਵਿਚ ਖਾਣਾ ਬਣਾਉਣ ਅਤੇ ਸਿਊਣ ਸਿਲਾਈ ਆਦਿ ਵਰਗੇ ਕੰਮ ਹੀ ਮੁੱਖ ਸਨ। ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ, ਗੱਲ ਤਾਂ ਉਸ ਵਿਚ ਮਾਹਰ ਹੋਣ ਦੀ, ਉਸ ਨੂੰ ਇੱਕ ਵੱਖਰੇ ਕਲਾਤਮਕ ਢੰਗ ਨਾਲ ਕਰਨ ਦੀ ਅਤੇ ਉਸ ਵਿਚੋਂ ਆਪਣੀ ਪਹਿਚਾਣ ਬਣਾ ਲੈਣ ਦੀ ਹੁੰਦੀ ਹੈ। ਕੁਝ ਸਾਲ ਪਿੱਛੇ ਚੱਲੀਏ ਤਾਂ ਲੜਕੀਆਂ ਅਤੇ ਔਰਤਾਂ ਕਢਾਈ ਕਰਨ ਵਿਚ, ਬੁਣ ਬੁਣਾਈ ਕਰਨ ਵਿਚ, ਦਰੀਆਂ ਬੁਣਨ ਵਿਚ ਮਾਹਰ ਹੁੰਦੀਆਂ ਸਨ ਅਤੇ ਇਨ੍ਹਾਂ ਰਾਹੀਂ ਆਪਣੀ ਅੰਦਰਲੀ ਪ੍ਰਤਿਭਾ ਨੂੰ ਬਾਹਰ ਕੱਢਦੀਆਂ ਸਨ। ਅੱਜ ਕੰਮ ਮਸ਼ੀਨਾਂ ਨੇ ਸੰਭਾਲ ਲਏ ਹਨ। ਹੱਥੀਂ ਕੀਤੇ ਕੰਮ ਨੂੰ ਅੱਜ ਵੀ ਸਵੀਕ੍ਰਿਤੀ ਅਤੇ ਪ੍ਰਸ਼ੰਸਾ ਮਿਲਦੀ ਹੈ। ਸੋਹਣੀ ਲਿਖਾਈ 'ਚ ਲਿਖੇ ਅੱਖਰ ਕਿਸ ਨੂੰ ਨਹੀਂ ਮੋਂਹਦੇ? ਦਿਲਕਸ਼ ਆਵਾਜ਼ ਵਿਚ ਕੋਈ ਗਾਵੇ ਤਾਂ ਬਿਨਾਂ ਸਾਜ਼ਾਂ ਤੋਂ ਵੀ ਸਰੋਤੇ ਨੂੰ ਕੀਲਣ ਦੀ ਤਾਕਤ ਰੱਖਦਾ ਹੈ। ਖਾਸ ਮਿੱਠੇ ਅੰਦਾਜ਼ ਵਿਚ ਬੋਲਣਾ, ਦੂਸਰੇ ਦਾ ਸਵਾਗਤ ਕਰਨਾ, ਖੂਬਸੂਰਤ ਮੁਸਕਰਾਹਟ ਵੀ ਇੱਕ ਵੱਖਰੀ ਪਹਿਚਾਣ ਬਣ ਸਕਦੀ ਹੈ। ਕਿਸੇ ਵੀ ਸ਼ੌਕ ਨੂੰ, ਕਿੱਤੇ ਨੂੰ ਇੱਕ ਵੱਖਰੇ ਅਤੇ ਖੂਬਸੂਰਤ ਅੰਦਾਜ਼ ਵਿਚ ਕੀਤੇ ਜਾਣ ਨਾਲ ਉਸ ਵਿਚ ਮੁਹਾਰਤ ਬਣੇਗੀ ਅਤੇ ਉਹ ਉਸ ਦੀ ਮਾਲਕਣ ਦੇ ਨਾਮ ਨਾਲ ਜੁੜ ਜਾਏਗੀ। ਇਹ ਮੁਹਾਰਤ ਇਹ ਕਲਾ ਹੀ ਔਰਤ ਨੂੰ ਆਪਣੇ ਪਰਿਵਾਰ ਵਿਚ, ਆਪਣੇ ਮੁਹੱਲੇ ਵਿਚ, ਪਿੰਡ ਵਿਚ ਅਤੇ ਸਮੂਹ ਸਮਾਜ ਵਿਚ ਮਾਣ-ਸਨਮਾਨ ਦਾ ਕਾਰਨ ਬਣੇਗੀ। ਬਾਹਰੋਂ ਮਿਲਦੀ ਪ੍ਰਸ਼ੰਸਾ ਅਤੇ ਮਾਣ ਨਾਲ ਪਰਿਵਾਰ ਦੇ ਮੈਂਬਰ ਵੀ ਖੁਸ਼ੀ ਅਤੇ ਚਾਅ ਨਾਲ ਭਰ ਜਾਣਗੇ ਅਤੇ ਔਰਤ ਨੂੰ ਉਸ ਕਲਾ ਲਈ ਵੱਧ ਸਮਾਂ ਦੇਣਗੇ ਅਤੇ ਲੋੜ ਪਈ ਤਾਂ ਖਰਚ ਵੀ ਕਰਨਗੇ। ਉਹ ਇਸ ਸ਼ੌਕ ਨੂੰ ਕਿੱਤਾ ਵੀ ਬਣਾ ਸਕਦੀ ਹੈ ਅਤੇ ਹੋਰਾਂ ਨੂੰ ਸਿਖਾ ਵੀ ਸਕਦੀ ਹੈ। ਹੋਰ ਵੱਡੇ ਪੱਧਰ 'ਤੇ ਇਹ ਇੱਕ ਉੱਦਮ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਆਰਥਿਕ ਲਾਭ ਨੂੰ ਇੱਕ ਪਾਸੇ ਰੱਖੀਏ, ਔਰਤ ਦੀ ਆਪਣੀ ਹੋਂਦ ਅਤੇ ਪਹਿਚਾਣ ਲਈ ਇਹ ਬਹੁਤ ਮਦਦਗਾਰ ਹੋਏਗਾ। ਇਸ ਨਾਲ ਸਮਾਜਿਕ ਸੰਬੰਧ ਵੀ ਸੁਧਰਨਗੇ, ਅਤੇ ਬੱਚਿਆਂ 'ਤੇ ਵੀ ਬਹੁਤ ਵਧੀਆ ਪ੍ਰਭਾਵ ਪਵੇਗਾ। ਖਾਸ ਗੱਲ ਕਿ ਸਮੇਂ ਦੇ ਬੀਤਣ ਨਾਲ ਇਸ ਵਿਚ ਵਿਕਾਸ ਹੀ ਹੋਏਗਾ। ਵਧਦੀ ਉਮਰ, ਘਟਦੇ ਰੁਝੇਵੇਂ, ਢਿੱਲੀ ਸਿਹਤ, ਇੱਕਲਾਪਣ ਕੋਈ ਵੀ ਅਜਿਹੀ ਅਲਾਮਤ ਉਸ ਦੇ ਮਨ ਦੀ ਚੜ੍ਹਦੀ ਕਲਾ ਨੂੰ ਨਹੀਂ ਡੇਗ ਸਕੇਗੀ। ਕਿਉਂਕਿ ਹੁਣ ਉਹ ਖੁਦ ਸਿਰਜਣਹਾਰ ਹੋ ਗਈ ਹੈ। ਉਹ ਸਿਰਫ ਹੱਡ ਮਾਸ ਦੀ ਪੁਤਲੀ ਹੀ ਨਹੀਂ ਰਹੀ, ਉਸਦੀ ਕਲਾ ਨੇ ਉਸਨੂੰ ਇੱਕ ਸਦੀਵੀ ਜ਼ਿੰਦਗੀ ਬਖਸ਼ ਦਿੱਤੀ ਹੈ।

ਤਾਂ ਤੇ ਅੱਜ ਤੋਂ ਹੀ ਕਾਇਮ ਹੋਵੋ। ਆਪਣੀ ਸਮਰੱਥਾ ਨੂੰ ਪਹਿਚਾਣੋ। ਲੱਭੋ ਤੁਹਾਡੇ ਅੰਦਰ, ਧੁਰ ਅੰਦਰ ਕੌਣ ਛੁਪ ਕੇ ਬੈਠਾ ਹੈ? ਇੱਕ ਕਲਾਕਾਰ, ਇੱਕ ਗਾਇਕ, ਇੱਕ ਚਿੱਤਰਕਾਰ, ਇੱਕ ਸੰਗੀਤਕਾਰ, ਇੱਕ ਲੇਖਕ, ਇੱਕ ਬੁਲਾਰਾ, ਇੱਕ ਕੌਂਸਲਰ, ਇੱਕ ਸੇਵਕ? ਉਸ ਨੂੰ ਬਾਹਰ ਕੱਢੋ, ਵਿਕਸਿਤ ਹੋਣ ਦਿਓ, ਬਾਹਰਲੇ ਮੇਕਅੱਪ ਫਿੱਕੇ ਪੈ ਜਾਣਗੇ। ਹੁਨਰ ਅਤੇ ਕਿਰਤ ਦਾ ਮਜੀਠਾ ਰੰਗ ਆਪਣੀ ਆਭਾ ਖਿਲਾਰੇਗਾ ਅਤੇ ਆਪਣੇ ਚੁਫੇਰੇ ਨੂੰ ਮਹਿਕਾ ਦੇਵੇਗਾ। ਮੈਂ ਸਮੂਹ ਔਰਤਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਆਪਣੀ ਕਸਤੂਰੀ ਨੂੰ ਪਹਿਚਾਨਣ। ਮੇਰਾ ਵਿਸ਼ਵਾਸ ਹੈ ਕਿ ਇਸ ਮਹਿਕ ਰੱਤੀ ਔਰਤ ਨੂੰ ਕਦੇ ਵੀ ਕਿਸੇ ਵਿਤਕਰੇ ਦੀ ਸ਼ਿਕਾਰ ਨਹੀਂ ਹੋਣਾ ਪਵੇਗਾ। ਉਸ ਨੂੰ ਔਰਤ ਹੋਣ 'ਤੇ ਝੂਰਨਾ ਨਹੀਂ ਪਏਗਾ, ਸਗੋਂ ਉਹ ਆਪਣੇ ਨਾਰੀਤਵ 'ਤੇ ਮਾਣ ਮਹਿਸੂਸ ਕਰੇਗੀ ਕਿਉਂਕਿ ਹੁਣ ਫੇਰ ਉਸਨੇ ਕੁਝ ਸਿਰਜਿਆ ਹੈ, ਜੋ ਨਿਰੋਲ ਉਸਦਾ ਆਪਣਾ ਹੈ ਅਤੇ ਉਸਦੇ ਅੰਦਰ ਜਿਊਂਦਾ ਹੈ। ਇਹ ਉਸਦੇ ਸਾਹਾਂ ਵਿਚ ਧੜਕਦਾ ਹੋਇਆ ਉਸਨੂੰ ਇੱਕ ਨਵਾਂ ਜੀਵਨ ਪ੍ਰਦਾਨ ਕਰੇਗਾ।

# ਮੱਧ ਪੂਰਬ ਵਿਚ ਇੱਕ ਵਿਸ਼ਵ ਯੁੱਧ ਦਾ ਉਭਾਰ?-ਗਲੋਬਲ ਪਾਵਰ ਬੈਲੇਂਸ, ਐਮਰਜੈਂਸੀ ਐਡਵਾਈਜ਼ਰੀਆਂ ਅਤੇ ਤੀਜੇ ਵਿਸ਼ਵ ਯੁੱਧ ਦੇ ਡਰ ਦਾ ਇੱਕ ਵਿਆਪਕ ਵਿਸ਼ਲੇਸ਼ਣ

ਕੰਪਾਈਲਰ ਲੇਖਕ
ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425

ਪੰਜਾਬ ਮੇਲ USA

ਵਿਸ਼ਵ ਪੱਧਰ 'ਤੇ, ਪੱਛਮੀ ਏਸ਼ੀਆ ਇੱਕ ਵਾਰ ਫਿਰ ਇਤਿਹਾਸ ਦੇ ਇੱਕ ਮਹੱਤਵਪੂਰਨ ਮੋੜ 'ਤੇ ਜਾਪਦਾ ਹੈ। ਖੇਤਰ ਵਿਚ ਤੇਜ਼ੀ ਨਾਲ ਬਦਲਦੀਆਂ ਫੌਜੀ ਗਤੀਸ਼ੀਲਤਾ, ਮਿਜ਼ਾਈਲ ਅਤੇ ਡਰੋਨ ਹਮਲਿਆਂ ਦੀਆਂ ਨਵੀਆਂ ਲਹਿਰਾਂ ਅਤੇ ਮਹਾਂਸ਼ਕਤੀਆਂ ਦੀ ਖੁੱਲ੍ਹੀ ਸ਼ਮੂਲੀਅਤ ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। ਈਰਾਨ, ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵਧਦਾ ਸਿੱਧਾ ਅਤੇ ਅਸਿੱਧਾ ਟਕਰਾਅ ਹੁਣ ਸਿਰਫ਼ ਇੱਕ ਖੇਤਰੀ ਟਕਰਾਅ ਨਹੀਂ ਰਿਹਾ, ਸਗੋਂ ਵਿਸ਼ਵ ਸ਼ਕਤੀ ਸੰਤੁਲਨ ਦੀ ਪ੍ਰੀਖਿਆ ਬਣ ਗਿਆ ਹੈ। ਅੰਤਰਰਾਸ਼ਟਰੀ ਕੂਟਨੀਤੀ ਦੀਆਂ ਪਰਤਾਂ ਡਿੱਗਦੀਆਂ ਜਾਪਦੀਆਂ ਹਨ ਅਤੇ ਫੌਜੀ ਰਣਨੀਤੀ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਨੂੰ ਖਾੜੀ ਅਤੇ ਯੁੱਧ ਪ੍ਰਭਾਵਿਤ ਦੇਸ਼ਾਂ ਤੋਂ ਤੁਰੰਤ ਖਾਲੀ ਕਰਨ ਦੀ ਸਲਾਹ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਸਥਿਤੀ ਸਾਧਾਰਨ ਕੂਟਨੀਤਕ ਤਣਾਅ ਤੋਂ ਪਰ੍ਹੇ ਵਧ ਗਈ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਜਦੋਂ ਕੋਈ ਮਹਾਂਸ਼ਕਤੀ ਆਪਣੇ ਨਾਗਰਿਕਾਂ ਨੂੰ ਇੱਕੋ ਸਮੇਂ ਕਈ ਦੇਸ਼ਾਂ ਤੋਂ ਤੁਰੰਤ ਚਲੇ ਜਾਣ ਦਾ ਨਿਰਦੇਸ਼ ਦਿੰਦੀ ਹੈ, ਤਾਂ ਇਹ ਸਿਰਫ਼ ਇੱਕ ਸਾਵਧਾਨੀ ਨਹੀਂ ਹੈ, ਸਗੋਂ ਸੰਭਾਵੀ ਵੱਡੇ ਫੌਜੀ ਵਾਧੇ ਦੀ ਪੂਰਵ-ਚੇਤਾਵਨੀ ਵੀ ਹੈ। ਅਮਰੀਕੀ ਲੀਡਰਸ਼ਿਪ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਇਹ ਕਾਰਵਾਈ ਕੁਝ ਹਫ਼ਤਿਆਂ ਤੱਕ ਚੱਲ ਸਕਦੀ ਹੈ ਅਤੇ ਜੇਕਰ ਲੋੜ ਪਈ, ਤਾਂ ਇਸਨੂੰ ਹੋਰ ਵਧਾਇਆ ਜਾ ਸਕਦਾ ਹੈ। ਦੱਸੇ ਗਏ ਉਦੇਸ਼ਾਂ ਵਿਚ ਈਰਾਨ ਦੀਆਂ ਮਿਜ਼ਾਈਲ ਸਮਰੱਥਾਵਾਂ ਨੂੰ ਬੇਅਸਰ ਕਰਨਾ, ਇਸਦੀ ਜਲ ਸੈਨਾ ਨੂੰ ਕਮਜ਼ੋਰ ਕਰਨਾ, ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਖਤਮ ਕਰਨਾ ਅਤੇ ਹਿਜ਼ਬੁੱਲਾ ਵਰਗੇ ਸਹਿਯੋਗੀ ਸਮੂਹਾਂ ਨੂੰ ਸਮਰਥਨ ਤੋਂ ਵਾਂਝਾ ਕਰਨਾ ਸ਼ਾਮਲ ਹੈ। ਇਹ ਰਣਨੀਤੀ ਭੂ-ਰਾਜਨੀਤਿਕ ਪੁਨਰਗਠਨ ਦੀ ਕੋਸ਼ਿਸ਼ ਜਾਪਦੀ ਹੈ, ਨਾ ਕਿ ਸਿਰਫ ਫੌਜੀ। ਜੇਕਰ ਈਰਾਨ ਦੀ ਖੇਤਰੀ ਸ਼ਕਤੀ ਨਿਰਣਾਇਕ ਤੌਰ 'ਤੇ ਕਮਜ਼ੋਰ ਹੋ ਜਾਂਦੀ ਹੈ, ਤਾਂ ਪੱਛਮੀ ਏਸ਼ੀਆ ਵਿਚ ਸ਼ਕਤੀ ਦਾ ਸੰਤੁਲਨ ਪੂਰੀ ਤਰ੍ਹਾਂ ਬਦਲ ਸਕਦਾ ਹੈ। ਹਾਲਾਂਕਿ, ਜਵਾਬ ਵਿਚ, ਈਰਾਨ ਪੱਖੀ ਸਮੂਹ ਅਸਮਿਤ ਯੁੱਧ ਦੀ ਰਣਨੀਤੀ ਅਪਣਾ ਸਕਦੇ ਹਨ, ਜਿਸ ਨਾਲ ਟਕਰਾਅ ਦਾ ਦਾਇਰਾ ਹੋਰ ਵਿਸ਼ਾਲ ਹੋ ਸਕਦਾ ਹੈ। ਕੀ ਤੀਜੇ ਵਿਸ਼ਵ ਯੁੱਧ ਦਾ ਖ਼ਤਰਾ ਯਥਾਰਥਵਾਦੀ ਹੈ? ਇਤਿਹਾਸ ਦਰਸਾਉਂਦਾ ਹੈ ਕਿ ਵਿਸ਼ਵ ਯੁੱਧ ਅਚਾਨਕ ਐਲਾਨੇ ਨਹੀਂ ਜਾਂਦੇ, ਸਗੋਂ ਖੇਤਰੀ ਟਕਰਾਵਾਂ ਦੀ ਇੱਕ ਲੜੀ ਵਜੋਂ ਵਿਕਸਤ ਹੁੰਦੇ ਹਨ। ਪਹਿਲਾ ਵਿਸ਼ਵ ਯੁੱਧ ਬਾਲਕਨ ਵਿਚ ਇੱਕ ਸੀਮਤ ਟਕਰਾਅ ਨਾਲ ਸ਼ੁਰੂ ਹੋਇਆ ਸੀ। ਮੌਜੂਦਾ ਸਥਿਤੀ ਵਿਚ, ਜੇਕਰ ਖਾੜੀ ਦੇਸ਼ ਸਿੱਧੇ ਤੌਰ 'ਤੇ ਟਕਰਾਅ ਵਿਚ ਦਾਖਲ ਹੁੰਦੇ ਹਨ, ਜੇਕਰ ਖੇਤਰੀ ਸੰਗਠਨ ਸਰਗਰਮ ਫੌਜੀ ਭੂਮਿਕਾ ਨਿਭਾਉਂਦੇ ਹਨ, ਜਾਂ ਜੇਕਰ ਰੂਸ, ਚੀਨ, ਜਾਂ ਯੂਰਪੀਅਨ ਯੂਨੀਅਨ ਵਰਗੀਆਂ ਵੱਡੀਆਂ ਸ਼ਕਤੀਆਂ ਖੁੱਲ੍ਹ ਕੇ ਫੌਜਾਂ ਵਿਚ ਸ਼ਾਮਲ ਹੁੰਦੀਆਂ ਹਨ, ਤਾਂ ਸਥਿਤੀ ਇੱਕ ਵਿਸ਼ਵਵਿਆਪੀ ਟਕਰਾਅ ਵਿਚ ਬਦਲ ਸਕਦੀ ਹੈ। ਹਾਲਾਂਕਿ, ਇਹ ਵੀ ਉਨਾ ਹੀ ਸੱਚ ਹੈ ਕਿ ਆਧੁਨਿਕ ਦੁਨੀਆਂ ਅੰਤਰ-ਨਿਰਭਰਤਾ ਨਾਲ ਬੱਝੀ ਹੋਈ ਹੈ। ਊਰਜਾ ਬਾਜ਼ਾਰ, ਵਿਸ਼ਵ ਵਪਾਰ, ਵਿੱਤੀ ਨੈੱਟਵਰਕ ਅਤੇ ਬਹੁਪੱਖੀ ਸੰਸਥਾਵਾਂ ਕਿਸੇ ਵੀ ਪੂਰੇ ਪੱਧਰ ਦੇ ਵਿਸ਼ਵ ਯੁੱਧ ਨੂੰ ਬਹੁਤ ਮਹਿੰਗਾ ਬਣਾਉਂਦੀਆਂ ਹਨ। ਇਸ ਲਈ, ਜ਼ਿਆਦਾਤਰ ਵਿਸ਼ਲੇਸ਼ਕ ਮੰਨਦੇ ਹਨ ਕਿ ਜਦੋਂ ਕਿ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ 'ਤੇ ਚਰਚਾ ਕੀਤੀ ਜਾ ਸਕਦੀ ਹੈ, ਮਹਾਂਸ਼ਕਤੀਆਂ ਸਿੱਧੇ ਵਿਸ਼ਵਵਿਆਪੀ ਟਕਰਾਅ ਤੋਂ ਬਚਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੀਆਂ।






ਦੋਸਤੋ, ਜੇਕਰ ਅਸੀਂ "15 ਦੇਸ਼ਾਂ ਲਈ ਐਮਰਜੈਂਸੀ ਚੇਤਾਵਨੀ: ਕੂਟਨੀਤਕ ਭਾਸ਼ਾ ਵਿਚ ਇੱਕ ਲੁਕਿਆ ਹੋਇਆ ਸੁਨੇਹਾ" 'ਤੇ ਵਿਚਾਰ ਕਰੀਏ, ਤਾਂ ਅਮਰੀਕੀ ਵਿਦੇਸ਼ ਵਿਭਾਗ ਦੀ ਸਲਾਹ ਵਿਚ ਜ਼ਿਕਰ ਕੀਤੇ ਗਏ ਦੇਸ਼ਾਂ ਵਿਚ ਪ੍ਰਮੁੱਖ ਖਾੜੀ ਦੇਸ਼ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕੁਵੈਤ, ਕਤਰ, ਬਹਿਰੀਨ ਅਤੇ ਓਮਾਨ ਸ਼ਾਮਲ ਹਨ। ਯੁੱਧ ਜਾਂ ਸਿੱਧੇ ਟਕਰਾਅ ਵਿਚ ਸ਼ਾਮਲ ਖੇਤਰਾਂ ਵਿਚ ਲੇਬਨਾਨ, ਇਰਾਕ, ਯਮਨ, ਸੀਰੀਆ ਅਤੇ ਨਾਲ ਹੀ ਵੈਸਟ ਬੈਂਕ ਅਤੇ ਗਾਜ਼ਾ ਵਰਗੇ ਖੇਤਰ ਸ਼ਾਮਲ ਹਨ। ਗੁਆਂਢੀ ਦੇਸ਼ ਮਿਸਰ ਅਤੇ ਜਾਰਡਨ ਵੀ ਇਸ ਚੇਤਾਵਨੀ ਦੇ ਘੇਰੇ ਵਿਚ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼, ਖਾਸ ਕਰਕੇ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ, ਹੁਣ ਤੱਕ ਮੁਕਾਬਲਤਨ ਸੁਰੱਖਿਅਤ ਅਤੇ ਸਥਿਰ ਮੰਨੇ ਜਾਂਦੇ ਰਹੇ ਹਨ। ਉੱਥੋਂ ਤੁਰੰਤ ਖਾਲੀ ਕਰਨ ਦੀ ਮੰਗ ਇਹ ਵੀ ਦਰਸਾਉਂਦੀ ਹੈ ਕਿ ਟਕਰਾਅ ਸੀਮਤ ਨਹੀਂ ਰਹਿਣ ਵਾਲਾ ਹੈ। ਹਵਾਈ ਖੇਤਰ ਬੰਦ ਹੋਣ ਦਾ ਖ਼ਤਰਾ, ਵੱਡੀਆਂ ਏਅਰਲਾਈਨਾਂ ਦੁਆਰਾ ਉਡਾਣ ਰੱਦ ਕਰਨ ਦਾ ਖ਼ਤਰਾ ਅਤੇ ਸਮੁੰਦਰੀ ਮਾਰਗਾਂ ਲਈ ਵਧੇ ਹੋਏ ਖਤਰੇ - ਇਹ ਸਾਰੇ ਸੰਕੇਤ ਵਿਆਪਕ ਫੌਜੀ ਉਥਲ-ਪੁਥਲ ਵੱਲ ਇਸ਼ਾਰਾ ਕਰਦੇ ਹਨ।

ਦੋਸਤੋ, ਜੇਕਰ ਅਸੀਂ ਟਕਰਾਅ ਦੀਆਂ ਜੜ੍ਹਾਂ ਅਤੇ ਹੱਦ 'ਤੇ ਵਿਚਾਰ ਕਰੀਏ, ਤਾਂ ਈਰਾਨ ਅਤੇ ਇਜ਼ਰਾਈਲ ਵਿਚ ਦਹਾਕਿਆਂ ਤੋਂ ਵਿਚਾਰਧਾਰਕ ਅਤੇ ਰਣਨੀਤਿਕ ਦੁਸ਼ਮਣੀ ਰਹੀ ਹੈ। ਪ੍ਰਮਾਣੂ ਪ੍ਰੋਗਰਾਮ, ਮਿਜ਼ਾਈਲ ਤਕਨਾਲੋਜੀ, ਅਤੇ ਖੇਤਰੀ ਪ੍ਰੌਕਸੀ ਸਮੂਹਾਂ ਲਈ ਸਮਰਥਨ ਲੰਬੇ ਸਮੇਂ ਤੋਂ ਤਣਾਅ ਦੇ ਕੇਂਦਰ ਵਿਚ ਰਿਹਾ ਹੈ। ਜਦੋਂ ਅਮਰੀਕਾ ਖੁੱਲ੍ਹ ਕੇ ਇਜ਼ਰਾਈਲ ਦਾ ਪੱਖ ਲੈਂਦਾ ਹੈ ਅਤੇ ਸਾਂਝੇ ਫੌਜੀ ਕਾਰਵਾਈਆਂ ਦੀ ਗੱਲ ਉਭਰਦੀ ਹੈ, ਤਾਂ ਟਕਰਾਅ ਸਿੱਧੇ ਤੌਰ 'ਤੇ ਇੱਕ ਮਹਾਂਸ਼ਕਤੀ ਬਨਾਮ ਇੱਕ ਖੇਤਰੀ ਸ਼ਕਤੀ ਟਕਰਾਅ ਵਿਚ ਵਧਦਾ ਹੈ। ਇਸ ਟਕਰਾਅ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇਹ ਰਵਾਇਤੀ ਯੁੱਧ ਦੀਆਂ ਸੀਮਾਵਾਂ ਨੂੰ ਪਾਰ ਕਰ ਗਿਆ ਹੈ। ਡਰੋਨ, ਸਾਈਬਰ ਹਮਲੇ, ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਸਮੁੰਦਰੀ ਨਾਕਾਬੰਦੀਆਂ - ਆਧੁਨਿਕ ਯੁੱਧ ਦੇ ਸਾਰੇ ਸਾਧਨ - ਇੱਕੋ ਸਮੇਂ ਤਾਇਨਾਤ ਕੀਤੇ ਜਾਂਦੇ ਹਨ। ਜੇਕਰ ਇਹ ਟਕਰਾਅ ਲੰਮਾ ਹੁੰਦਾ ਹੈ, ਤਾਂ ਊਰਜਾ ਸਪਲਾਈ, ਵਿਸ਼ਵ ਵਪਾਰ ਰਸਤੇ ਅਤੇ ਅੰਤਰਰਾਸ਼ਟਰੀ ਵਿੱਤੀ ਬਾਜ਼ਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ।

ਦੋਸਤੋ, ਜੇਕਰ ਅਸੀਂ ਭਾਰਤ 'ਤੇ ਪੈਣ ਵਾਲੇ ਪ੍ਰਭਾਵ 'ਤੇ ਵਿਚਾਰ ਕਰੀਏ: ਕੂਟਨੀਤੀ, ਆਰਥਿਕਤਾ ਅਤੇ ਅੰਦਰੂਨੀ ਸੁਰੱਖਿਆ, ਤਾਂ ਪੱਛਮੀ ਏਸ਼ੀਆ ਭਾਰਤ ਲਈ ਸਿਰਫ਼ ਇੱਕ ਭੂ-ਰਾਜਨੀਤਿਕ ਖੇਤਰ ਨਹੀਂ ਹੈ, ਸਗੋਂ ਊਰਜਾ, ਭਾਰਤੀ ਪ੍ਰਵਾਸੀਆਂ ਅਤੇ ਵਪਾਰ ਦਾ ਇੱਕ ਪ੍ਰਮੁੱਖ ਕੇਂਦਰ ਹੈ। ਖਾੜੀ ਦੇਸ਼ਾਂ ਵਿਚ ਲੱਖਾਂ ਭਾਰਤੀ ਰੁਜ਼ਗਾਰ ਪ੍ਰਾਪਤ ਕਰਦੇ ਹਨ। ਜੇਕਰ ਉੱਥੇ ਇੱਕ ਪੂਰੇ ਪੈਮਾਨੇ 'ਤੇ ਯੁੱਧ ਛਿੜ ਜਾਂਦਾ ਹੈ, ਤਾਂ ਨਿਕਾਸੀ ਕਾਰਜਾਂ, ਊਰਜਾ ਦੀਆਂ ਕੀਮਤਾਂ ਵਿਚ ਵਾਧਾ ਅਤੇ ਸਪਲਾਈ ਚੇਨਾਂ ਵਿਚ ਵਿਘਨ ਵਰਗੀਆਂ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ। ਦਿੱਲੀ ਹਵਾਈ ਅੱਡੇ 'ਤੇ ਅੰਤਰਰਾਸ਼ਟਰੀ ਉਡਾਣਾਂ ਨੂੰ ਰੱਦ ਕਰਨਾ, ਖਾੜੀ ਦੇਸ਼ਾਂ ਤੋਂ ਭਾਰਤੀਆਂ ਦੀ ਵਾਪਸੀ ਸ਼ੁਰੂ ਹੋਣਾ ਅਤੇ ਸੀ.ਬੀ.ਐੱਸ.ਈ. ਵੱਲੋਂ ਬਹਿਰੀਨ, ਯੂ.ਏ.ਈ. ਅਤੇ ਸਾਊਦੀ ਅਰਬ ਵਿਚ ਪ੍ਰੀਖਿਆਵਾਂ ਮੁਲਤਵੀ ਕਰਨਾ ਦਰਸਾਉਂਦਾ ਹੈ ਕਿ ਟਕਰਾਅ ਦਾ ਪ੍ਰਭਾਵ ਸਿੱਧੇ ਭਾਰਤ ਤੱਕ ਪਹੁੰਚਿਆ ਹੈ। ਭਾਰਤੀ ਵਿਦੇਸ਼ ਮੰਤਰਾਲਾ ਅਲਰਟ 'ਤੇ ਹੈ ਅਤੇ ਵੱਖ-ਵੱਖ ਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਯਤਨ ਤੇਜ਼ ਕਰ ਦਿੱਤੇ ਗਏ ਹਨ।

ਦੋਸਤੋ, ਜੇਕਰ ਅਸੀਂ ਜੰਮੂ-ਕਸ਼ਮੀਰ ਅਤੇ ਅੰਦਰੂਨੀ ਸੰਵੇਦਨਸ਼ੀਲਤਾਵਾਂ 'ਤੇ ਵਿਚਾਰ ਕਰੀਏ, ਤਾਂ ਇੱਕ ਪ੍ਰਮੁੱਖ ਇਸਲਾਮੀ ਨੇਤਾ ਦੀ ਮੌਤ ਜਾਂ ਪੱਛਮੀ ਏਸ਼ੀਆ ਵਿਚ ਇੱਕ ਵੱਡੇ ਫੌਜੀ ਟਕਰਾਅ ਦਾ ਭਾਰਤ ਦੇ ਸੰਵੇਦਨਸ਼ੀਲ ਖੇਤਰਾਂ, ਖਾਸ ਕਰਕੇ ਜੰਮੂ-ਕਸ਼ਮੀਰ ਵਿਚ ਪ੍ਰਭਾਵ ਪੈ ਸਕਦਾ ਹੈ। ਵਾਦੀ ਵਿਚ ਵਧਦੀਆਂ ਪਾਬੰਦੀਆਂ ਅਤੇ ਵਿਰੋਧ ਪ੍ਰਦਰਸ਼ਨਾਂ ਦੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਅੰਤਰਰਾਸ਼ਟਰੀ ਘਟਨਾਵਾਂ ਸਥਾਨਕ ਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। 2019 ਤੋਂ ਬਾਅਦ ਇੰਨੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨਾਂ ਦੀ ਮੌਜੂਦਗੀ ਸੁਰੱਖਿਆ ਏਜੰਸੀਆਂ ਲਈ ਇੱਕ ਗੰਭੀਰ ਸੰਕੇਤ ਹੈ। ਭਾਰਤ ਸਰਕਾਰ ਲਈ ਚੁਣੌਤੀ ਦੋਹਰੀ ਹੈ: ਇੱਕ ਪਾਸੇ, ਬਾਹਰੀ ਭੂ-ਰਾਜਨੀਤਿਕ ਸੰਕਟ ਅਤੇ ਦੂਜੇ ਪਾਸੇ, ਅੰਦਰੂਨੀ ਕਾਨੂੰਨ ਵਿਵਸਥਾ ਬਣਾਈ ਰੱਖਣਾ। ਇਸ ਸਮੇਂ ਕਿਸੇ ਵੀ ਤਰ੍ਹਾਂ ਦੀ ਫਿਰਕੂ ਜਾਂ ਰਾਜਨੀਤਿਕ ਬਗਾਵਤ ਨੂੰ ਕੰਟਰੋਲ ਕਰਨਾ ਬਹੁਤ ਮਹੱਤਵਪੂਰਨ ਹੈ।

## ਊਰਜਾ, ਆਰਥਿਕਤਾ ਅਤੇ ਗਲੋਬਲ ਬਾਜ਼ਾਰ

ਜੇਕਰ ਖਾੜੀ ਖੇਤਰ ਵਿੱਚ ਸਮੁੰਦਰੀ ਰਸਤੇ ਵਿਘਨ ਪਾਉਂਦੇ ਹਨ, ਤਾਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਸਕਦੀਆਂ ਹਨ। ਭਾਰਤ ਵਰਗੇ ਊਰਜਾ-ਆਯਾਤ ਕਰਨ ਵਾਲੇ ਦੇਸ਼ ਲਈ, ਇਸ ਨਾਲ ਆਰਥਿਕ ਦਬਾਅ ਵਧੇਗਾ। ਮਹਿੰਗਾਈ, ਚਾਲੂ ਖਾਤੇ ਦਾ ਘਾਟਾ ਅਤੇ ਮੁਦਰਾ ਐਕਸਚੇਂਜ ਦਰ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਸਕਦੀ ਹੈ। ਵਿਸ਼ਵ ਪੱਧਰ 'ਤੇ, ਸਟਾਕ ਬਾਜ਼ਾਰਾਂ ਵਿਚ ਅਸਥਿਰਤਾ ਹੋ ਸਕਦੀ ਹੈ ਅਤੇ ਸੋਨੇ ਵਰਗੀਆਂ ਸੁਰੱਖਿਅਤ ਸੰਪਤੀਆਂ ਦੀ ਮੰਗ ਵਿਚ ਵਾਧਾ ਹੋ ਸਕਦਾ ਹੈ।

ਦੋਸਤੋ, ਜੇਕਰ ਅਸੀਂ ਕੂਟਨੀਤਿਕ ਸੰਤੁਲਨ ਦੀ ਜ਼ਰੂਰਤ 'ਤੇ ਵਿਚਾਰ ਕਰੀਏ, ਤਾਂ ਭਾਰਤ ਦੀ ਵਿਦੇਸ਼ ਨੀਤੀ ਰਵਾਇਤੀ ਤੌਰ 'ਤੇ ਸੰਤੁਲਨ 'ਤੇ ਆਧਾਰਿਤ ਰਹੀ ਹੈ: ਈਰਾਨ ਨਾਲ ਇਤਿਹਾਸਕ ਸਬੰਧ, ਇਜ਼ਰਾਈਲ ਨਾਲ ਰਣਨੀਤਕ ਸਹਿਯੋਗ ਅਤੇ ਸੰਯੁਕਤ ਰਾਜ ਅਮਰੀਕਾ ਨਾਲ ਵਧਦੀ ਭਾਈਵਾਲੀ। ਮੌਜੂਦਾ ਸੰਕਟ ਵਿਚ ਇਸ ਸੰਤੁਲਨ ਨੂੰ ਬਣਾਈ ਰੱਖਣਾ ਮੁਸ਼ਕਲ ਪਰ ਜ਼ਰੂਰੀ ਹੋਵੇਗਾ। ਇੱਕ ਪੱਖ ਦਾ ਖੁੱਲ੍ਹ ਕੇ ਸਮਰਥਨ ਕਰਨ ਨਾਲ ਲੰਬੇ ਸਮੇਂ ਦੇ ਹਿੱਤਾਂ ਨਾਲ ਸਮਝੌਤਾ ਹੋ ਸਕਦਾ ਹੈ। ਸੰਯੁਕਤ ਰਾਸ਼ਟਰ ਅਤੇ ਹੋਰ ਬਹੁਪੱਖੀ ਫੋਰਮਾਂ 'ਤੇ ਸ਼ਾਂਤੀ ਲਈ ਅਪੀਲਾਂ ਅਤੇ ਮਾਨਵਤਾਵਾਦੀ ਸਹਾਇਤਾ ਅਤੇ ਨਿਕਾਸੀ ਕਾਰਜਾਂ ਵਿਚ ਸਰਗਰਮ ਭੂਮਿਕਾ - ਇਹ ਭਾਰਤ ਦੀਆਂ ਤਰਜੀਹਾਂ ਹੋ ਸਕਦੀਆਂ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਉਂਦੇ ਹਾਂ ਕਿ ਅਨਿਸ਼ਚਿਤਤਾ ਦੇ ਯੁੱਗ ਵਿਚ ਸੰਜਮ ਦੀ ਲੋੜ ਹੈ। ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ ਵਿਸਫੋਟਕ ਹੈ, ਪਰ ਸਿੱਧੇ ਤੌਰ 'ਤੇ ਤੀਜੇ ਵਿਸ਼ਵ ਯੁੱਧ ਦਾ ਐਲਾਨ ਕਰਨਾ ਸਮੇਂ ਤੋਂ ਪਹਿਲਾਂ ਹੋਵੇਗਾ। ਇਤਿਹਾਸ ਸਿਖਾਉਂਦਾ ਹੈ ਕਿ ਵੱਡੀਆਂ ਲੜਾਈਆਂ ਅਕਸਰ ਗਲਤ ਹਿਸਾਬ-ਕਿਤਾਬਾਂ ਅਤੇ ਕੂਟਨੀਤਕ ਅਸਫਲਤਾਵਾਂ ਦੇ ਨਤੀਜੇ ਵਜੋਂ ਹੁੰਦੀਆਂ ਹਨ। ਜੇਕਰ ਗੱਲਬਾਤ ਦੀਆਂ ਸੰਭਾਵਨਾਵਾਂ ਨੂੰ ਜ਼ਿੰਦਾ ਰੱਖਿਆ ਜਾਂਦਾ ਹੈ ਅਤੇ ਖੇਤਰੀ ਸ਼ਕਤੀਆਂ ਸੰਜਮ ਵਰਤਦੀਆਂ ਹਨ, ਤਾਂ ਇੱਕ ਪੂਰੇ ਪੈਮਾਨੇ 'ਤੇ ਵਿਸ਼ਵ ਯੁੱਧ ਤੋਂ ਬਚਿਆ ਜਾ ਸਕਦਾ ਹੈ। ਫਿਰ ਵੀ, ਐਮਰਜੈਂਸੀ ਸਲਾਹਾਂ, ਉਡਾਣ ਰੱਦ ਕਰਨ, ਵਧੇ ਹੋਏ ਫੌਜੀ ਕਾਰਵਾਈਆਂ ਦੀਆਂ ਘੋਸ਼ਣਾਵਾਂ ਅਤੇ ਖੇਤਰੀ ਸੰਗਠਨਾਂ ਦੀ ਸਰਗਰਮੀ ਇਹ ਸਭ ਦਰਸਾਉਂਦੀ ਹੈ ਕਿ ਦੁਨੀਆਂ ਇੱਕ ਬਹੁਤ ਹੀ ਅਸਥਿਰ ਪੜਾਅ ਵਿਚ ਦਾਖਲ ਹੋ ਗਈ ਹੈ। ਇਹ ਸਮਾਂ ਹੈ ਕਿ ਭਾਰਤ ਸਮੇਤ ਸਮੁੱਚੇ ਅੰਤਰਰਾਸ਼ਟਰੀ ਭਾਈਚਾਰੇ ਲਈ ਸਾਵਧਾਨ ਕੂਟਨੀਤੀ, ਅੰਦਰੂਨੀ ਸਥਿਰਤਾ ਅਤੇ ਵਿਸ਼ਵ ਸ਼ਾਂਤੀ ਪ੍ਰਤੀ ਵਚਨਬੱਧਤਾ ਨੂੰ ਤਰਜੀਹ ਦਿੱਤੀ ਜਾਵੇ।

# ਹੋਲੀ ਤੋਂ ਹੋਲਾ ਮਹੱਲਾ

ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂ-ਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ।

ਖ਼ਾਲਸਾ-ਪੰਥ ਵਿਚ 'ਹੋਲਾ ਮਹੱਲਾ' ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ, ਕੀਤੇ ਗਏ ਸੀ। ਦਸਮੇਸ਼ ਪਿਤਾ ਜੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਨ ਮਹਿਸੂਸ ਕਰਵਾਉਣ ਲਈ ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਨਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਲਈ ਉਨ੍ਹਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚਲਿਤ ਕੀਤਾ। ਆਜ਼ਾਦੀ ਪ੍ਰਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਜੀ ਨੇ ਜਿਥੇ ਨਵਾਂ ਜੀਵਨ ਬਖਸ਼ਿਆ, ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ 'ਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ 1699 ਈ: ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਪੰਥ 'ਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪ੍ਰਦਾਨ ਕੀਤੀ। ਗੁਰੂ ਜੀ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜ਼ੁਰੱਅਤ ਭਰਨ ਲਈ ਉਨ੍ਹਾਂ ਵਲੋਂ ਮਨਾਏ ਜਾ ਰਹੇ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿੱਤੇ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਔਰਨ ਕੀ ਹੋਲੀ ਮਮ ਹੋਲਾ।
ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਬਨਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਹੋਲੀ ਦੇ ਪ੍ਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੈ। ਇਸ ਵਿਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤਬ ਦਿਖਾਉਂਦੇ ਹਨ। ਕਲਗੀਧਰ ਪਾਤਸ਼ਾਹ ਜੀ ਆਪ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਤਿਉਹਾਰ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਮਹੱਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਵਾਂਗ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਦੀ ਤਰ੍ਹਾਂ ਵਰਸਣ ਲੱਗੀ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਅਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆਂ, ਤਾਂ ਸਭ ਦੀ ਆਤਮਾ ਖਿੜ ਗਈ:

ਗੁਲੇ ਹੋਲੀ ਬ ਬਾਗੇ ਦਰ ਬੂ ਕਰਦ।
ਲਬੇ ਚੂੰ ਗ਼ੁੰਚਾ ਰਾ ਫ਼ਰਖ਼ੰਦਹ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੁ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।
ਜਹੇ ਪਿਚਕਾਰੀਏ ਪੁਰ ਜੁਫਰਾਨੀ।
ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।
ਗੁਲਾਲ ਅਫਸ਼ਾਨੀ ਅਜ਼ ਦਸਤੇ ਮੁਬਾਰਕ।
ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।
ਦੋ ਆਲਮ ਗਸ਼ਤ ਰੰਗੀ ਅਜ਼ ਤੁਫਲੈਸ਼।
ਚੁ ਸ਼ਾਹਮ ਜਾਮਹ ਰੰਗੀ ਦਹ ਗੁਲੂ ਕਰਦ।
(ਭਾਈ ਨੰਦ ਲਾਲ ਰਚਨਾਵਲੀ)





ਭਾਰਤ ਬਹੁਤ ਸਾਰੇ ਮੌਸਮੀ, ਸੱਭਿਆਚਾਰਕ ਅਤੇ ਇਤਿਹਾਸਕ ਤਿਉਹਾਰਾਂ ਦਾ ਦੇਸ਼ ਹੈ। ਖ਼ਾਲਸਾ-ਪੰਥ ਇਨ੍ਹਾਂ ਵਿਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਜਿਵੇਂ 'ਹੋਲੀ' ਦੀ ਥਾਂ ਖ਼ਾਲਸਾ-ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ 'ਬੰਦੀ-ਛੋੜ ਦਿਵਸ' ਮਨਾਉਂਦਾ ਹੈ। ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਸੀ। ਹੋਲੀ ਰੰਗਾਂ ਦੀ ਖੇਡ ਹੈ, ਜਦਕਿ ਹੋਲਾ ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਦੀ ਭਾਵਨਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੀ ਪ੍ਰੰਪਰਾਗਤ ਰਵਾਇਤ ਤੋਂ ਹਟ ਕੇ ਇਸ ਨੂੰ ਹੋਲਾ-ਮਹੱਲਾ ਦੇ ਵਿਲੱਖਣ ਰੂਪ 'ਚ ਮਨਾਉਣਾ ਆਰੰਭ ਕੀਤਾ ਅਤੇ ਇਸ ਤਿਉਹਾਰ ਨੂੰ ਖ਼ਾਲਸਾ-ਪੰਥ ਵਿਚ ਚੜ੍ਹਦੀ ਕਲਾ ਦੀ ਭਾਵਨਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਸਾਰਥਿਕ ਅਰਥ ਦਿੱਤੇ ਤੇ ਨਵੇਂ ਢੰਗ-ਤਰੀਕੇ ਅਪਣਾਏ।

ਮੌਸਮੀ ਤਬਦੀਲੀ ਦੇ ਪੱਖ ਤੋਂ 'ਹੋਲੀ' ਬਸੰਤ ਰੁੱਤ ਦੇ ਆਗਮਨ ਦੇ ਨਾਲ ਨਾਲ ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਮਾਨਵ ਚੇਤਨਾ 'ਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਮਨਾਉਣ ਦਾ ਉਪਦੇਸ਼ ਦਿੱਤਾ ਹੈ:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ
ਸੇ ਅਹਿਨਿਸਿ ਫਿਰਹਿ ਜਲੰਤ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 791)

ਗੁਰੂ ਸਾਹਿਬ ਦੀ ਮਾਨਵ-ਸਮਾਜ ਨੂੰ ਵੱਡਮੁਲੀ ਦੇਣ ਹੀ ਇਹ ਹੈ ਕਿ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਸੰਪੂਰਨ, ਸਿਖਿਆਦਾਇਕ ਤੇ ਉਸਾਰੂ ਬਨਾਉਣ ਦੀ ਪ੍ਰੇਰਨਾ ਦਿੱਤੀ ਹੈ। ਏਸੇ ਲਈ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਗੁਰਬਾਣੀ ਵਿਚ ਪਰਮਾਰਥ ਦੇ ਮਾਰਗ ਦੀ ਅਨੰਦਮਈ ਹੋਲੀ ਖੇਡਣ ਦੀ ਇਸ ਤਰ੍ਹਾਂ ਪ੍ਰੇਰਨਾ ਕੀਤੀ ਹੈ:

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥ 1 ॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥ 1 ॥ ਰਹਾਉ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥ 2 ॥
(ਪੰਨਾ 1180)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ:

ਰਾਜ ਕਿਸੇ ਕੋ ਕੋਇ ਨ ਦੈ ਹੈਂ।
ਜੋ ਲੈ ਹੈ ਨਿਜ ਬਲ ਸੋਂ ਲੈ ਹੈਂ। (ਪੰਥ ਪ੍ਰਕਾਸ਼)

ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ 'ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪ੍ਰਵਾਨ' ਅਨੁਸਾਰ ਕੇਵਲ ਕਥਨ ਕਰਨ ਨਾਲ ਹੀ ਨਹੀਂ, ਸਗੋਂ ਅੱਖੀਂ ਦੇਖਣ ਨਾਲ ਪਤਾ ਲੱਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕਢਦਾ ਹੈ। ਕਵੀ ਸੁਮੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਨੂੰ ਇਸ ਤਰ੍ਹਾਂ ਲਿਖਦੇ ਹਨ:

ਔਰਨ ਕੀ ਹੋਲੀ ਮਮ ਹੋਲਾ।
ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂ-ਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ। ਆਓ! ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਆਪਣੇ ਗੌਰਵਮਈ ਵਿਰਸੇ ਅਤੇ ਜੁਝਾਰੂ ਬਿਰਤੀ ਦੀ ਸ਼ਕਤੀ ਨਾਲ ਨਸ਼ਿਆਂ ਤੇ ਪਤਿੱਤਪੁਣੇ ਵਿਰੁੱਧ ਜੂਝੀਏ। ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦਾ ਪ੍ਰਣ ਲਈਏ ਅਤੇ ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਸਰਬੰਸ-ਦਾਨੀ ਦਸਮੇਸ਼ ਪਿਤਾ ਦੇ ਸੱਚੇ ਸਪੂਤ ਬਣੀਏ।

# ਚਾਬੀਆਂ ਦਾ ਮੋਰਚਾ


ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA






ਸੰਨ 1849 ਵਿਚ ਅੰਗਰੇਜ਼ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨਤਾਰਨ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੀ ਥਾਪੇ ਸੰਚਾਲਕਾਂ ਦੇ ਹੱਥ ਦੇ ਦਿੱਤਾ। ਬਾਕੀ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤ ਪੁਜਾਰੀ ਹੀ ਸਰਕਾਰੀ ਹੀ ਸਨ। ਉਨ੍ਹਾਂ ਦੀਆਂ ਗੁਰਮਤਿ ਮਰਿਆਦਾ ਭੰਗ ਕਰਨ ਦੀਆਂ ਮਨਮਾਨੀਆਂ ਦਾ ਜ਼ੋਰ ਸੀ। ਗੁਰੂ ਸਿੰਘ ਸਭਾ ਦੇ ਆਗੂਆਂ ਨੇ ਉਨ੍ਹਾਂ ਦੀਆਂ ਕੋਝੀਆਂ ਹਰਕਤਾਂ ਖ਼ਤਮ ਕਰਨ ਦੇ ਯਤਨਾਂ ਵਿਚ ਗੁਰਮਤਿ ਮਰਿਆਦਾ ਬਹਾਲ ਕਰਨ ਦਾ ਪ੍ਰਚਾਰ ਹੋਇਆ। ਸਭਾ ਨੇ ਸੰਗਤਾਂ ਨੂੰ ਸਿੱਖ ਧਰਮ ਪ੍ਰਤੀ ਜਾਗ੍ਰਿਤ ਕੀਤਾ, ਜਿਸ ਨਾਲ ਸਿੱਖ ਧਰਮ ਵਿਚ ਸੁਧਾਰ ਹੋਣ ਲੱਗਾ। ਇਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਤੇ ਪੁਜਾਰੀਆਂ ਨੇ ਇਸਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਸਜੇ ਦੀਵਾਨਾਂ ਵਿਚ ਦੁਰਾਚਾਰੀ ਪ੍ਰਬੰਧਕਾਂ ਨੂੰ ਸੁਧਾਰਨ ਦੀ ਚਿਤਾਵਨੀ ਵੀ ਦਿੱਤੀ ਪਰ ਉਨ੍ਹਾਂ ਨੂੰ ਤਾਂ ਸਰਕਾਰੀ ਸ਼ਹਿ ਪ੍ਰਾਪਤ ਸੀ। ਸੰਗਤਾਂ ਉੱਤੇ ਸਰਕਾਰੀ ਦਬਾਅ ਸੀ। ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ, ਤਾਂ ਉਨ੍ਹਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ।

ਭਾਵੇਂ ਅਕਤੂਬਰ 1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਆ ਚੁੱਕਾ ਸੀ। ਪਰ ਅੰਗਰੇਜ਼ ਹਕੂਮਤ ਨੇ ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਸਰਕਾਰੀ ਨਿਗਰਾਨ ਨਿਯੁਕਤ ਕਰ ਲਿਆ। ਜਿਸ ਦੇ ਕੋਲ ਖਜ਼ਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਜਾਣ ਲਿਆ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਸਰਕਾਰੀ ਦਖਲਅੰਦਾਜ਼ੀ ਹੈ। ਇਹ ਗੁਰਦੁਆਰਿਆਂ 'ਤੇ ਸਰਕਾਰੀ ਕਬਜ਼ੇ ਰੱਖਣ ਦੀ ਚਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ 20, 1921 ਨੂੰ ਇਹ ਫੈਸਲਾ ਕੀਤਾ ਕਿ ਚਾਬੀਆਂ ਕਮੇਟੀ ਦੇ ਪ੍ਰਧਾਨ ਸ. ਖੜਕ ਸਿੰਘ ਜੀ ਨੂੰ ਸੌਂਪਣੀਆਂ ਚਾਹੀਦੀਆਂ ਹਨ। ਨਵੰਬਰ 7, 1921 ਨੂੰ ਜ਼ਿਲ੍ਹਾ ਅਧਿਕਾਰੀ ਅੰਮ੍ਰਿਤਸਰ ਨੇ ਚਾਬੀਆਂ ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ ਤੋਂ ਚਾਬੀਆਂ ਲੈ ਕੇ ਸਰਕਾਰੀ ਕਬਜ਼ੇ ਵਿਚ ਕਰ ਲਈਆਂ। ਨਵੰਬਰ 11, 1921 ਨੂੰ ਸਰਕਾਰ ਨੇ ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਬਦਲ ਕੇ ਕਪਤਾਨ ਬਹਾਦਰ ਸਿੰਘ ਜੀ ਨੂੰ ਨਿਗਰਾਨ ਨਿਯੁਕਤ ਕਰ ਦਿੱਤਾ। ਸੰਗਤਾਂ ਨੇ ਇਸ ਦਾ ਵਿਰੋਧ ਕੀਤਾ, ਜੋ ਚਾਬੀਆਂ ਦੇ ਮੋਰਚੇ ਦਾ ਆਰੰਭ ਸੀ।

ਨਵੰਬਰ 12, 1921 ਨੂੰ ਰੋਸ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਜੀ ਨੇ ਸੰਬੋਧਨ ਕੀਤਾ। ਅਜਿਹਾ ਹੀ ਰੋਸ ਵਿਦਰੋਹ ਗੁਜਰਾਂਵਾਲਾ, ਗੁਜ਼ਰਖਾਨ ਅਤੇ ਅਜਨਾਲਾ ਵਿਖੇ ਵੀ ਹੋਇਆ। ਕੈਪਟਨ ਬਹਾਦਰ ਸਿੰਘ ਜੀ ਨੇ ਅਸਤੀਫਾ ਦੇ ਦਿੱਤਾ। ਸਰਕਾਰੀ ਟਕਰਾਉ ਜਾਰੀ ਰਿਹਾ। ਸਰਕਾਰ ਨੇ ਜਬਰੀ ਕਬਜ਼ਾ ਕਰਕੇ ਚਾਬੀਆਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਸਰਦਾਰ ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਨੂੰ 26 ਨਵੰਬਰ, 1921 ਨੂੰ ਅਜਨਾਲਾ ਦੇ ਦਿਵਾਨ ਵਿਚੋਂ ਗ੍ਰਿਫ਼ਤਾਰ ਕਰ ਲਿਆ। ਗੁਰਦੁਆਰਾ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਅੰਮ੍ਰਿਤਸਰ ਦੀ ਇਕੱਤਰਤਾ ਮੁਲਤਵੀ ਕਰ ਦਿੱਤੀ। ਪਰ 50 ਤੋਂ ਵੱਧ ਮੈਂਬਰ ਅਜਨਾਲਾ ਦਿਵਾਨ ਜਾਰੀ ਰੱਖਣ ਲਈ ਪੁੱਜ ਗਏ। ਸ. ਬਹਾਦਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਲਾਇਲਪੁਰੀ ਆਦਿ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ। ਨਵੰਬਰ 27, 1921 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਨਿਖੇਧੀ ਕੀਤੀ। ਸੰਗਤਾਂ ਨੂੰ 4 ਦਸੰਬਰ, 1921 ਨੂੰ ਰੋਸ ਦਿਵਸ ਰੱਖਣ ਦੀ ਅਪੀਲ ਕੀਤੀ, ਜਿਸ ਨਾਲ ਮੋਰਚਾ ਜ਼ੋਰ ਪਕੜ ਗਿਆ। ਸਰਕਾਰ ਵੀ ਬੇਵੱਸ ਹੋ ਗਈ ਸੀ।

ਅੰਗਰੇਜ਼ ਸਰਕਾਰ ਨੇ ਵਕਤ ਵਿਚਾਰਿਆ ਕਿ ਭਾਰੀ ਮੋਰਚੇ ਦੇ ਅਸਰ ਹੇਠ ਫੌਜ ਅਤੇ ਕਿਸਾਨ ਵੀ ਬਾਗੀ ਹੋ ਜਾਣਗੇ। ਜਿਸ ਦਾ ਆਰਥਿਕ ਵਿਕਾਸ 'ਤੇ ਅਸਰ ਹੋਵੇਗਾ। ਰੋਜ਼ਮਰਾ ਦੇ ਕੰਮਕਾਰ ਵੀ ਠੱਪ ਹੋ ਕੇ ਰਹਿ ਜਾਣਗੇ। ਜਿਸ ਨਾਲ ਸਰਕਾਰ ਦੀ ਮਾਲੀ ਸਥਿਤੀ ਵਿਗੜ ਸਕਦੀ ਹੈ। ਜਨਵਰੀ 3, 1922 ਨੂੰ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਜਨਵਰੀ 5, 1922 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ 'ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਉਦੋਂ ਤੱਕ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ, ਜਦ ਤੱਕ ਸਾਰੇ ਸਿੰਘ ਰਿਹਾਅ ਨਹੀਂ ਹੋ ਜਾਣਗੇ।

ਜਨਵਰੀ 19, 1922 ਨੂੰ ਸਰ ਜੌਹਨ ਮੇਨਾਰਡ ਗ੍ਰਹਿ ਵਿਭਾਗ ਦੇ ਅਧਿਕਾਰੀ ਨੇ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਫਿਰ ਵੀ ਸੰਗਤਾਂ ਨੇ ਜ਼ਿਲ੍ਹਾ ਅਧਿਕਾਰੀ ਕੋਲ ਜਾ ਕੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਸਰਕਾਰੀ ਅਧਿਕਾਰੀ ਨੇ ਅਕਾਲ ਤਖ਼ਤ ਦੇ ਦਿਵਾਨ ਵਿਚ ਪਹੁੰਚ ਕੇ ਚਾਬੀਆਂ ਲਾਲ ਕੱਪੜੇ ਵਿਚ ਵਲੇਟ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ। ਸਿੱਖ ਪੰਥ ਦੀ ਸ਼ਾਨਦਾਰ ਜਿੱਤ ਹੋਈ। ਅਕਾਲੀਆਂ ਦੀ ਇਸ ਜਿੱਤ ਦਾ ਦੇਸ਼ ਭਰ ਵਿਚ ਸਵਾਗਤ ਹੋਇਆ। ਜਨਤਕ ਮੋਰਚਿਆਂ ਦਾ ਰਾਹ ਖੁੱਲ੍ਹਿਆ।

ਵਕਤੀ ਵਕਫਾ ਪਾ ਕੇ ਅੰਗਰੇਜ਼ ਹਕੂਮਤ ਆਪਣੀ ਹਾਰ ਦਾ ਬਦਲਾ ਲੈਣ 'ਤੇ ਉਤਰ ਆਈ। ਸਿੰਘਾਂ ਦੀਆਂ ਨਾਜਾਇਜ਼ ਗ੍ਰਿਫ਼ਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗ੍ਰਿਫ਼ਤਾਰੀਆਂ ਦੀ ਗਿਣਤੀ 2 ਹਜ਼ਾਰ 'ਤੇ ਪੁੱਜ ਗਈ। ਸਿੰਘਾਂ ਦੇ ਰੋਜ਼ਾਨਾ ਜੀਵਨ 'ਤੇ ਵੀ ਸਖ਼ਤੀ ਹੋਣ ਲੱਗੀ। ਸਰਕਾਰ ਵਿਰੁੱਧ ਜਨਤਕ ਲਹਿਰਾਂ ਉੱਠੀਆਂ। ਸਿੰਘਾਂ ਨੂੰ ਹੋਰ ਬੜੇ ਮੋਰਚੇ ਲਾਉਣੇ ਪਏ। ਇਸ ਤਰ੍ਹਾਂ 'ਚਾਬੀਆਂ ਦਾ ਮੋਰਚਾ' ਇਤਿਹਾਸ ਹੋ ਗਿਆ।

# ਬਹੁਤ ਜ਼ਿਆਦਾ ਸੌਣ ਨਾਲ ਯਾਦਦਾਸ਼ਤ ਘੱਟ ਸਕਦੀ ਹੈ


ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA







ਇਹ ਸਭ ਜਾਣਦੇ ਹਨ ਕਿ ਨੀਂਦ ਦੀ ਘਾਟ ਯਾਦਦਾਸ਼ਤ ਦੇ ਨੁਕਸਾਨ ਦਾ ਖ਼ਤਰਾ ਵਧਾ ਸਕਦੀ ਹੈ, ਪਰ ਹੁਣ ਵਿਗਿਆਨੀਆਂ ਨੇ ਪਾਇਆ ਹੈ ਕਿ ਇਸ ਮਾਮਲੇ ਵਿਚ ਬਹੁਤ ਜ਼ਿਆਦਾ ਨੀਂਦ ਲੈਣਾ ਵੀ ਓਨਾ ਹੀ ਨੁਕਸਾਨਦੇਹ ਹੋ ਸਕਦਾ ਹੈ। ਖੋਜ ਤੋਂ ਪਤਾ ਲੱਗਾ ਹੈ ਕਿ ਨੌਂ ਘੰਟੇ ਜਾਂ ਇਸ ਤੋਂ ਵੱਧ ਸੌਣ ਨਾਲ ਯਾਦਦਾਸ਼ਤ ਵਿਚ ਗਿਰਾਵਟ ਆਉਂਦੀ ਹੈ। ਯੂਨੀਵਰਸਿਟੀ ਆਫ਼ ਟੈਕਸਾਸ ਹੈਲਥ ਸਾਇੰਸ ਸੈਂਟਰ ਦੇ ਵਿਗਿਆਨੀਆਂ ਨੇ ਆਪਣੀ ਖੋਜ ਵਿਚ ਪਾਇਆ ਕਿ ਲੰਬੀ ਨੀਂਦ ਯਾਦਦਾਸ਼ਤ ਲਈ ਜੋਖਮ ਦਾ ਕਾਰਕ ਹੋ ਸਕਦੀ ਹੈ। ਖੋਜਕਰਤਾਵਾਂ ਦੇ ਅਨੁਸਾਰ, ਇਸ ਖੋਜ ਲਈ 27-85 ਸਾਲ ਦੀ ਉਮਰ ਦੇ 1,853 ਸਿਹਤਮੰਦ ਬਾਲਗਾਂ ਨੂੰ ਚੁਣਿਆ ਗਿਆ ਸੀ। ਇਹ ਦੇਖਣ ਦੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਦੀ ਨੀਂਦ ਦੀ ਮਿਆਦ ਉਨ੍ਹਾਂ ਦੇ ਦਿਮਾਗ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਇਸ ਤੋਂ ਬਾਅਦ, ਭਾਗੀਦਾਰਾਂ ਦੀ ਯਾਦਦਾਸ਼ਤ, ਤਰਕ ਕਰਨ ਦੀ ਯੋਗਤਾ ਅਤੇ ਦ੍ਰਿਸ਼ਟੀ-ਸਥਾਨਿਕ ਜਾਗਰੂਕਤਾ ਅਤੇ ਪ੍ਰਤੀਕ੍ਰਿਆ ਮਾਪਦੰਡਾਂ ਦੀ ਹਰ ਚਾਰ ਸਾਲਾਂ ਬਾਅਦ ਜਾਂਚ ਕੀਤੀ ਗਈ। ਭਾਗੀਦਾਰਾਂ ਨੇ ਹਰ ਚਾਰ ਸਾਲਾਂ ਬਾਅਦ ਇੱਕ ਸਰਵੇਖਣ ਵਿਚ ਵੀ ਹਿੱਸਾ ਲਿਆ। ਇਸ ਵਿਚ ਉਸਨੇ ਦੱਸਿਆ ਕਿ ਉਹ ਹਰ ਰਾਤ ਕਿੰਨੇ ਘੰਟੇ ਸੌਂਦਾ ਸੀ। ਟੈਸਟਾਂ ਅਤੇ ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਦੋ ਦਹਾਕਿਆਂ ਦੇ ਅਧਿਐਨ ਸਮੇਂ ਦੌਰਾਨ ਹਰ ਰਾਤ ਨੌਂ ਜਾਂ ਵੱਧ ਘੰਟੇ ਸੌਣ ਵਾਲੇ ਲੋਕਾਂ ਨੇ ਚਾਰਾਂ ਟੈਸਟਾਂ ਵਿਚ ਕਾਫ਼ੀ ਮਾੜਾ ਪ੍ਰਦਰਸ਼ਨ ਕੀਤਾ। ਇਸ ਆਧਾਰ 'ਤੇ, ਖੋਜ ਨੇ ਲੰਬੀ ਨੀਂਦ ਨੂੰ ਅਲਜ਼ਾਈਮਰ ਦੇ ਵਧੇ ਹੋਏ ਜੋਖਮ ਨਾਲ ਵੀ ਜੋੜਿਆ ਹੈ। ਅਲਜ਼ਾਈਮਰ ਰੋਗ ਯਾਦਦਾਸ਼ਤ ਦੇ ਨੁਕਸਾਨ ਦਾ ਸਭ ਤੋਂ ਆਮ ਕਾਰਨ ਹੈ। ਇਹ ਬਿਮਾਰੀ ਚਿੰਤਾ, ਉਲਝਣ ਅਤੇ ਥੋੜ੍ਹੇ ਸਮੇਂ ਲਈ ਯਾਦਦਾਸ਼ਤ ਦੀ ਘਾਟ ਦਾ ਕਾਰਨ ਬਣ ਸਕਦੀ ਹੈ। ਵਿਗਿਆਨੀਆਂ ਨੇ ਪਾਇਆ ਕਿ ਸਭ ਤੋਂ ਮਾੜੇ ਨਤੀਜੇ ਉਨ੍ਹਾਂ ਲੋਕਾਂ ਵਿਚ ਦੇਖੇ ਗਏ, ਜਿਨ੍ਹਾਂ ਵਿਚ ਡਿਪਰੈਸ਼ਨ ਦੇ ਲੱਛਣ ਦਿਖਾਈ ਦਿੱਤੇ ਅਤੇ ਉਨ੍ਹਾਂ ਲੋਕਾਂ ਵਿਚ ਜੋ ਰਾਤ ਨੂੰ ਔਸਤਨ ਨੌਂ ਜਾਂ ਵੱਧ ਘੰਟੇ ਸੌਂਦੇ ਸਨ।

ਬਹੁਤ ਜ਼ਿਆਦਾ ਸੌਣਾ ਖ਼ਤਰਨਾਕ ਕਿਉਂ ਹੈ? ਮਾਹਿਰਾਂ ਨੂੰ ਪੂਰੀ ਤਰ੍ਹਾਂ ਯਕੀਨ ਨਹੀਂ ਹੈ ਕਿ ਬਹੁਤ ਜ਼ਿਆਦਾ ਨੀਂਦ ਡਿਮੈਂਸ਼ੀਆ ਵਿਚ ਕਿਵੇਂ ਯੋਗਦਾਨ ਪਾ ਸਕਦੀ ਹੈ। ਹਾਲਾਂਕਿ, ਸਵੀਡਨ ਦੇ ਇੱਕ ਅਧਿਐਨ ਨੇ ਸੁਝਾਅ ਦਿੱਤਾ ਹੈ ਕਿ ਇਸਦਾ ਕਾਰਨ ਸਾਡੀ 'ਸੈਕੰਡਰੀ' ਤਾਲ 'ਤੇ ਇਸਦੇ ਪ੍ਰਭਾਵ ਵਿਚ ਹੋ ਸਕਦਾ ਹੈ। ਸੈਕੇਂਡ ਰਿਦਮ ਸਾਡੀ ਨੀਂਦ ਅਤੇ ਜਾਗਣ ਦਾ ਕੁਦਰਤੀ ਚੱਕਰ ਹੈ, ਜੋ ਸਰੀਰ ਦੇ ਕਈ ਕਾਰਜਾਂ ਨੂੰ ਨਿਰਧਾਰਤ ਕਰਦਾ ਹੈ। ਸਟਾਕਹੋਮ ਦੇ ਕੈਰੋਲਿੰਸਕਾ ਇੰਸਟੀਚਿਊਟ ਦੇ ਮਾਹਿਰਾਂ ਨੇ ਦਲੀਲ ਦਿੱਤੀ ਹੈ ਕਿ ਦਿਨ ਵੇਲੇ ਨੀਂਦ ਆਉਣਾ ਦਿਮਾਗ ਦੀ ਦਿਨ ਦੌਰਾਨ ਜਮ੍ਹਾਂ ਹੋਏ ਕੂੜੇ ਨੂੰ ਸਾਫ਼ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਵਿਗਿਆਨੀਆਂ ਨੇ ਕਿਹਾ ਕਿ ਇਹ ਵੀ ਸੰਭਵ ਹੈ ਕਿ ਅਲਜ਼ਾਈਮਰ ਦੀ ਸ਼ੁਰੂਆਤ ਕਾਰਨ ਦਿਮਾਗ ਨੂੰ ਨੁਕਸਾਨ ਬਹੁਤ ਜ਼ਿਆਦਾ ਨੀਂਦ ਦੀ ਜ਼ਰੂਰਤ ਪੈਦਾ ਕਰ ਸਕਦਾ ਹੈ। ਸਿਹਤ ਮਾਹਿਰਾਂ ਅਨੁਸਾਰ, ਸਾਰੇ ਬਾਲਗਾਂ ਨੂੰ ਰਾਤ ਨੂੰ ਘੱਟੋ-ਘੱਟ ਸੱਤ ਤੋਂ ਅੱਠ ਘੰਟੇ ਡੂੰਘੀ ਨੀਂਦ ਲੈਣੀ ਚਾਹੀਦੀ ਹੈ, ਤਾਂ ਜੋ ਦਿਮਾਗ ਦਿਨ ਦੀ ਜਾਣਕਾਰੀ ਨੂੰ ਚੰਗੀ ਤਰ੍ਹਾਂ ਸੰਭਾਲ ਸਕੇ। ਜੇਕਰ ਲੋਕਾਂ ਨੂੰ ਕਾਫ਼ੀ ਨੀਂਦ ਨਹੀਂ ਆਉਂਦੀ, ਤਾਂ ਇਹ ਉਨ੍ਹਾਂ ਦੇ ਦਿਮਾਗ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਾਰੀਆਂ ਖੋਜਾਂ ਦੇ ਆਧਾਰ 'ਤੇ, ਇਹ ਕਿਹਾ ਜਾ ਸਕਦਾ ਹੈ ਕਿ ਚੰਗੀ ਨੀਂਦ ਦਿਮਾਗ ਲਈ ਬਹੁਤ ਫਾਇਦੇਮੰਦ ਹੁੰਦੀ ਹੈ ਅਤੇ ਇਹ ਸਾਡੀ ਯਾਦਦਾਸ਼ਤ ਨੂੰ ਤੇਜ਼ ਕਰਨ ਵਿਚ ਮਦਦ ਕਰਦੀ ਹੈ। ਇਹ ਜਾਣਿਆ ਜਾਂਦਾ ਹੈ ਕਿ ਨੀਂਦ ਦੌਰਾਨ ਦਿਮਾਗ ਸਰਗਰਮ ਰਹਿੰਦਾ ਹੈ, ਜੋ ਸਾਨੂੰ ਪੂਰੇ ਦਿਨ ਦੀ ਜਾਣਕਾਰੀ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਯਾਦ ਰੱਖਣ ਵਿਚ ਮਦਦ ਕਰਦਾ ਹੈ। ਪਰ, ਲੋੜ ਤੋਂ ਵੱਧ ਸੌਣਾ ਨੁਕਸਾਨਦੇਹ ਹੈ।

# ਗੁਮਰਾਹਕੁੰਨ ਇਸ਼ਤਿਹਾਰ

-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com



ਪੰਜਾਬ ਮੇਲ USA




ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਪਾਕਿਸਤਾਨ ਵਿਖੇ ਭੇਜੇ ਜਾਣ ਵਾਲੇ ਜਥੇ ਵਿਚ ਸ਼ਾਮਲ ਹੋਣ ਵਾਲੀਆਂ ਸਿੱਖ ਸੰਗਤਾਂ ਤੋਂ ਪਾਸਪੋਰਟ ਜਮਾਂ ਕਰਵਾਉਣ ਲਈ ਇਹ ਇਸ਼ਤਿਹਾਰ ਜਾਰੀ ਕੀਤਾ ਹੈ। ਪਰ ਇਸ ਵਿਚ ਇਹ ਨਹੀਂ ਦੱਸਿਆ ਗਿਆ ਕਿ ਜਥਾ ਕਿੰਨੀ ਤਾਰੀਖ ਨੂੰ ਜਾਵੇਗਾ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਕਿੰਨੀ ਤਾਰੀਖ ਨੂੰ ਮਨਾਇਆ ਜਾਵੇਗਾ ਅਤੇ ਜਥਾ ਕਦੋਂ ਵਾਪਸ ਆਵੇਗਾ।

ਯਾਦ ਰਹੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ, ਨਾਨਕਸ਼ਾਹੀ ਕੈਲੰਡਰ ਮੁਤਾਬਕ ਹਰ ਸਾਲ ਇਹ ਦਿਹਾੜਾ 2 ਹਾੜ (16 ਜੂਨ) ਨੂੰ ਮਨਾਇਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਚੰਦਰ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਮੁਤਾਬਕ ਇਹ ਦਿਹਾੜਾ ਜੇਠ ਸੁਦੀ ਚੌਥ ਨੂੰ ਮਨਾਇਆ ਜਾਂਦਾ ਹੈ। ਇਸ ਸਾਲ ਜੇਠ ਸੁਦੀ ਚੌਥ, 20 ਮਈ ਨੂੰ ਆ ਰਹੀ ਹੈ। ਇਸ ਸਾਲ ਜੇਠ ਦਾ ਮਹੀਨਾ, ਮਲ ਮਾਸ ਹੋਣ ਕਾਰਨ ਜੇਠ ਸੁਦੀ ਚੌਥ (20 ਮਈ) ਅਸ਼ੁਭ ਹੋਵੇਗੀ। ਕੀ ਸ਼੍ਰੋਮਣੀ ਕਮੇਟੀ ਵੀ ਆਪਣੇ ਦਿਹਾੜੇ ਵਿਪਰ ਦੇ ਵਿਧਾਨ ਮੁਤਾਬਕ ਹੀ ਮਨਾਏਗੀ? ਦੂਜੀ ਜੇਠ ਸੁਦੀ ਚੋਥ 18 ਜੂਨ ਨੂੰ ਆਵੇਗੀ। ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਜਥਾ ਜੇਠ ਸੁਦੀ ਚੌਥ (18 ਜੂਨ) ਨੂੰ ਭੇਜੇਗੀ? ਦੋਵਾਂ ਹਾਲਤਾਂ ਵਿਚ ਪਾਕਿਸਤਾਨ ਦੇ ਸਫਾਰਤਖਾਨੇ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਦਿੱਤਾ ਜਾਵੇਗਾ। ਤਾਂ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਸਿੱਖ ਸ਼ਰਧਾਲੂਆ ਨੂੰ ਖੱਜਲ ਕਿਉਂ ਕਰਦੀ ਹੈ? ਜ਼ਰਾ ਸੋਚੋ, ਸ਼ਰਧਾਲੂਆਂ ਦੇ ਮਨ ਵਿਚ ਕਿੰਨਾ ਉਤਸ਼ਾਹ ਹੋਵੇਗਾ ਕਿ ਅਸੀਂ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ’ਤੇ ਪਾਕਿਸਤਾਨ ਜਾ ਰਹੇ ਹਾਂ। ਇਕ ਲੰਮੀ ਉਡੀਕ ਮਗਰੋਂ, ਜਦੋਂ ਸ਼੍ਰੋਮਣੀ ਕਮੇਟੀ ਆਪਣੀ ਨਲਾਇਕੀ ਨੂੰ ਪਾਕਿਸਤਾਨ ਸਰਕਾਰ ਦੇ ਸਿਰ ਮੜ ਕੇ, ਇਹ ਕਹੇਗੀ ਕਿ ਪਾਕਿਸਤਾਨ ਸਰਕਾਰ ਨੇ ਵੀਜ਼ਾ ਨਹੀਂ ਦਿੱਤਾ, ਤਾਂ ਸ਼ਰਧਾਲੂਆਂ ਨੇ ਮਨ ਨੂੰ ਕਿੰਨੀ ਠੇਸ ਪਹੁੰਚੇਗੀ?

ਜੇ ਕਮੇਟੀ ਇਹ ਸੋਚਦੀ ਹੈ ਕਿ ਅਸੀ ਜਥਾ 2 ਹਾੜ (16 ਜੂਨ) ਮੁਤਾਬਕ ਭੇਜਣਾ ਹੈ, ਕਿਹੜਾ ਕਿਸੇ ਨੂੰ ਪਤਾ ਲੱਗਣਾ ਕਿ ਕਿ ਅਸੀਂ ਜਥਾ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਭੇਜਿਆ ਹੈ। ਤਾਂ ਇਸ ਗਲਤਫਹਿਮੀ ਵਿਚੋਂ ਬਾਹਰ ਆ ਕੇ ਕਮੇਟੀ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਕਿ ਜਥਾ ਕਿੰਨੀ ਤਾਰੀਖ ਨੂੰ ਜਾਵੇਗਾ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 2 ਹਾੜ (16 ਜੂਨ) ਨੂੰ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਖੇ ਮਨਾਇਆ ਜਾਵੇਗਾ ਅਤੇ ਕਿੰਨੀ ਤਾਰੀਖ ਨੂੰ ਵਾਪਸ ਆਵੇਗਾ।

ਪਿਛਲੇ ਡੇਢ ਦਹਾਕੇ ਦਾ ਇਤਿਹਾਸ ਦੱਸਦਾ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਜਥੇ ਨੂੰ ਵੀਜ਼ਾ ਸਿਰਫ ਅਤੇ ਸਿਰਫ 2 ਹਾੜ (16 ਜੂਨ) ਮੁਤਾਬਕ ਹੀ ਦਿੱਤਾ ਜਾਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜਾ, ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਖੇ ਨਾਨਕਸ਼ਾਹੀ ਕੈਲੰਡਰ ਮੁਤਾਬਕ 2 ਹਾੜ (16 ਜੂਨ) ਮਨਾਇਆ ਜਾ ਸਕਦਾ ਹੈ, ਤਾਂ ਅੰਮ੍ਰਿਤਸਰ ਵਿਖੇ ਕਿਉਂ ਨਹੀ? ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਹ ਮੰਨਦੀ ਹੈ ਕਿ 17 ਮਈ ਤੋਂ 15 ਜੂਨ ਤੱਕ ਦੇ ਦਿਨ ਮਾੜੇ (ਮਲ ਮਾਸ) ਹਨ, ਇਸ ਕਰਕੇ ਹੀ, ਜੇਠ ਸੁਦੀ ਚੌਥ (20 ਮਈ) ਗੁਰੂ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਨਹੀਂ ਮਨਾਇਆ ਜਾ ਰਿਹਾ? ਜੇ ਅਜਿਹਾ ਹੀ ਹੈ, ਤਾਂ ਸਿੱਖ ਇਕ ਵੱਖਰੀ ਕੌਮ ਕਿਵੇਂ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਪਾਕਿਸਤਾਨ ਨੂੰ ਜਾਣ ਵਾਲੇ ਜਥੇ ਵਿਚ ਸ਼ਾਮਲ ਹੋਣ ਵਾਲੇ ਸਿੱਖ ਸ਼ਧਾਲੂਆ ਤੋਂ ਪਾਸਪੋਰਟ ਮੰਗਣ ਤੋਂ ਪਹਿਲਾ ਆਪਣੀ ਸਥਿਤੀ ਸਪੱਸ਼ਟ ਕੀਤੀ ਜਾਵੇ।

# ਮਨੁੱਖੀ ਜੀਵਨ ਦਾ ਭਵਿੱਖ ਬਹੁਤ ਧੁੰਦਲਾ

ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955



ਪੰਜਾਬ ਮੇਲ USA

ਅੱਜ ਦੇ ਸਮਾਜ ਦੇ ਹਰ ਖੇਤਰ ਦੀ ਦਸ਼ਾ ਦੇਖਦੇ ਹੋਏ ਮਨ ਦੁਬਿਧਾ ਵਿਚ ਪੈ ਜਾਂਦਾ ਹੈ ਕਿ ਮਨੁੱਖੀ ਭਵਿੱਖ ਬਹੁਤ ਧੁੰਦਲਾ ਹੈ। ਕਿਉਂਕਿ ਹਰ ਖੇਤਰ ਭਾਵੇਂ ਉਹ ਰਾਜਨੀਤਿਕ ਹੈ, ਧਾਰਮਿਕ ਹੈ, ਵਿੱਦਿਅਕ ਹੈ, ਮੈਡੀਕਲ ਹੈ, ਪੁਲਿਸ ਡਿਪਾਰਟਮੈਂਟ ਹੈ ਜਾਂ ਨਿਆਂਪਾਲਿਕਾ ਹੈ, ਸਭ ਵਿਚ ਭ੍ਰਿਸ਼ਟਾਚਾਰ, ਫਰਜ਼ ਦੀ ਕੁਤਾਹੀ ਤੇ ਵੱਢੀਖੋਰੀ ਦਾ ਬੋਲਬਾਲਾ ਹੈ। ਜਦੋਂ ਵਿਸ਼ੇਸ਼ ਵਿਅਕਤੀਆਂ ਦੀ ਇਹ ਦਸ਼ਾ ਹੈ, ਭਾਵ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ, ਤਾਂ ਖੇਤ ਫਿਰ ਕਿਵੇਂ ਬਚੇਗਾ? ‘ਰਾਜੇ ਸ਼ੀਂਹ ਮਕੱਦਮ ਕੁਤੇ’ ਵਾਲੀ ਗੱਲ ਹੋ ਚੁੱਕੀ ਹੈ, ਜਿਹੜੀ ਅੱਜ ਤੋਂ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਕਹੀ ਸੀ। ਸਾਰੇ ਸਮਾਜ ਦੀ ਦਸ਼ਾ ਹੀ ਉਸ ਵੇਲੇ ਦੇ ਸਮਾਜ ਵਾਲੀ ਹੋ ਚੁੱਕੀ ਹੈ, ਜਿਹੜੀ ਉਸ ਵੇਲੇ ਦੇ ਸਮਾਜ ਦੀ ਤਸਵੀਰ ਉਨ੍ਹਾਂ ਨੇ ਖਿੱਚੀ ਸੀ। ਇਸ ਦਾ ਕਾਰਨ ਸਾਫ ਹੈ ਕਿ ਮਨੁੱਖੀ ਸੋਚ ਬਦਲ ਚੁੱਕੀ ਹੈ। ਮਨੁੱਖ ਇੰਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਤੋਂ ਬਿਨਾਂ ਕੁੱਝ ਵੀ ਹੋਰ ਨਜ਼ਰ ਨਹੀਂ ਆਉਂਦਾ। ਪੈਸੇ ਦੇ ਬਦਲੇ ਵਿਚ ਰਿਸ਼ਤੇਦਾਰੀਆਂ, ਨੈਤਿਕ, ਮਨੁੱਖੀ ਕਦਰਾਂ-ਕੀਮਤਾਂ ਕੁੱਝ ਵੀ ਨਹੀਂ।

ਅੱਜ ਦਾ ਮਨੁੱਖ ਇਸ ਕਦਰ ਅਹੰਕਾਰੀ ਤੇ ਈਰਖਾਵਾਦੀ ਹੋ ਗਿਆ ਹੈ ਕਿ ਉਹ ਆਪਣਾ ਉੱਲੂ ਸਿੱਧਾ ਕਰਨ ਲਈ ਕੁੱਝ ਵੀ ਕਰ ਸਕਦਾ ਹੈ। ਨਿਮਰਤਾ, ਸਹਿਣਸ਼ੀਲਤਾ, ਸਬਰ-ਸੰਤੋਖ ਖੰਭ ਲਾ ਕੇ ਮਨੁੱਖ ਕੋਲੋਂ ਉੱਡ ਗਏ ਹਨ, ਜਿਸ ਕਰਕੇ ਪਰਿਵਾਰਾਂ ਵਿਚ ਸ਼ਾਂਤੀ ਨਹੀਂ। ਤਲਾਕ ਪੰਜਾਬੀ ਭਾਈਚਾਰੇ ਵਿਚ ਵੀ ਗੋਰਿਆਂ ਵਾਂਗੂੰ ਹੋਣੇ ਆਰੰਭ ਹੋ ਗਏ ਹਨ। ਬੱਚੇ ਆਪਹੁਦਰੇ ਹੋ ਰਹੇ ਹਨ। ਸੰਯੁਕਤ ਪਰਿਵਾਰਾਂ ਬਾਰੇ ਤਾਂ ਕੀ ਕਹਿਣਾ ਹੈ। ਮਾਨਵੀ ਗਲਤੀ ਕਾਰਨ ਕਿੰਨੀਆਂ ਘਟਨਾਵਾਂ ਹੋ ਰਹੀਆਂ ਹਨ। ਹਰ ਰੋਜ਼ ਐਕਸੀਡੈਂਟ, ਗੱਡੀਆਂ ਵਿਚ ਬੰਬ ਧਮਾਕੇ, ਸੜਕ ਹਾਦਸਿਆਂ ਵਿਚ ਇੰਨੀਆਂ ਮੌਤਾਂ ਹੋ ਰਹੀਆਂ ਹਨ ਕਿ ਮਨੁੱਖ ਦੇਖ ਕੇ ਤੇ ਸੁਣ ਕੇ ਅਸਚਰਜ ਰਹਿ ਜਾਂਦਾ ਹੈ ਕਿ ਮਨੁੱਖਤਾ ਦਾ ਕੀ ਬਣੇਗਾ? ਜੇਕਰ ਇਸੇ ਰਫਤਾਰ ਨਾਲ ਦੁਰਘਟਨਾਵਾਂ ਹੁੰਦੀਆਂ ਰਹੀਆਂ ਜਾਂ ਮਨੁੱਖ ਜਾਤੀ ਦਾ ਘਾਣ ਹੁੰਦਾ ਰਿਹਾ, ਤਾਂ ਦਸ਼ਾ ਬਹੁਤ ਚਿੰਤਾਜਨਕ ਹੋ ਜਾਵੇਗੀ। ਇਨ੍ਹਾਂ ਗੱਲਾਂ ਦਾ ਸੰਬੰਧ ਤਾਂ ਮਾਨਵੀ ਗਲਤੀਆਂ ਨਾਲ ਹੈ। ਯਤਨ ਕਰਨ ਨਾਲ ਇਹ ਸਭ ਕੁੱਝ ਠੀਕ ਹੋ ਸਕਦਾ ਹੈ। ਜੇਕਰ ਸਰਕਾਰਾਂ ਵਿਚ ਯੋਗ ਨੁਮਾਇੰਦੇ ਲੋਕਾਂ ਵੱਲੋਂ ਚੁਣ ਕੇ, ਸੰਸਦ ਤੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਵਿਚ ਭੇਜੇ ਜਾਣ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹ ਸਭ ਕੁੱਝ ਤਾਂ ਹੀ ਸੰਭਵ ਹੈ, ਜੇਕਰ ਵੋਟਰ ਸਿਆਣਾ, ਸੂਝਵਾਨ ਤੇ ਨਿੱਜੀ ਸੁਆਰਥਾਂ ਤੋਂ ਉਪਰ ਉੱਠ ਕੇ ਨੈਤਿਕਤਾ ਪੱਖੋਂ ਸ਼ਕਤੀਸ਼ਾਲੀ ਹੋਵੇ, ਜਿਹੜਾ ਕਿ ਇਸ ਵੇਲੇ ਕੋਈ ਦਿਖਾਈ ਨਹੀਂ ਦਿੰਦਾ।

ਵਿਅਕਤੀ ਤੇ ਸਮਾਜ ਤੋਂ ਬਾਅਦ ਕੁਦਰਤ ਵੀ ਇਨ੍ਹਾਂ ਸਾਰੀਆਂ ਚੀਜ਼ਾਂ ਲਈ ਜ਼ਿੰਮੇਵਾਰ ਹੈ। ਵਿਅਕਤੀ ਤੇ ਸਮਾਜ ਇਕੱਠੇ ਹੋ ਕੇ ਸੁਧਾਰ ਕਰ ਸਕਦੇ ਹਨ। ਭਾਵੇਂ ਕਿ ਕਠਿਨ ਜਾਪਦਾ ਹੈ ਪਰ ਕੁਦਰਤੀ ਆਫਤਾਂ ਨੂੰ ਮਨੁੱਖ ਕਿਵੇਂ ਪਾਰ ਕਰੇਗਾ? ਮਨੁੱਖ ਪਾਸ



ਇੰਨੀ ਸ਼ਕਤੀ ਅਜੇ ਨਹੀਂ ਆਈ ਕਿ ਉਹ ਕੁਦਰਤੀ ਆਫਤਾਂ ’ਤੇ ਕਾਬੂ ਪਾ ਸਕੇ। ਉਂਜ ਤਾਂ ਭਾਵੇਂ ਮਨੁੱਖ ਨੇ ਚੰਦ ’ਤੇ ਜਾਣ ਦੀ ਤਿਆਰੀ ਆਰੰਭ ਦਿੱਤੀ ਹੈ ਕਿ ਖੋਜ ਸ਼ੁਰੂ ਹੈ ਕਿ ਉਥੇ ਕੀ ਹੈ? ਮੌਸਮ ਵਿਚ ਪਰਿਵਰਤਨ, ਗਰਮੀ, ਸਰਦੀ ਵਿਚ ਪੁਰਾਣੇ ਰਿਕਾਰਡ ਬੀਟ ਹੋ ਰਹੇ ਹਨ। ਪ੍ਰਦੂਸ਼ਣ ਇੰਨਾ ਵਧ ਰਿਹਾ ਹੈ ਕਿ ਮਨੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਦੁਨੀਆਂ ਦੇ ਬਹੁਤ ਭਾਗਾਂ ਵਿਚ ਪਾਣੀ ਦੀ ਸਮੱਸਿਆ ਦਿਨ-ਬ-ਦਿਨ ਵਧ ਰਹੀ ਹੈ। ਪਾਣੀ ਥੱਲੇ ਜਾ ਰਿਹਾ ਹੈ। ਪਾਣੀ ਨੂੰ ਖੇਤੀ ਲਈ ਵਰਤਣ ਦੀ ਗੱਲ ਤਾਂ ਇਕ ਪਾਸੇ ਰਹੀ, ਪਾਣੀ ਦੀ ਤਾਂ ਪੀਣ ਦੀ ਸਮੱਸਿਆ ਵੀ ਆ ਸਕਦੀ ਹੈ। ਉਸ ਸੂਰਤ ਵਿਚ ਫਿਰ ਮਨੁੱਖੀ ਜੀਵਨ ਖਤਰੇ ਵਿਚ ਪੈ ਸਕਦਾ ਹੈ। ਇਸ ਤੋਂ ਪਹਿਲਾਂ ਕਦੀ ਇੰਨੇ ਭੂਚਾਲ ਨਹੀਂ ਆਏ ਸਨ ਅਤੇ ਨਾ ਹੀ ਸੁਨਾਮੀ ਲਹਿਰਾਂ ਵਰਗੀਆਂ ਕੁਦਰਤੀ ਆਫਤਾਂ ਦੇਖੀਆਂ ਸਨ। ਜੇ ਇਸ ਤਰ੍ਹਾਂ ਹੀ ਸਭ ਕੁੱਝ ਹੁੰਦਾ ਰਿਹਾ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਮਨੁੱਖੀ ਜੀਵਨ ਦਾ ਭਵਿੱਖ ਕੀ ਹੋਵੇਗਾ? ਇਸ ਬਾਰੇ ਸਰਕਾਰਾਂ, ਧਾਰਮਿਕ ਆਗੂਆਂ, ਵਿਗਿਆਨੀਆਂ, ਸਮਾਜ ਸ਼ਾਸਤਰੀਆਂ, ਦਾਰਸ਼ਨਿਕਾਂ ਤੇ ਮਨੋਵਿਗਿਆਨੀਆਂ ਲਈ ਚਿੰਤਾ ਦਾ ਵਿਸ਼ਾ ਹੈ, ਜਿਸ ਬਾਰੇ ਇਨ੍ਹਾਂ ਨੂੰ ਸੋਚਣ ਦੀ ਲੋੜ ਹੈ, ਤਾਂ ਜੋ ਜਿੰਨਾ ਸੰਭਵ ਹੋ ਸਕੇ, ਕੀਤਾ ਜਾਵੇ।

ਦੁਨੀਆਂ ਵਿਚ ਵਧ ਰਹੀ ਆਬਾਦੀ ਵੀ ਚਿੰਤਾ ਦਾ ਵਿਸ਼ਾ ਹੈ, ਪਰ ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ। ਕੋਰੋਨਾਵਾਇਰਸ ਵਰਗੀਆਂ ਬਿਮਾਰੀਆਂ ਵੀ ਮਨੁੱਖੀ ਭਵਿੱਖ ਲਈ ਖਤਰਾ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਦੁਖਾਂਤ ਲਈ ਕੁਦਰਤ ਬਹੁਤ ਵੱਡੀ ਜ਼ਿੰਮੇਵਾਰ ਹੈ। ਮਨੁੱਖ ਪਾਸ ਕੁਦਰਤ ਦਾ ਮੁਕਾਬਲਾ ਕਰਨ ਲਈ ਸ਼ਕਤੀ ਨਹੀਂ। ਇਸ ਕਰਕੇ ਕੁਦਰਤ ਦੇ ਭਾਣੇ ਨੂੰ ਮੰਨ ਲੈਣਾ ਚਾਹੀਦਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, “ਤੇਰਾ ਕੀਆ ਮੀਠਾ ਲਾਗੈ॥” ਪਰ ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ, ਮਨੁੱਖ ਦਾ ਬੁਰਾ ਨਾ ਕਰੇ, ਜਿਵੇਂ ਸਿੱਖ ਧਰਮ ਵਿਚ ਮਨੁੱਖ ਨੂੰ ਸ਼ੁੱਭ ਅਮਲ ਕਰਨ ’ਤੇ ਬਹੁਤ ਜ਼ੋਰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: ਸ਼ੁਭ ਅਮਲਾਂ ’ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, “ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ॥” ਇਸ ਲਈ ਮਨੁੱਖ ਨੂੰ ਕਦੀ ਗਲਤ ਕੰਮ ਨਹੀਂ ਕਰਨਾ ਚਾਹੀਦਾ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, “ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ।” ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕੇ ਭਲਾ ਕਰੋ, ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ, ਕਿਸੇ ਦਾ ਹੱਕ ਨਾ ਖਾਓ। ਨਿਮਰਤਾ ਦੇ ਧਾਰਨੀ ਬਣੋਂ, ਜਿਵੇਂ : ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, “ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ॥”

# ਰੱਬ ਨੂੰ ਵਿਸਾਰਨਾ ਸਭ ਤੋਂ ਵੱਡੀ ਅਕ੍ਰਿਤਘਣਤਾ




-ਡਾ. ਸਤਿੰਦਰ ਪਾਲ ਸਿੰਘ
ਈ 1716, ਰਾਜਾਜੀਪੁਰਮ
ਲਖਨਊ - 226017
ਪੰਜਾਬ ਮੇਲ USA




**ਮਨੁੱਖ ਪ੍ਰਮਾਤਮਾ ਪ੍ਰਤੀ ਅਗਿਆਨੀ ਕਿਵੇਂ ਹੋ ਸਕਦਾ ਹੈ। ਪ੍ਰਮਾਤਮਾ ਉਸ ਦਾ ਜੀਵਨ ਦਾਤਾ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ "ਮਿਲਿ ਮਾਤ ਪਿਤਾ ਪਿੰਡੁ ਕਮਾਇਆ॥ ਤਿਨਿ ਕਰਤੈ ਲੇਖੁ ਲਿਖਾਇਆ॥" ਮਾਤਾ-ਪਿਤਾ ਦਾ ਸੰਜੋਗ ਪ੍ਰਮਾਤਮਾ ਹੀ ਬਣਾਉਂਦਾ ਹੈ, ਤਾਂ ਪਿੰਡ ਬਣਦਾ ਹੈ। ਪਿੰਡ ਵਿਚ ਪ੍ਰਾਣ ਪ੍ਰਮਾਤਮਾ ਹੀ ਪਾਉਂਦਾ ਹੈ, ਉਸ ਦਾ ਜੀਵਨ ਮਨੋਰਥ ਨਿਸ਼ਚਿਤ ਕਰਦਾ ਹੈ। ਉਸ ਮਨੋਰਥ ਦੀ ਪ੍ਰਾਪਤੀ ਲਈ ਸਮਰੱਥਾ ਵੀ ਪ੍ਰਮਾਤਮਾ ਹੀ ਦਿੰਦਾ ਹੈ "ਲਿਖੁ ਦਾਤਿ ਜੋਤਿ ਵਡਿਆਈ॥" ਪ੍ਰਮਾਤਮਾ ਦੀ ਬਖਸ਼ੀ ਸਮਰੱਥਾ ਹੀ ਮਨੁੱਖ ਨੂੰ ਜੀਵਨ ਯੋਗ ਬਣਾਉਂਦੀ ਹੈ। ਪਰ ਮਨੁੱਖ ਜਦੋਂ ਮਾਇਆ ਸੇ ਸੰਪਰਕ ਵਿਚ ਆਉਂਦਾ ਹੈ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਵਿਸਾਰ ਦਿੰਦਾ ਹੈ "ਮਿਲਿ ਮਾਇਆ ਸੁਰਤਿ ਗਵਾਈ॥" ਪ੍ਰਮਾਤਮਾ ਨੇ ਚੌਰਾਸੀ ਲੱਖ ਜੋਨਿਆਂ ਵਿਚ ਭਟਕ ਰਹੇ ਜੀਵ ਨੂੰ ਮਨੁੱਖੀ ਜੂਨ ਬਖਸ਼ੀ। ਇਹ ਸਭ ਤੋਂ ਵੱਡੀ ਦਾਤ ਹੈ।**

ਮਨੁੱਖ ਨੂੰ ਜੋ ਦਿੱਸਦਾ ਹੈ, ਉਸ 'ਤੇ ਉਹ ਸਹਿਜ ਹੀ ਵਿਸ਼ਵਾਸ ਕਰ ਲੈਂਦਾ, ਜਿਸ ਤੋਂ ਕੁੱਝ ਵੀ ਪ੍ਰਾਪਤ ਹੋਵੇ, ਉਸ ਨੂੰ ਦਾਤਾ ਮੰਨ ਲੈਂਦਾ ਹੈ, ਜਿਸ ਦਾ ਹੁਕਮ ਚੱਲਦਾ ਹੋਵੇ, ਉਸ ਅੱਗੇ ਸਿਰ ਨਿਵਾਉਂਦਾ ਹੈ। ਸੰਸਾਰ ਵਿਚ ਵਿਆਪ ਰਹੀ ਮਾਇਆ ਦੀ ਖੇਡ ਮੋਹਕ ਪ੍ਰਤੀਤ ਹੁੰਦੀ ਹੈ। ਮਨੁੱਖ ਦੀਆਂ ਕਾਮਨਾਵਾਂ ਬੇਹਿਸਾਬ ਹਨ ਪਰ ਸਬਰ ਨਹੀਂ ਹੈ। ਉਸ ਨੂੰ ਤਤਕਾਲ ਲਾਭ ਚਾਹੀਦੇ। ਇਸ ਕਾਰਨ ਉਸ ਦੇ ਜੀਵਨ ਵਿਚ ਚੈਨ ਦੇ ਪਲ ਅਲੱਭ ਹੀ ਹੁੰਦੇ ਹਨ। ਇਹ ਵਿਵਹਾਰਕ ਜੀਵਨ ਦਾ ਸੱਚ ਹੈ। ਪਰ ਹਰ ਮਨੁੱਖ ਦੇ ਮਨ ਦੇ ਕਿਸੇ ਕੋਨੇ ਵਿਚ ਅਧਿਆਤਮਕ ਜੀਵਨ ਦੀ ਲੋਅ ਵੀ ਬਲ ਰਹੀ ਹੁੰਦੀ ਹੈ, ਜੋ ਪ੍ਰਮਾਤਮਾ ਦਾ ਮਾਰਗ ਵਿਖਾਉਂਦੀ ਹੈ। ਮਾਇਆ ਦੀ ਧੁੰਧ ਵਿਚ ਇਹ ਕੈਦ ਹੋ ਜਾਂਦੀ ਹੈ ਤੇ ਪ੍ਰਮਾਤਮਾ ਦੇ ਮਾਰਗ ਨੂੰ ਹਨੇਰਾ ਢੱਕ ਲੈਂਦਾ ਹੈ। ਪ੍ਰਮਾਤਮਾ ਵਿਖਾਈ ਨਹੀਂ ਦਿੰਦਾ, ਪ੍ਰਮਾਤਮਾ ਦਾ ਕੋਈ ਸਾਕਾਰ ਦਰਬਾਰ ਨਹੀਂ, ਜਿੱਥੇ ਦਾਤਾਂ ਵੰਡਿਆਂ ਜਾ ਰਹਿਆਂ ਹੋਣ, ਪ੍ਰਮਾਤਮਾ ਦਾ ਕਿਸੇ ਰਾਜ ਦੇ ਸੰਵਿਧਾਨ, ਵਿਧੀ ਵਿਵਸਥਾ ਵਿਚ ਕੋਈ ਦਖਲ ਨਹੀਂ, ਕੋਈ ਹੁਕਮ ਨਹੀਂ ਚੱਲਦਾ ਤਾਂ ਮਨੁੱਖ ਲਈ ਉਸ ਵੱਲ ਵੇਖਣ ਦੀ ਵੀ ਕੋਈ ਮਜਬੂਰੀ ਨਹੀਂ ਹੁੰਦੀ। ਪ੍ਰਮਾਤਮਾ ਵਿਸਰਦਾ ਜਾਂਦਾ ਹੈ। ਪ੍ਰਮਾਤਮਾ ਯਾਦ ਆਉਂਦਾ ਹੈ ਪਰ ਉਸ ਵੇਲੇ ਜਦੋਂ ਮਨੁੱਖ ਨੂੰ ਹਰ ਥਾਂ 'ਤੇ ਨਿਰਾਸ਼ਾ ਮਿਲੇ। ਜਿਸ ਤੋਂ ਵੀ ਉਹ ਆਸ ਰੱਖਦਾ ਹੋਵੇ, ਉਹ ਵਿਅਰਥ ਹੋ ਜਾਵੇ। ਧਰਮ ਪੁਰਖਾਂ, ਧਾਰਮਿਕ ਗ੍ਰੰਥਾਂ ਤੋਂ ਮਨੁੱਖ ਨੇ ਸੁਣਿਆ ਹੁੰਦਾ ਹੈ ਕਿ ਪ੍ਰਮਾਤਮਾ ਸਰਵ ਸਮਰੱਥ ਹੈ, ਦਿਆਲੂ ਦਾਤਾ ਹੈ। ਵਿਕਲਪ ਹੀ ਤੋਂ ਬਾਅਦ ਉਹ ਪ੍ਰਮਾਤਮਾ 'ਤੇ ਯਕੀਨ ਕਰਨਾ ਚਾਹੁੰਦਾ ਹੈ। ਚੁਫੇਰੇ ਨਿਰਾਸ਼ ਹੋਣ ਤੋਂ ਬਾਅਦ ਪ੍ਰਮਾਤਮਾ ਨੂੰ ਇੱਕ ਵਿਕਲਪ ਦੇ ਤੌਰ 'ਤੇ ਵੇਖਦਾ ਹੈ। ਮਾਇਆ ਵਿਚ ਰਮ ਕੇ ਪ੍ਰਮਾਤਮਾ ਨੂੰ ਵਿਸਾਰ ਦੇਣਾ, ਜਿੱਥੇ ਮਨੁੱਖ ਦੀ ਅਕ੍ਰਿਤਘਣਤਾ ਹੈ, ਵਿਕਲਪ ਵਜੋਂ ਪ੍ਰਮਾਤਮਾ ਨੂੰ ਵੇਖਣਾ ਵੀ ਅਕ੍ਰਿਤਘਣਤਾ ਹੈ। ਪ੍ਰਮਾਤਮਾ ਨੂੰ ਵਿਸਾਰ, ਮਾਇਆ ਵਿਚ ਲਿਪਤ ਹੋ ਜਾਣਾ ਅਗਿਆਨਤਾ ਹੈ। ਪ੍ਰਮਾਤਮਾ ਨੂੰ ਆਪਣੇ ਸੁੱਖ ਲਈ ਵਿਕਲਪ ਵਜੋਂ ਵੇਖਣਾ ਚਤੁਰਾਈ ਹੈ। ਗੁਰਮਤਿ ਵਿਚ ਨਾ ਤਾਂ ਅਗਿਆਨਤਾ ਪ੍ਰਵਾਨ ਹੈ, ਨਾ ਹੀ ਚਤੁਰਤਾ, ਸਿਆਣਪ। ਜੋ ਅਕ੍ਰਿਤਘਣ ਹੈ, ਉਹ ਭਾਰੀ ਦੁੱਖ ਭੋਗਦਾ ਹੈ "ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥" ਅਜਿਹਾ ਮਨੁੱਖ ਕਦੇ ਦੁੱਖਾਂ ਤੋਂ ਉਬਰ ਨਹੀਂ ਸਕਦਾ।

ਮਨੁੱਖ ਪ੍ਰਮਾਤਮਾ ਪ੍ਰਤੀ ਅਗਿਆਨੀ ਕਿਵੇਂ ਹੋ ਸਕਦਾ ਹੈ। ਪ੍ਰਮਾਤਮਾ ਉਸ ਦਾ ਜੀਵਨ ਦਾਤਾ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ "ਮਿਲਿ ਮਾਤ ਪਿਤਾ ਪਿੰਡੁ ਕਮਾਇਆ॥ ਤਿਨਿ ਕਰਤੈ ਲੇਖੁ ਲਿਖਾਇਆ॥" ਮਾਤਾ-ਪਿਤਾ ਦਾ ਸੰਜੋਗ ਪ੍ਰਮਾਤਮਾ ਹੀ ਬਣਾਉਂਦਾ ਹੈ, ਤਾਂ ਪਿੰਡ ਬਣਦਾ ਹੈ। ਪਿੰਡ ਵਿਚ ਪ੍ਰਾਣ ਪ੍ਰਮਾਤਮਾ ਹੀ ਪਾਉਂਦਾ ਹੈ, ਉਸ ਦਾ ਜੀਵਨ ਮਨੋਰਥ ਨਿਸ਼ਚਿਤ ਕਰਦਾ ਹੈ। ਉਸ ਮਨੋਰਥ ਦੀ ਪ੍ਰਾਪਤੀ ਲਈ ਸਮਰੱਥਾ ਵੀ ਪ੍ਰਮਾਤਮਾ ਹੀ ਦਿੰਦਾ ਹੈ "ਲਿਖੁ ਦਾਤਿ ਜੋਤਿ ਵਡਿਆਈ॥" ਪ੍ਰਮਾਤਮਾ ਦੀ ਬਖਸ਼ੀ ਸਮਰੱਥਾ ਹੀ ਮਨੁੱਖ ਨੂੰ ਜੀਵਨ ਯੋਗ ਬਣਾਉਂਦੀ ਹੈ। ਪਰ ਮਨੁੱਖ ਜਦੋਂ ਮਾਇਆ ਸੇ ਸੰਪਰਕ ਵਿਚ ਆਉਂਦਾ ਹੈ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਵਿਸਾਰ ਦਿੰਦਾ ਹੈ "ਮਿਲਿ ਮਾਇਆ ਸੁਰਤਿ ਗਵਾਈ॥" ਪ੍ਰਮਾਤਮਾ ਨੇ ਚੌਰਾਸੀ ਲੱਖ ਜੋਨਿਆਂ ਵਿਚ ਭਟਕ ਰਹੇ ਜੀਵ ਨੂੰ ਮਨੁੱਖੀ ਜੂਨ ਬਖਸ਼ੀ। ਇਹ ਸਭ ਤੋਂ ਵੱਡੀ ਦਾਤ ਹੈ। ਇਹ ਦਾਤ ਬਖਸ਼ੀ ਕਿ ਉਹ ਆਵਾਗਮਨ ਤੋਂ ਮੁਕਤ ਹੋ ਸਕੇ, ਜੋ ਜੀਵ ਦਾ ਸਭ ਤੋਂ ਵੱਡਾ ਦੁੱਖ ਹੈ, ਜਿਸ ਨੂੰ ਉਹ ਜਨਮਾਂ-ਜਨਮਾਂ ਤੋਂ ਭੋਗਦਾ ਆ ਰਿਹਾ ਹੈ। ਮਨੁੱਖੀ ਜੂਨ ਵਿਚ ਹੀ ਜੀਵਨ ਇਹ ਮਨੋਰਥ ਪ੍ਰਾਪਤ ਕਰ ਸਕਦਾ ਹੈ, ਕਿਸੇ ਹੋਰ ਜੂਨ ਵਿਚ ਰਹਿ ਕੇ ਇਹ ਸੰਭਵ ਨਹੀਂ ਹੁੰਦਾ। ਮਾਇਆ ਦੇ ਭਰਮ ਵਿਚ ਉਲਝ ਕੇ ਮਨੁੱਖ ਜੀਵਨ ਦਾ ਮਨੋਰਥ ਅਲਪ ਸੁੱਖਾਂ ਵਿਚ ਵੇਖਣ ਲੱਗਦਾ ਹੈ, ਜਿਵੇਂ ਧਨ ਕਮਾਉਣਾ, ਜਾਇਦਾਦ ਬਣਾਉਣਾ, ਭੋਗ ਵਿਲਾਸ ਕਰਨਾ, ਤਾਕਤ, ਰੁਤਬਾ ਕਾਇਮ ਕਰਨਾ ਆਦਿਕ-ਆਦਿਕ। ਉਸ ਨੂੰ ਯਾਦ ਹੀ ਨਹੀਂ ਰਹਿੰਦਾ, ਨਾ ਹੀ ਯਕੀਨ ਆਉਂਦਾ ਹੈ ਕਿ ਇਹ ਸਾਰੇ ਚੰਚਲ ਤੇ ਨਾਸ਼ਵਾਨ ਹਨ। ਸੰਸਾਰ ਅੰਦਰ ਇਹ ਹੁੰਦਿਆਂ ਵੇਖਦਾ ਵੀ ਹੈ ਪਰ ਭਰਮ ਵਿਚ ਰਹਿੰਦਾ ਹੈ ਕਿ ਉਹ ਸਿਆਣਾ ਹੈ, ਜੋ ਦੂਜਿਆਂ ਨਾਲ ਹੋਇਆ ਉਸ ਨਾਲ ਨਹੀਂ ਹੋਵੇਗਾ। ਉਹ ਗੁਰੂ ਦਾ ਅਟਲ ਵਚਨ ਭੁੱਲ ਜਾਂਦਾ ਹੈ ਕਿ "ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥" ਜਿਨ੍ਹਾਂ ਦਾ ਧਨ ਚਲਾ ਗਿਆ, ਕੁਲ ਡੁੱਬ ਹੋ ਗਿਆ, ਰਾਜ ਨਾਸ਼ ਹੋ ਗਿਆ, ਸਿਆਣੇ ਉਹ ਵੀ ਸਨ। ਪਰ ਸਿਆਣਪ ਅੱਜ ਤੱਕ ਕਿਸੇ ਦੀ ਨਹੀਂ ਚੱਲੀ। ਸਦੀਵੀ ਸੁੱਖ ਪ੍ਰਮਾਤਮਾ ਦੀ ਭਗਤੀ ਤੇ ਉਸ ਦੀ ਮਿਹਰ ਵਿਚ ਹੀ ਹੈ "ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥"

ਮਨੁੱਖ ਇੰਨਾ ਅਕ੍ਰਿਤਘਣ ਹੈ ਕਿ ਪ੍ਰਮਾਤਮਾ ਨੇ ਉਸ ਨੂੰ ਜੋ ਸਮਰੱਥਾ ਜੀਵਨ ਮੁਕਤ ਹੋਣ ਲਈ ਬਖਸ਼ੀ ਉਸ ਦੀ ਉਲਟ ਵਰਤੋਂ ਉਹ ਉਸ ਮੂਲ ਮਨੋਰਥ ਨੂੰ ਵਿਸਾਰ ਕੇ ਮਾਇਆ ਲਈ ਕਰ ਰਿਹਾ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੯੧੩ 'ਤੇ ਸੁਸ਼ੋਭਿਤ ਆਪਣੇ ਵਚਨ ਵਿਚ ਮਨੁੱਖ ਨੂੰ ਪ੍ਰੇਰਨਾ ਕੀਤੀ ਕਿ ਜਿਸ ਪ੍ਰਮਾਤਮਾ ਨੇ ਮਾਤਾ-ਪਿਤਾ ਦਿੱਤੇ, ਪਤਨੀ ਤੇ ਸੱਜਣ ਦਿੱਤੇ, ਉਸ ਨੂੰ ਸਿਮਰੇ "ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ॥" ਪ੍ਰਮਾਤਮਾ ਦਾ ਸਿਮਰਨ ਛੱਡ ਕੇ ਮਨੁੱਖ ਪਰਿਵਾਰ ਦੇ ਮੋਹ ਵਿਚ ਸਮਾਂ ਅਕਾਰਥ ਕਰ ਦਿੰਦਾ ਹੈ। ਪਰਿਵਾਰ ਦੇ ਮੋਹ ਵਿੱ ਮਨੁੱਖ ਪਾਪ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ ਤੇ ਆਪਣੇ ਆਪ ਨੂੰ ਪਰਿਵਾਰ ਦਾ ਕਰਤਾ, ਦਾਤਾ ਮੰਨ ਲੈਂਦਾ ਹੈ। ਇਸ ਭਰਮ ਵਿਚ ਉਹ ਸਾਰਾ ਜੀਵਨ ਲਗਾ ਦਿੰਦਾ ਹੈ। ਆਪਣੀ ਸਮਰੱਥਾ ਸੰਸਾਰਕ ਸੁੱਖਾਂ ਨੂੰ ਇਕੱਤਰ ਕਰਨ ਵਿਚ ਖਰਚ ਕਰ ਦਿੰਦਾ ਹੈ ਤੇ ਆਵਾਗਮਨ ਤੋਂ ਮੁਕਤ ਹੋਣ ਦਾ ਮਨੋਰਥ ਅਣਦੇਖਾ ਰਹਿ ਜਾਂਦਾ ਹੈ। ਸੰਸਾਰਕ ਪਦਾਰਥ, ਸੰਸਾਰਕ ਸਬੰਧ ਹੀ ਮੁੱਖ ਹੋ ਜਾਂਦੇ ਹਨ। ਇਸ ਜੀਵਨ ਦੀ ਚਿੰਤਾ ਨਹੀਂ ਰਹਿੰਦੀ, ਨਾ ਹੀ ਅਗਲੇ ਜੀਵਨ ਦੀ ਕੋਈ ਤਿਆਰੀ ਹੁੰਦੀ ਹੈ। ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਪ੍ਰਮਾਤਮਾ ਨੂੰ ਕਿਵੇਂ ਵਿਸਾਰਿਆ ਜਾ ਸਕਦਾ ਹੈ, ਜਿਸ ਨੇ ਸਦਾ ਵੱਗਣ ਵਾਲੇ ਅਨਮੋਲ ਪਵਨ ਦੀ ਦਾਤ ਦਿੱਤੀ ਹੈ, ਅਮੁੱਲ ਪਾਣੀ ਬਖਸ਼ਿਆ ਹੈ, ਅਗਨੀ ਦਿੱਤੀ ਹੈ। ਮਨੁੱਖ ਪਵਨ ਬਿਨਾ ਇੱਕ ਖਿਨ ਵੀ ਜੀਵਤ ਨਹੀਂ ਰਹਿ ਸਕਦਾ। ਉਹ ਪ੍ਰਮਾਤਮਾ ਦੇ ਬਖਸ਼ੇ ਪਵਨ ਵਿਚ ਸਵਾਸ ਲੈਂਦਾ ਹੈ, ਤਾਂ ਜੀਵਤ ਰਹਿੰਦਾ ਹੈ। ਉਸ ਦਾ ਸਵਾਸ ਸਵਾਸ ਪ੍ਰਮਾਤਮਾ ਦਾ ਰਿਣੀ ਹੈ, ਪਰ ਦਾਤਾ ਨੂੰ ਚੇਤੇ ਨਹੀਂ ਕਰਦਾ। ਪ੍ਰਮਾਤਮਾ ਜੇ ਥੋੜੇ ਸਮੇਂ ਲਈ ਵੀ ਪਵਨ ਦਾ ਵੱਗਣਾ ਰੋਕ ਦੇਵੇ, ਤਾਂ ਕੀ ਹੋਵੇਗਾ ਇਸ ਦੀ ਚਿੰਤਾ ਉਸ ਨੇ ਕਦੇ ਨਹੀਂ ਕੀਤੀ। ਕੋਈ ਬੇਮੁਖ ਹੈ ਜਾਂ ਸੰਨਮੁਖ ਹੈ, ਸਾਰਿਆਂ ਨੂੰ ਪ੍ਰਮਾਤਮਾ ਇੱਕੋ ਵਿਧੀ ਨਾਲ ਪਵਨ ਦੇਈ ਜਾ ਰਿਹਾ ਹੈ। ਇਵੇਂ ਹੀ ਜਲ ਹੈ, ਅਗਨੀ ਹੈ। ਮਨੁੱਖ ਵਰਤੋਂ ਕਰਦਾ ਹੈ ਪਰ ਪ੍ਰਮਾਤਮਾ ਦੀ ਦਾਤ ਮੰਨ ਕੇ ਉਸ ਦਾ ਸ਼ੁਕਰਗੁਜ਼ਾਰ ਨਹੀਂ ਹੁੰਦਾ, ਆਪਣਾ ਸੁਭਾਵਕ ਹੱਕ ਮੰਨ ਕੇ ਵਰਤਦਾ ਹੈ। ਇਹ ਉਸ ਦਾ ਢੀਠਪੁਣਾ ਹੈ। ਕਿਉਂਕਿ ਜਲ ਤੇ ਅਗਨੀ ਬਿਨਾ ਜੀਵਨ ਹੀ ਨਹੀਂ ਹੈ। ਉਹ ਜੀਵਨ ਜਿਉਂ ਰਿਹਾ ਹੈ ਪਰ ਜਿਉਣਾ ਸੰਭਵ ਬਣਾਉਣ ਵਾਲੇ ਪ੍ਰਤੀ ਭਾਵਨਾ ਤੋਂ ਸੱਖਣਾ ਹੈ। ਗੁਰੂ ਅਰਜਨ ਸਾਹਿਬ ਨੇ ਵਚਨ ਕੀਤਾ ਕਿ ਇਸ ਮਹਾਨ ਉਪਕਾਰ ਲਈ ਤਾਂ ਮਨੁੱਖ ਦਾ ਮਨ ਸਦਾ ਹੀ ਪ੍ਰਮਾਤਮਾ ਦੀ ਸ਼ਰਣ ਵਿਚ ਰਹਿਣਾ ਚਾਹੀਦੇ "ਤਿਸੁ ਠਾਕੁਰ ਕੀ ਰਹੁ ਮਨ ਸਰਨਾ॥" ਪ੍ਰਮਾਤਮਾ ਨੇ ਭਿੰਨ-ਭਿੰਨ ਪ੍ਰਕਾਰ ਦੇ ਅੰਨ ਪੈਦਾ ਕੀਤੇ ਹਨ, ਜਿਨ੍ਹਾਂ ਨਾਲ ਮਨੁੱਖ ਸੁਆਦਲੇ ਭੋਜਨ ਕਰਦਾ ਹੈ, ਭੋਜਨ ਖਾਨ ਤੇ ਪਚਾਉਣ ਲਈ ਪ੍ਰਮਾਤਮਾ ਨੇ ਮਨੁੱਖ ਦੇ ਅੰਦਰ ਸ੍ਰੇਸ਼ਟ ਪਾਚਨ ਤੰਤਰ ਬਣਾਇਆ ਹੈ। ਉਸ ਨੂੰ ਰਹਿਣ ਲਈ ਧਰਤੀ ਦਾ ਅਡੋਲ ਆਧਾਰ ਦਿੱਤਾ ਹੈ। ਇਸ ਨਾਲ ਜੀਵਨ ਸੁੱਖਮਈ ਤੇ ਸਹਿਜ ਹੋ ਗਿਆ ਹੈ। ਇੰਨਾ ਹੀ ਨਹੀਂ, ਪ੍ਰਮਾਤਮਾ ਨੇ ਵੇਖਣ ਲਈ ਨੇਤਰ, ਸੁਨਣ ਲਈ ਕੰਨ, ਕਾਰਜ ਕਰਨ ਲਈ ਹੱਥ, ਬੋਲਣ ਲਈ ਰਸਨਾ ਤੇ ਸੁਗੰਧ ਲਈ ਨੱਕ, ਚੱਲਣ ਲਈ ਪੈਰ ਦਿੱਤੇ ਹਨ। ਇਹ ਪ੍ਰਮਾਤਮਾ ਦੀ ਭਗਤੀ ਵਿਚ ਸਹਾਇਕ ਹੋਣ, ਭਗਤੀ ਨੂੰ ਸਹਿਜ ਬਣਾਉਣ ਲਈ ਹਨ। ਪਰ ਮਨੁੱਖ ਇਨ੍ਹਾਂ ਦੀ ਵੀ ਦੁਰਵਰਤੋਂ ਕਰ ਰਿਹਾ ਹੈ ਤੇ ਮਾਇਆ ਨੂੰ ਭੋਗਣ ਵਿਚ ਲਾ ਰਿਹਾ ਹੈ। ਪ੍ਰਮਾਤਮਾ ਨੇ ਮਨੁੱਖ ਨੂੰ ਸਿਰ ਦਿੱਤਾ ਹੈ, ਜਿਸ ਦੀ ਰਚਨਾ ਸਾਰੇ ਜੀਵਨ ਵਿਚੋਂ ਅਦਭੁੱਤ ਤੇ ਸਰਵਉੱਤਮ ਹੈ। ਮਨੁੱਖ ਸੋਚ ਵਿਚਾਰ ਕਰ ਸਕਦਾ ਹੈ, ਸਮਝ ਸਕਦਾ ਹੈ। ਇਹ ਸਮਰੱਥਾ ਕਿਸੇ ਹੋਰ ਜੀਵ ਵਿਚ ਨਹੀਂ ਹੈ। ਚੌਰਾਸੀ ਲੱਖ ਜੋਨੀਆਂ ਵਿਚ ਇਕੱਲਾ ਮਨੁੱਖ ਹੀ ਵਡਭਾਗੀ ਜੀਵ ਹੈ, ਜਿਸ 'ਤੇ ਪ੍ਰਮਾਤਮਾ ਦੀ ਵਿਸ਼ੇਸ਼ ਕਿਰਪਾ ਹੋਈ ਹੈ। ਉਸ ਨੂੰ ਤਾਂ ਪ੍ਰਮਾਤਮਾ ਦੇ ਚਰਨਾਂ ਦਾ ਦਾਸ ਬਣ ਜਾਣਾ ਚਾਹੀਦੇ "ਮਨ ਤਿਸੁ ਠਾਕੁਰ ਕੇ ਪੂਜਹੁ ਪੈਰਾ॥"

ਮਨੁੱਖ ਦਾ ਰੋਮ ਰੋਮ ਜਿਸ ਪ੍ਰਮਾਤਮਾ ਦਾ ਕਰਜ਼ਦਾਰ ਹੈ, ਉਸ ਨੂੰ ਧਿਆਉਣ ਤੋਂ ਇਲਾਵਾ ਉਸ ਕੋਲ ਹਰ ਕਾਰਜ ਲਈ ਸਮਾਂ ਹੈ। ਨਿਤਨੇਮ ਲਈ ਸਮਾਂ ਨਹੀਂ, ਸਾਧ-ਸੰਗਤ ਵਿਚ ਰੁਚੀ ਨਹੀਂ, ਆਵਾਗਮਨ ਦੇ ਫੇਰ ਤੋਂ ਮੁਕਤ ਹੋਣ ਲਈ ਕੋਈ ਜਤਨ ਨਹੀਂ। ਪ੍ਰਮਾਤਮਾ ਤੋਂ ਬੇਮੁਖ ਹੋ ਕੇ ਜੀਵਿਆ ਜੀਵਨ ਵਿਅਰਥ ਹੈ, ਇੱਕ ਪਲ ਵੀ ਲੇਖੇ ਨਹੀਂ ਲੱਗਦਾ।

ਤਿਸੁ ਸੇਵਤ ਮਨਿ ਆਲਸੁ ਕਰੈ॥
ਜਿਸੁ ਵਿਸਰਿਐ ਇਕ ਨਿਮਖ ਨ ਸਰੈ॥
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 913)**

ਪ੍ਰਮਾਤਮਾ ਦੇ ਸਿਮਰਨ ਬਿਨਾ ਇੱਕ ਪਲ ਦਾ ਵੀ ਜੀਵਨ ਜੇ ਵਿਅਰਥ ਹੈ, ਤਾਂ ਉਸ ਤੋਂ ਬੇਮੁਖ ਹੋ ਕੇ ਜਿਉਣਾ ਮ੍ਰਿਤਕ ਸਮਾਨ ਜੀਵਨ ਹੈ। ਉਹ ਹਰ ਕਾਰਜ ਵਿਅਰਥ ਹੈ, ਜੋ ਆਵਾਗਮਨ ਤੋਂ ਮੁਕਤ ਹੋਣ ਦੇ ਮਨੋਰਥ ਵਿਚ ਸਹਾਇਕ ਨਹੀਂ ਹੈ। ਉਹ ਭਗਤੀ ਨਹੀਂ ਕਿ ਨਿਤ ਗੁਰੂ ਘਰ ਵਿਚ ਜਾਣਾ ਹੋਵੇ ਪਰ ਆਪਣੀਆਂ ਮੰਗਾਂ ਦੀ ਪੂਰਤੀ ਲਈ, ਨਿਤਨੇਮ ਕੀਤਾ ਜਾਵੇ ਪਰ ਮਨੋਰਥ ਸੰਸਾਰਕ ਲੋੜਾਂ ਨਾਲ ਜੁੜਿਆ ਹੋਵੇ। ਗੁਰੂ ਨਾਨਕ ਸਾਹਿਬ ਨੇ ਕਿਹਾ ਸੁਆਰਥ ਦੇ ਤਹਿਤ ਕੀਤੀ ਗਈ ਭਗਤੀ ਪ੍ਰਮਾਤਮਾ ਨੂੰ ਪ੍ਰਵਾਨ ਨਹੀਂ ਹੁੰਦੀ "ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ॥" ਇਹ ਚਿਤਾਵਨੀ ਭਗਤੀ ਤੇ ਪਖੰਡ, ਭਗਤ ਤੇ ਕ੍ਰਿਤਘਣ ਵਿਚ ਸਾਫ਼-ਸਾਫ਼ ਫਰਕ ਕਰਦੀ ਹੈ। ਪ੍ਰਮਾਤਮਾ ਨੇ ਤਾਂ ਜੋ ਕੁੱਝ ਦੇ ਕੇ ਸੰਸਾਰ ਵਿਚ ਭੇਜਿਆ ਹੈ, ਉਹ ਹੀ ਅਨਮੋਲ ਹੈ। ਉਸ ਲਈ ਜੀਵਨ ਦਾ ਹਰ ਪਲ ਸ਼ੁਕਰਾਨਾ ਵੀ ਘੱਟ ਪੈ ਜਾਵੇਗਾ। ਪ੍ਰਮਾਤਮਾ ਦੀਆਂ ਬਖਸ਼ਿਸ਼ਾਂ ਦਾ ਰਿਣ ਤਾਂ ਤਿਲ ਮਾਤਰ ਵੀ ਨਹੀਂ ਉਤਾਰਿਆ ਜਾ ਸਕਦਾ "ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ॥" ਜਿਸ ਦੀ ਵਡਿਆਈ ਦਾ ਰੋਮ ਮਾਤਰ ਵੀ ਵਰਨਣ ਨਹੀਂ ਕੀਤਾ ਜਾ ਸਕਦਾ, ਬਸ ਦੀਨ ਬਣ ਕੇ ਹੀ ਉਸ ਦੀ ਸ਼ਰਣ ਦੀ ਬੇਨਤੀ ਹੀ ਕੀਤੀ ਜਾ ਸਕਦੀ ਹੈ। ਇਹ ਭਾਵਨਾ ਹੀ ਅਕ੍ਰਿਤਘਣ ਹੋਣ ਤੋਂ ਬਚਾ ਸਕਦੀ ਹੈ।

# ਆਓ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਦੀ ਗੱਲ ਕਰੀਏ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਹਰ ਸਾਲ ਸਾਡੇ ਸਾਰਿਆਂ ਵੱਲੋਂ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਵੱਡੇ-ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਸਰਕਾਰਾਂ ਵੱਲੋਂ ਆਪਣੇ ਤੌਰ 'ਤੇ ਪਹਿਲ ਕਰਦਿਆਂ ਪੰਜਾਬੀ ਮਾਂ ਬੋਲੀ ਨੂੰ ਤਰਜੀਹ ਦੇਣ ਦੇ ਲਈ ਸਮਾਗਮ ਕਰਨ ਤੋਂ ਇਲਾਵਾ ਖਰਚਾ ਕੀਤਾ ਜਾਂਦਾ ਹੈ। ਪੰਜਾਬੀ ਦੇ ਵੱਡੇ ਲਿਖਾਰੀਆਂ ਵੱਲੋਂ ਮਾਂ ਬੋਲੀ ਦਾ ਸਤਿਕਾਰ ਕਰਨ ਦੇ ਲਈ ਪੂਰੀ ਵਿਉਂਤਬੰਦੀ ਦੇ ਨਾਲ ਗੱਲਬਾਤ ਕੀਤੀ ਜਾਂਦੀ ਹੈ। ਕਹਿਣ ਤੋਂ ਭਾਵ ਪੰਜਾਬੀ ਮਾਂ ਬੋਲੀ ਨੂੰ ਆਪਣੇ ਹੀ ਪੰਜਾਬ ਦੇ ਵਿਚ ਜਿਉਂਦਾ ਰੱਖਣ ਦੇ ਲਈ ਵੱਡੀ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਇਹ ਜੱਦੋ-ਜਹਿਦ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੇ ਚਿੰਤਕ ਲੋਕ ਹਨ। ਇੱਥੇ ਜੇਕਰ ਮੈਂ ਇਹ ਵੀ ਕਹਿ ਦਿਆਂ ਕਿ ਪੰਜਾਬੀ ਮਾਂ ਬੋਲੀ ਆਪਣੇ ਹੀ ਵਿਹੜੇ ਦੇ ਵਿਚ ਪਿਛਲੇ ਲੰਬੇ ਸਮੇਂ ਤੋਂ ਬੇਗਾਨੀ ਹੋ ਰਹੀ ਹੈ। ਉਸ ਨੂੰ ਬਚਾਉਣ ਦੇ ਲਈ ਕੀਤੀ ਜਾ ਰਹੀ ਚਾਰਾਜੋਈ ਸ਼ਲਾਘਾਯੋਗ ਕਦਮ ਹੈ।

ਪਰ ਉਸ ਤੋਂ ਬਾਅਦ ਅਸੀਂ ਨਾਲ ਦੀ ਨਾਲ ਇਹ ਵੀ ਆਖਾਂਗੇ ਕਿ ਪੰਜਾਬੀ ਮਾਂ ਬੋਲੀ ਆਪਣੀ ਹੀ ਵੇਹੜੇ ਦੇ ਵਿਚ ਬੇਗਾਨੀ ਕਿਵੇਂ ਕਿਉਂ ਅਤੇ ਕਿਸ ਕਰਕੇ ਹੋਈ ਇਹ ਵੀ ਇੱਕ ਚਰਚਾ ਦਾ ਵਿਸ਼ਾ ਹੈ। ਜਦ ਸਰਕਾਰਾਂ ਅਤੇ ਸਾਡੇ ਸਾਰਿਆਂ ਵੱਲੋਂ ਹਰ ਸਾਲ ਪੰਜਾਬੀ ਮਾਂ ਬੋਲੀ ਨੂੰ ਬਚਾਉਣ ਦੇ ਲਈ ਵੱਡੇ ਉਪਰਾਲੇ ਕੀਤੇ ਜਾਂਦੇ ਹਨ, ਤਾਂ ਵੀ ਇੰਨਾ ਕੁਝ ਕਰਨ ਦੇ ਬਾਵਜੂਦ ਪੰਜਾਬੀ ਮਾਂ ਬੋਲੀ ਆਪਣੀ ਹੀ ਧਰਤੀ 'ਤੇ ਬੇਗਾਨੀ ਕਿਉਂ ਹੋ ਰਹੀ ਹੈ, ਇਹ ਇੱਕ ਵੱਖਰਾ ਤੇ ਅਹਿਮ ਵਿਸ਼ਾ ਹੈ ਕਿਉਂਕਿ ਪੰਜਾਬੀ ਮਾਂ ਦਾ ਕਦਰ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਪਰ ਇਸ ਮਾਮਲੇ ਵਿਚ ਅਸੀਂ ਕਿੱਥੇ ਕੁ ਖੜ੍ਹੇ ਹਾਂ, ਇਸ ਨੂੰ ਵੀ ਵੇਖਣ ਦੀ ਲੋੜ ਹੈ। ਭਾਵੇਂ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਟਾਹਰਾਂ, ਤਾਂ ਬਹੁਤ ਲੰਬੇ ਸਮੇਂ ਤੋਂ ਸਾਰਿਆਂ ਵੱਲੋਂ ਮਾਰੀਆਂ ਜਾਂਦੀਆਂ ਨੇ ਪਰ ਉਸ ਦਾ ਅਸਰ ਕਿੰਨਾ ਕੁ ਹੁੰਦਾ ਹੈ, ਇਸ 'ਤੇ ਵੀ ਚਰਚਾ ਕਰਨੀ ਬਣਦੀ ਹੈ।

ਵਿਦੇਸ਼ਾਂ ਅੰਦਰ ਵੀ ਪੰਜਾਬੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਦੇ ਲਈ ਸਾਡੇ ਸੱਜਣਾਂ ਵੱਲੋਂ ਢੇਰ ਸਾਰੇ ਉਪਰਾਲੇ ਕੀਤੇ ਜਾਂਦੇ ਨੇ, ਇਹ ਇੱਕ ਅਲੱਗ ਗੱਲ ਹੈ ਕਿ ਵਿਦੇਸ਼ਾਂ ਵਿਚ ਪੰਜਾਬੀ ਮਾਂ ਬੋਲੀ ਦਾ ਝੰਡਾ ਅੱਜ ਵੀ ਪੂਰੀ ਦੁਨੀਆਂ ਦੇ ਵਿਚ ਝੂਲਦਾ ਹੈ। ਇਸ ਦੇ ਲਈ ਵਿਦੇਸ਼ੀ ਸੱਜਣ ਵਧਾਈ ਦੇ ਹੱਕਦਾਰ ਜ਼ਰੂਰ ਹਨ। ਉਨ੍ਹਾਂ ਵੱਲੋਂ ਪੰਜਾਬ ਤੋਂ ਵੱਧ ਮਾਂ ਬੋਲੀ ਨੂੰ ਤਰਜੀਹ ਦੇ ਕੇ ਆਪਣੇ ਬੱਚਿਆਂ ਨੂੰ ਪੰਜਾਬੀ ਦੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਵੀ ਇੱਕ ਚੰਗੀ ਗੱਲ ਹੈ। ਇੱਥੋਂ ਦੇ ਗੁਰਦੁਆਰਾ ਸਾਹਿਬਾਨਾਂ ਦੇ ਅੰਦਰ ਵੀ ਪੰਜਾਬੀ ਮਾਂ ਬੋਲੀ ਦੀ ਕਦਰ ਕਰਨੀ ਆਮ ਗੱਲ ਹੈ। ਪਰ ਉਸ ਦੇ ਮੁਕਾਬਲੇ 'ਤੇ ਪੰਜਾਬ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਪੰਜਾਬੀ ਦੇ ਮਾਮਲੇ ਵਿਚ ਫਾਡੀ ਹਨ। ਇੱਥੇ ਇਹ ਤਾਂ ਗੱਲ ਸੋਚਣੀ ਬਣਦੀ ਹੈ ਕਿ ਪੰਜਾਬੀ ਨੂੰ ਤਰਜੀਹ ਦੇਣ ਵਿਚ ਘਾਟ ਕਿਸ ਕੋਲ ਹੈ।

ਵਿਦੇਸ਼ਾਂ ਅੰਦਰ ਭਾਵੇਂ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਬਹੁਤ ਪੰਜਾਬੀ ਕਾਨਫਰੰਸਾਂ ਕਰਕੇ ਪੰਜਾਬੀ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ ਪਰ ਇਸ ਦੀ ਚਰਚਾ ਵੀ ਅਸੀਂ ਅੱਜ ਇਸ ਲਈ ਕਰ ਰਹੇ ਹਾਂ ਕਿ ਉੱਥੇ ਵੀ ਸਾਰਾ ਕੁਝ ਸਹੀ ਨਹੀਂ ਹੁੰਦਾ। ਬੇਸ਼ੱਕ ਪੰਜਾਬੀ ਕਾਨਫਰੰਸਾਂ ਭਾਵੇਂ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਕੀਤੀਆਂ ਜਾਂਦੀਆਂ ਨੇ ਪਰ ਉੱਥੇ ਬਹੁਤ ਕੁਝ ਅਜਿਹਾ ਵਾਪਰ ਜਾਂਦਾ ਹੈ, ਜਿਸ ਨੂੰ ਅਸੀਂ ਸਹੀ ਨਹੀਂ ਕਹਿ ਸਕਦੇ, ਉੱਥੇ ਵੀ ਕਾਫੀ ਕੁਝ ਗਲਤ ਹੁੰਦਾ ਹੈ। ਇੱਥੇ ਇਹ ਸੱਜਣ ਚਾਹੁਣ ਤਾਂ ਬਹੁਤ ਕੁਝ ਕਰ ਸਕਦੇ ਹਨ ਪਰ ਚਾਹ ਕੇ ਵੀ ਪੰਜਾਬੀ ਮਾਂ ਬੋਲੀ ਦੀ ਕਦਰ ਇਨ੍ਹਾਂ ਲੋਕਾਂ ਕੋਲੋਂ ਨਹੀਂ ਹੋ ਰਹੀ। ਪਿਛਲੇ ਲੰਬੇ ਸਮੇਂ ਤੋਂ ਅਸੀਂ ਵੇਖ ਰਹੇ ਹਾਂ ਕਿ ਵਿਸ਼ਵ ਪੰਜਾਬੀ ਦੇ ਨਾਂ 'ਤੇ ਵੀ ਕਾਫੀ ਕੁਝ ਅਜਿਹਾ ਹੋ ਗਿਆ, ਜਿਸ ਨੇ ਸਾਡਾ ਸਿਰ ਨੀਵਾਂ ਕੀਤਾ ਸੀ।

ਉਸੇ ਤਰ੍ਹਾਂ ਪੰਜਾਬ ਅੰਦਰ ਬਹੁਤ ਸਾਰੇ ਸੱਜਣ ਅਜਿਹੇ ਹਨ, ਜੋ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਜਥੇਬੰਦੀਆਂ ਬਣਾ ਕੇ ਇਸ ਦਾ ਝੰਡਾ ਬੁਲੰਦ ਕਰਨ ਦੇ ਲਈ ਪਿਛਲੇ ਲੰਬੇ ਸਮੇਂ ਤੋਂ ਜੱਦੋ-ਜਹਿਦ ਕਰ ਰਹੇ ਹਨ। ਇਹ ਗੱਲ ਠੀਕ ਹੈ ਕਿ ਉਨ੍ਹਾਂ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਮਾਂ ਬੋਲੀ ਦਾ ਝੰਡਾ ਬੁਲੰਦ ਕਰਨ ਦੇ ਲਈ ਕੋਸ਼ਿਸ਼ਾਂ ਵਿਚ ਜੁਟੇ ਹਨ ਪਰ ਇਹ ਵੀ ਇੱਕ ਗੱਲ ਹੈ ਕਿ ਅਸਲ ਕਾਰਨ ਤੇ ਘਾਟ ਕਿੱਥੇ ਹੈ ਕਿ ਪੰਜਾਬੀ ਨੂੰ ਪੂਰੀ ਪ੍ਰਮੁੱਖਤਾ ਕਿਉਂ ਨਹੀਂ ਮਿਲ ਰਹੀ, ਨਾ ਹੀ ਸਰਕਾਰਾਂ ਆਪਣਾ ਜ਼ੋਰ ਲਗਾ ਰਹੀਆਂ ਹਨ ਪਰ ਘਾਟ ਕਿੱਥੇ ਹੈ, ਇਹ ਵੀ ਸੋਚਣ ਦਾ ਵਿਸ਼ਾ ਹੈ। ਕਹਿਣ ਨੂੰ ਤਾਂ ਪੰਜਾਬੀ ਮਾਂ ਬੋਲੀ ਸਾਡੀ ਮਾਤ ਭਾਸ਼ਾ ਹੈ ਪਰ ਇਸ ਨੂੰ ਸਤਿਕਾਰ ਕਿੰਨਾ ਕੁ ਦਿੱਤਾ ਜਾ ਰਿਹਾ ਹੈ। ਇਹ ਸਾਡੇ ਘਰਾਂ ਅਤੇ ਦਫਤਰਾਂ ਤੋਂ ਪਤਾ ਲੱਗ ਜਾਂਦਾ ਹੈ। ਸਾਡੇ ਘਰਾਂ ਵਿਚ ਲੋਕ ਹਿੰਦੀ ਬੋਲਣ ਨੂੰ ਤਰਜੀਹ ਦੇਣ ਲੱਗੇ ਹਨ, ਇਹ ਵੀ ਬਦਕਿਸਮਤੀ ਹੈ, ਜੋ ਗਲਤ ਹੈ।

ਸਰਕਾਰ ਵੱਲੋਂ ਪਿਛਲੇ ਸਮੇਂ ਤੋਂ ਆਖਿਆ ਗਿਆ ਹੈ ਕਿ ਸਰਕਾਰੀ ਦਫਤਰਾਂ ਵਿਚ ਪੰਜਾਬੀ ਲਾਗੂ ਕਰ ਦਿਆਂਗੇ, ਕੋਈ ਵੀ ਅਫਸਰ ਪੰਜਾਬੀ ਦੇ ਵਿਚ ਗੱਲ ਕਰਨ ਤੋਂ ਝਿਜਕੇ ਨਾ। ਪਰ ਨਹੀਂ, ਬਿਲਕੁਲ ਇਸ ਦੇ ਉਲਟ ਜੇਕਰ ਅਸੀਂ ਅੱਜ ਵੀ ਵੇਖਦੇ ਹਾਂ, ਤਾਂ ਸਰਕਾਰੀ ਦਫਤਰਾਂ ਦੇ ਵਿਚ ਪੰਜਾਬੀ ਹੈ ਹੀ ਕਿੱਥੇ, ਸਾਰੇ ਅਫਸਰ ਹਿੰਦੀ ਅਤੇ ਅੰਗਰੇਜ਼ੀ ਵਿਚ ਗੱਲ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਪੰਜਾਬੀ ਮਾਂ ਬੋਲੀ ਦਾ ਭੱਠਾ ਗੁਲ ਕੀਤਾ ਜਾ ਰਿਹਾ ਹੈ। ਜੇਕਰ ਪੰਜਾਬ ਦੇ ਸਰਕਾਰੀ ਦਫਤਰਾਂ ਵਿਚ ਜਾਓ, ਤਾਂ ਬਹੁਤ ਸਾਰੇ ਮੁਲਾਜ਼ਮ ਤੇ ਅਫਸਰ ਤੁਹਾਨੂੰ ਅਜਿਹੇ ਮਿਲ ਜਾਣਗੇ, ਜੋ ਹਿੰਦੀ ਵਿਚ ਗੱਲ ਕਰਦੇ ਹਨ। ਉਸ ਤੋਂ ਅੱਗੇ ਜਾਂਦਿਆਂ ਜਿਹੜੇ ਸੀਨੀਅਰ ਅਫਸਰ ਹਨ, ਉਹ ਅੰਗਰੇਜ਼ੀ ਵਿਚ ਗੱਲ ਕਰਨ ਨੂੰ ਆਪਣਾ ਸਟੇਟਸ ਸਿੰਬਲ ਸਮਝਦੇ ਹਨ। ਕਹਿਣ ਤੋਂ ਭਾਵ ਚਾਰੇ ਪਾਸੇ ਰੋਲ ਘਚੋਲਾ ਹੈ, ਕੋਈ ਵੀ ਪੰਜਾਬੀ ਮਾਂ ਬੋਲੀ ਦੀ ਕਦਰ ਨਹੀਂ ਕਰਦਾ, ਉਨ੍ਹਾਂ ਸੱਜਣਾਂ ਦੀ ਸਿਫਤ ਕਰਨੀ ਬਣਦੀ ਹੈ, ਜਿਹੜੇ ਅਸਲ ਪੰਜਾਬੀ ਦੀ ਦਿਲੋਂ ਕਦਰ ਕਰਦੇ ਹਨ।




# ਹੋਲੀ ਭਾਰਤ ਦੇ ਸਭ ਤੋਂ ਰੰਗੀਲੇ ਅਤੇ ਖੁਸ਼ੀਆਂ ਭਰੇ ਤਿਉਹਾਰਾਂ ਵਿਚੋਂ ਇੱਕ ਹੈ

-ਗੁਰਭਿੰਦਰ ਗੁਰੀ
ਪੰਜਾਬ ਮੇਲ USA



ਹੋਲੀ ਭਾਰਤ ਦੇ ਸਭ ਤੋਂ ਰੰਗੀਲੇ ਅਤੇ ਖੁਸ਼ੀਆਂ ਭਰੇ ਤਿਉਹਾਰਾਂ ਵਿਚੋਂ ਇੱਕ ਹੈ। ਇਹ ਸਿਰਫ਼ ਰੰਗਾਂ ਨਾਲ ਖੇਡਣ ਦਾ ਦਿਨ ਨਹੀਂ, ਸਗੋਂ ਦਿਲਾਂ ਨੂੰ ਜੋੜਨ, ਗਿਲੇ-ਸ਼ਿਕਵੇ ਭੁਲਾਉਣ ਅਤੇ ਪਿਆਰ ਦੀ ਨਵੀਂ ਸ਼ੁਰੂਆਤ ਕਰਨ ਦਾ ਪਾਵਨ ਮੌਕਾ ਹੈ। ਜਦੋਂ ਗਲੀਆਂ ਵਿਚ ਬੱਚਿਆਂ ਦੀਆਂ ਖਿੜਖਿੜਾਹਟਾਂ ਗੂੰਜਦੀਆਂ ਹਨ, ਜਵਾਨ ਢੋਲ ਦੀ ਧੁਨ 'ਤੇ ਨੱਚਦੇ ਹਨ ਅਤੇ ਵੱਡੇ ਆਪਸੀ ਮਿਲਾਪ ਨਾਲ ਇੱਕ-ਦੂਜੇ ਨੂੰ ਗਲੇ ਲਗਾਉਂਦੇ ਹਨ, ਤਾਂ ਲੱਗਦਾ ਹੈ, ਜਿਵੇਂ ਸਮਾਜ ਵਿਚ ਨਵੀਂ ਰੌਣਕ ਆ ਗਈ ਹੋਵੇ।

ਹੋਲੀ ਦੀ ਪਿਛੋਕੜ ਸਾਡੀ ਪੁਰਾਤਨ ਕਥਾ ਨਾਲ ਜੁੜੀ ਹੋਈ ਹੈ। ਪ੍ਰਹਲਾਦ ਅਤੇ ਹੋਲਿਕਾ ਦੀ ਕਹਾਣੀ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਸੱਚ ਅਤੇ ਭਗਤੀ ਦੀ ਹਮੇਸ਼ਾ ਜਿੱਤ ਹੁੰਦੀ ਹੈ। ਬੁਰਾਈ ਦੀ ਅੱਗ ਵਿਚ ਵੀ ਸੱਚਾਈ ਅਮਰ ਰਹਿੰਦੀ ਹੈ। ਇਸ ਲਈ ਹੋਲੀ ਸਿਰਫ਼ ਰੰਗਾਂ ਦੀ ਖੁਸ਼ੀ ਨਹੀਂ, ਸਗੋਂ ਧਰਮ ਅਤੇ ਨੈਤਿਕਤਾ ਦੀ ਜਿੱਤ ਦਾ ਪ੍ਰਤੀਕ ਵੀ ਹੈ।

ਪੰਜਾਬ ਵਿਚ ਵੀ ਹੋਲੀ ਵੱਡੇ ਚਾਉ ਨਾਲ ਮਨਾਈ ਜਾਂਦੀ ਹੈ। ਪਿੰਡਾਂ ਤੋਂ ਸ਼ਹਿਰਾਂ ਤੱਕ ਹਰ ਥਾਂ ਰੰਗਾਂ ਦੀ ਬਹਾਰ ਦਿਖਾਈ ਦਿੰਦੀ ਹੈ। ਦੋਸਤ-ਮਿੱਤਰ ਇਕੱਠੇ ਹੋ ਕੇ ਗੁਲਾਲ ਲਗਾਉਂਦੇ ਹਨ, ਮਿਠਾਈਆਂ ਵੰਡਦੇ ਹਨ ਅਤੇ ਖੁਸ਼ੀਆਂ ਸਾਂਝੀਆਂ ਕਰਦੇ ਹਨ। ਇਹ ਤਿਉਹਾਰ ਸਮਾਜਿਕ ਏਕਤਾ ਦਾ ਪ੍ਰਤੀਕ ਹੈ - ਇਥੇ ਨਾ ਕੋਈ ਵੱਡਾ ਨਾ ਕੋਈ ਛੋਟਾ, ਸਾਰੇ ਇੱਕੋ ਰੰਗ ਵਿਚ ਰੰਗੇ ਹੋਏ ਦਿਖਾਈ ਦਿੰਦੇ ਹਨ।

ਅੱਜ ਦੇ ਦੌਰ ਵਿਚ ਜਦੋਂ ਮਨੁੱਖਤਾ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਹੋਲੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਨਫ਼ਰਤਾਂ ਨੂੰ ਦੂਰ ਕਰਕੇ ਪਿਆਰ ਦੇ ਰੰਗ ਨਾਲ ਹੀ ਅਸਲੀ ਖੁਸ਼ੀ ਮਿਲ ਸਕਦੀ ਹੈ। ਲੋੜ ਹੈ ਕਿ ਅਸੀਂ ਇਹ ਰੰਗ ਸਿਰਫ਼ ਇੱਕ ਦਿਨ ਲਈ ਨਾ ਵਰਤੀਆਂ, ਸਗੋਂ ਆਪਣੀ ਸੋਚ ਅਤੇ ਵਰਤਾਰੇ ਵਿਚ ਵੀ ਵਸਾਈਏ।

ਆਓ, ਇਸ ਹੋਲੀ 'ਤੇ ਵਾਅਦਾ ਕਰੀਏ ਕਿ ਅਸੀਂ ਰੰਗਾਂ ਦੀ ਤਰ੍ਹਾਂ ਆਪਣੀ ਜ਼ਿੰਦਗੀ ਨੂੰ ਵੀ ਰੰਗੀਨ ਬਣਾਵਾਂਗੇ- ਪਿਆਰ, ਸਤਿਕਾਰ ਅਤੇ ਭਾਈਚਾਰੇ ਨਾਲ।

ਹੋਲੀ ਦਾ ਅਸਲੀ ਰੰਗ ਉਹ ਹੈ, ਜੋ ਦਿਲਾਂ 'ਚ ਵੱਸ ਜਾਵੇ ਅਤੇ ਕਦੇ ਨਾ ਉਤਰੇ।





## ਹੋਲੀ

ਉੱਡਿਆ ਗੁਲਾਲ ਯਾਰੋ, ਫ਼ਿਜ਼ਾ ਮੁਸਕੁਰਾਈ ਹੈ,
ਪਿਆਰ ਦੀ ਰੁੱਤ ਅੱਜ, ਬਰੂਹਾਂ ਉੱਤੇ ਆਈ ਹੈ।

ਚੜ੍ਹਿਆ ਰੰਗ ਕੇਸਰੀ, ਤਿਆਗ ਤੇ ਇਬਾਦਤ ਦਾ,
ਸੂਰਜ ਦੀ ਕਿਰਨ ਕੋਈ ਜਿਉਂ ਅੰਬਰ 'ਤੇ ਛਾਈ ਹੈ।

ਨੀਲਾ ਰੰਗ ਅੰਬਰ ਦਾ, ਪਾਵੇ ਇਸ਼ਕ ਦੀ ਬਾਤ ਨੂੰ
ਸ਼ਾਂਤੀ ਦੀ ਲਹਿਰ ਅੱਜ, ਮਨ ਦੇ ਵਿਚ ਸਮਾਈ ਹੈ।

ਲਾਵੇ ਕੋਈ ਰੰਗ ਹਰਾ, ਪੀਲਾ ਜਾਂ ਫ਼ਿਰ ਗੁਲਾਬੀ,
ਦਿਲਾਂ ਦੀ ਦੂਰੀ ਯਾਰੋ ਅੱਜ ਰੰਗਾਂ ਨੇ ਮਿਟਾਈ ਹੈ।

ਹਵਾ ਵਿਚ ਘੁਲੀ ਯਾਰੋ ਮਹਿਕ ਸਾਰੀ ਫੁੱਲਾਂ ਦੀ,
ਖ਼ੁਸ਼ੀ ਦੀ ਮਹਿਕ ਅਨੋਖੀ ਕੁਦਰਤ ਨੇ ਖਿਡਾਈ ਹੈ।

ਤੇਰ ਮੇਰ ਕੀ ਕਰਨੀ ਯਾਰੋ, ਕੀ ਲਿਜਾਣਾ ਹੈ ਏਥੋਂ,
ਭੁਲਾ ਦਿਓ ਗਿੱਲੇ ਸ਼ਿਕਵੇ, ਜੋ ਵੀ ਤੁਹਾਡੀ ਲੜਾਈ ਹੈ।

ਕੁਦਰਤੀ ਰੰਗਾਂ ਨਾਲ ਖੇਡੀਏ, ਰੰਗਦਾਰ ਹੋਲੀ ਨੂੰ,
ਹੋਲੀ ਨੇ ਮਨਦੀਪ ਨੂੰ ਵੀ ਖ਼ੂਬ ਮਸਤੀ ਚੜ੍ਹਾਈ ਹੈ।



ਮਨਦੀਪ ਗਿੱਲ ਧੜਾਕ
99881-11134
ਪੰਜਾਬ ਮੇਲUSA

## ਔਰਤ

ਦੁਨੀਆਂ ਦੀ ਰੁਲਾਈ ਹੋਈ, ਜ਼ਾਲਮਾਂ ਦੀ ਸਤਾਈ ਹੋਈ
ਮੈਂ ਇੱਕ ਔਰਤ ਹਾਂ

ਅੱਗ 'ਚ ਲਿਪਟੀ ਹੋਈ, ਗ਼ਮਾਂ 'ਚ ਸਿਮਟੀ ਹੋਈ
ਮੈਂ ਇੱਕ ਔਰਤ ਹਾਂ

ਚਾਰਦੀਵਾਰੀ 'ਚ ਸਜਾਈ ਹੋਈ, ਨਜ਼ਰਾਂ ਤੋਂ ਗਿਰਾਈ ਹੋਈ
ਮੈਂ ਇੱਕ ਔਰਤ ਹਾਂ

ਇਲਜ਼ਾਮਾਂ ਦੀ ਮਾਰੀ ਹੋਈ, ਆਪਣਿਆਂ ਤੋਂ ਹਾਰੀ ਹੋਈ
ਮੈਂ ਇੱਕ ਔਰਤ ਹਾਂ

ਸ਼ਿਕਾਰੀਆਂ ਦਾ ਸ਼ਿਕਾਰ ਹੋਈ, ਅਪਣਾ ਕੇ ਨਕਾਰ ਹੋਈ
ਮੈਂ ਇੱਕ ਔਰਤ ਹਾਂ

ਰਾਖਸ਼ਾਂ ਧੱਕੇ ਚੜ੍ਹੀ ਹੋਈ, ਚੌਰਾਹੇ 'ਤੇ ਖੜ੍ਹੀ ਹੋਈ
ਮੈਂ ਇੱਕ ਔਰਤ ਹਾਂ

ਲੁਟੇਰਿਆਂ ਦੀ ਲੁੱਟੀ ਹੋਈ, ਤੋੜੀ, ਮਾਰੀ-ਕੁੱਟੀ ਹੋਈ
ਮੈਂ ਇੱਕ ਔਰਤ ਹਾਂ, ਹਾਂ, ਮੈਂ ਇੱਕ ਔਰਤ ਹਾਂ।



-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211
ਪੰਜਾਬ ਮੇਲUSA

## ਹਾਏ ਪੰਜਾਬ !

ਭੈੜੀਆਂ ਨਜ਼ਰਾਂ ਹੈ ਖਾ ਲਿਆ ਪੰਜਾਬ।
ਨਸ਼ੇ ਵਿਚ ਮਦਹੋਸ਼ ਹੈ ਗੱਭਰੂ ਜਨਾਬ।
ਅੱਧਖਿੜੀਆਂ ਕਲੀਆਂ ਸਣੇ ਗੁਲਾਬ।
ਪਰ ਨੇਤਾ ਹਾਕਮ ਹੈ ਲੈ ਰਹੇ ਖ਼ੁਆਬ।

ਧਰਮਾਂ ਵਾਲਿਆਂ ਹੈ ਖ਼ੂਬ ਧੰਧੇ ਚਲਾਏ।
ਬਣਾਏ ਥਾਂ-ਥਾਂ ਹੈ ਡੇਰੇ ਲੋਕੀਂ ਫਸਾਏ।
ਸੰਤ ਬਾਬੇ ਸਰਕਾਰੀ ਦਲਾਲਾਂ ਦੇ ਜਾਏ।
ਡਰਾਵਾ ਕਾਨੂੰਨ ਦਾ ਦੇ ਕੇ ਹੈ ਡਰਾਏ।

ਭੋਲ਼ੇ ਲੋਕਾਂ ਦਾ ਕੀਤਾ ਹੈ ਬੇੜਾ ਗਰਕ।
ਤੱਕਦੇ ਛੋਟੇ ਬੜੇ ਨੂੰ ਹੈ ਅੱਖ 'ਚ ਫਰਕ।
ਖ਼ੁਦ ਅਮੀਰ, ਗਰੀਬਾਂ ਪੱਲੇ ਹੈ ਨਰਕ।
ਝੂਠੇ ਆਸ਼ਰਮਾਂ 'ਚ ਭੋਰਦੇ ਹੈ ਠਰਕ।

ਆਲਮ ਖੁਦਕੁਸ਼ੀਆਂ ਦਾ ਚਾਰੇ ਪਾਸੇ।
ਜੋਕਾਂ ਪੀ ਰਹੀਆਂ ਖ਼ੂਨ ਭਰ ਭਰ ਕਾਸੇ।
ਮੁਰਝਾਏ ਨੇ ਚੇਹਰੇ ਮਾਤਮ ਚਾਰੇ ਪਾਸੇ।
ਮਾਰੇ ਮਾਰੇ ਘੁੰਮ ਰਹੇ ਨੇ ਮਾਪੇ ਉਦਾਸੇ।

ਸਿਤਮ ਉੱਤੋਂ ਡਾਢੇ ਰਹਿਬਰਾਂ ਨੇ ਢਾਹੇ।
ਵਰਸਦੀਆਂ ਡਾਂਗਾਂ ਨਿੱਤ ਹਰ ਚੁਰਾਹੇ।
ਅਨਪੜ੍ਹਤਾ ਮਹਿੰਗਾਈ ਟੰਗੇ ਨੇ ਫਾਹੇ।
ਬੇਰੁਜ਼ਗਾਰੀ ਮੰਦੀ ਆਣ ਕਹਿਰ ਢਾਹੇ।

ਕਿੱਦਾਂ ਦੀ ਰੁੱਤ ਹਾਏ ਮੇਰੇ ਦਾਤਾ ਆਈ ?
ਨਸ਼ਿਆਂ ਦੇ ਦਰਿਆ ਉਦਾਸੀ ਲਿਆਈ।
ਗੱਭਰੂਆਂ ਨੂੰ ਚੁੱਕ ਹੈ ਬਦੇਸ਼ੀਂ ਲਿਆਈ।
ਉਂਝ ਚੁਫ਼ੇਰੇ ਦਿਸੇ ਬਰਬਾਦੀ ਹੈ ਛਾਈ।



-ਸੇਵਾ ਸਿੰਘ "ਨੂਰਪੁਰੀ"
ਪੰਜਾਬ ਮੇਲUSA


## ਗੀਤ

ਗ਼ਫਲਤ ਨੀਂਦੇ ਸੁੱਤਿਓ,
ਥੋਡੇ ਸਿਰ ਸਿਵਿਆਂ ਦੀ ਲਾਟ
ਜੇ ਅਜੇ ਨਾ ਜਾਗੇ ਹੀਰਿਓ
ਤਾਂ ਹੋ ਜਾਉਗੇ ਰਾਖ
ਮੁੱਢੋਂ ਅਲਖ ਮੁਕਾਉਣ ਲਈ
ਰਲ਼ਗੇ ਮੁਨਸਫ਼ ਤੇ ਜੱਲਾਦ ?.....
ਕਿਉਂ ਨੀਂ ਤੁਹਾਨੂੰ ਦਿਸਦਾ
ਤਿਲ ਤਿਲ ਮੁੱਕ ਰਿਹਾ ਪੰਜਾਬ

ਪਹਿਲਾਂ ਅੱਤਵਾਦੀ ਆਖ
ਦਿੱਤੇ ਚੁਣ ਚੁਣ ਗੱਭਰੂ ਮਾਰ
ਫਿਰ ਛੱਟਾ ਦੇ ਕੇ ਨਕਲ ਦਾ
ਕਰਤੇ ਅਕਲਾਂ ਤੋਂ ਲਾਚਾਰ
ਜ਼ਰਾ ਸੋਚੋ ਕਾਹਤੋਂ ਸ਼ੂਕਦਾ
ਇਹ ਨਸ਼ਿਆਂ ਵਾਲ਼ਾ ਨਾਗ...
ਕਿਉਂ ਨੀਂ ਤੁਹਾਨੂੰ ਦਿਸਦਾ
ਤਿਲ ਤਿਲ ਮੁੱਕ ਰਿਹਾ ਪੰਜਾਬ

ਕੀ ਦਿੱਤਾ ਹਰੀ ਕ੍ਰਾਂਤੀ
ਬਹਿ ਕਰਿਓ ਸੋਚ ਵਿਚਾਰ
ਸਿਹਤਾਂ ਸੁਪਨਾ ਹੋ ਗਈਆਂ
ਘਰ ਘਰ ਪਏ ਬਿਮਾਰ
ਭੌਂ ਸਪਰੇਆਂ ਖਾ ਲਈ
ਤੇ ਜ਼ਹਿਰੀ ਹੋਗੇ ਆਬ.....
ਕਿਉਂ ਨੀਂ ਤੁਹਾਨੂੰ ਦਿੱਸਦਾ
ਤਿਲ ਤਿਲ ਮੁੱਕ ਰਿਹਾ ਪੰਜਾਬ

ਮੂੰਹ ਮਿਹਨਤ ਕੋਲ਼ੋਂ ਮੋੜਕੇ
ਭਾਲੋ ਪੈਨਸ਼ਨ, ਆਟਾ ਦਾਲ਼
ਨਾ ਸਿਹਤ ਬਚੀ ਨਾ ਸਿੱਖਿਆ
ਕਿਹੜੀ ਰਹੇ ਤਰੱਕੀ ਭਾਲ਼
ਅਣਖ ਖ਼ੈਰਾਤਾਂ ਖਾ ਲਈ,
ਨਾ ਹੱਕ ਲਈ ਉੱਠੇ ਅਵਾਜ਼.....
ਕਿਉਂ ਨੀਂ ਤੁਹਾਨੂੰ ਦਿੱਸਦਾ
ਤਿਲ ਤਿਲ ਮੁੱਕ ਰਿਹਾ ਪੰਜਾਬ



-ਪ੍ਰੋ. ਗੀਤਾ (ਗੁਰਲੀਨ ਕੌਰ)
ਬੋੜਾਵਾਲ ਕਾਲਜ ਮਾਨਸਾ
ਪੰਜਾਬ ਮੇਲUSA

## ਹੋਰਾਂ ਦੀਆਂ ਹੋਲੀਆਂ - ਖਾਲਸੇ ਦਾ ਹੋਲਾ



ਹੋਰਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਏ।
ਨਾਮ ਵਿਚ ਖਾਲਸੇ ਦਾ ਰੰਗ ਰੱਤਾ ਚੋਲਾ ਏ।

ਹਰਣਾਕ਼ਸ ਨੂੰ ਮਾਰ ਪੈਜ ਰੱਖੀ ਪ੍ਰਹਿਲਾਦ ਦੀ
ਹੋਲਕਾਂ ਨੂੰ ਸਾੜ ਰੱਬ ਰੱਖੀ ਉਹਦੀ ਲਾਜ ਸੀ
ਹੋਲਕਾ ਦਹਿਨ ਵੇਲੇ ਰੰਗ ਲੋਕੀਂ ਪਾਉਂਦੇ ਸੀ।
ਇੱਕ ਦੂਜੇ ਉੱਤੇ ਸੁੱਟ ਚਿੱਕੜ ਮਨਾਉਂਦੇ ਸੀ।

ਧੰਨ ਦਸਮੇਸ਼ ਪਿਤਾ ਕਲਗੀਆਂ ਵਾਲੇ ਨੇ
ਜੱਗ ਨਾਲੋਂ ਕੀਤੇ ਸਾਰੇ ਚੋਜ਼ ਹੀ ਨਿਰਾਲੇ ਨੇ
ਹੋਲੀ ਦੀ ਥਾਂ ਹੋਲਾ ਉਨ੍ਹਾਂ ਖੇਡਣਾ ਸਿਖਾਇਆ ਏ।
ਸਸਤਰਾਂ ਦਾ ਉਨ੍ਹਾਂ ਅਭਿਆਸ ਇਉਂ ਕਰਾਇਆ ਏ।

ਦੋ ਟੀਮਾਂ ਸਿੰਘਾਂ ਦੀਆਂ ਗੁਰੂ ਜੀ ਬਣਾਉਂਦੇ ਸੀ
ਇੱਕ ਦੂਜੀ ਨਾਲ ਉਹ ਮੁਕਾਬਲਾ ਕਰਾਉਂਦੇ ਸੀ
ਟੀਮ ਜਿਹੜੀ ਜਿੱਤ ਜਾਂਦੀ ਵੰਡਦੇ ਇਨਾਮ ਸੀ।
ਅਨੰਦਪੁਰ ਸਾਹਿਬ 'ਚ ਇਹ ਹੁੰਦਾ ਸੰਗਰਾਮ ਸੀ।

ਅੱਜ ਵੀ ਨਿਹੰਗ ਸਿੰਘ ਕੱਢਦੇ ਮੁਹੱਲਾ ਨੇ
ਗੱਤਕੇ ਦੇ ਜੌਹਰ ਵਿਖਾਉਂਦੇ ਫੜ ਭੱਲਾ ਨੇ
ਤੇਗ਼ਾਂ ਅਤੇ ਚੱਕਰਾਂ ਦੇ ਪੈਂਦੇ ਲਿਸ਼ਕਾਰੇ ਨੇ।
ਬੋਲੇ ਸੋ ਨਿਹਾਲ ਵਾਲੇ ਗੂੰਜਦੇ ਜੈਕਾਰੇ ਨੇ।

ਬੀਰ-ਰਸੀ ਵਾਰਾਂ ਆਕੇ ਢਾਡੀ ਸਾਰੇ ਗਾਉਂਦੇ ਨੇ
ਢੋਲ ਮਰਦੰਗ ਤੇ ਨਗਾਰੇ ਗੂੰਜਾਂ ਪਾਉਂਦੇ ਨੇ
ਹਾਥੀ ਅਤੇ ਘੋੜੇ ਵੀ ਸਜਾ ਕੇ ਪੂਰੇ ਲਿਆਂਦੇ ਨੇ।
ਰਾਗੀ ਸਿੰਘ ਬਾਣੀ ਬਾਬੇ ਨਾਨਕ ਦੀ ਗਾਉਂਦੇ ਨੇ।

ਅਨੰਦਪੁਰ ਸਾਹਿਬ ਲੱਖਾਂ ਆਉਂਦੀਆਂ ਨੇ ਸੰਗਤਾਂ
ਸ਼ਰਧਾ ਦੇ ਨਾਲ ਆ ਮਨਾਉਂਦੀਆਂ ਨੇ ਸੰਗਤਾਂ
"ਗਿੱਲ ਮਲਕੀਤ" ਸਦਾ ਜਾਂਦਾ ਬਲਿਹਾਰ ਹੈ।
ਚੜ੍ਹਦੀ ਕਲਾ ਦਾ ਪ੍ਰਤੀਕ ਇਹ ਤਿਉਹਾਰ ਹੈ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 7986528225
94174-90943
ਪੰਜਾਬ ਮੇਲUSA

# PUNJAB MAIL USA

TV Channel, Newspaper, Radio

24 Hours 7 Days




## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**